ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਦਸਮੇਸ਼-ਜਨਮ-ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ

JAN 1992



ਜਨਵਰੀ ੧੯੯੨

ਅਖੰਡ ਕੀਰਤਨੀ ਜਥਿਆਂ ਵਲੋਂ ਦਸਮੇਸ਼-ਪ੍ਰਕਾਸ਼-ਉਤਸ਼ਵ ਲੁਧਿਆਣਾ ਵਿਖੇ ੧੦ ਤੋਂ ੧੩ ਜਨਵਰੀ ਸਵੇਰ ਤਕ ਮਨਾਇਆ ਜਾ ਰਿਹਾ ਹੈ।

www.AKJ.Org

# ਤਤਕਰਾ


| | | |
|---|---|---|
| ਮਾਘਿ ਮਜਨੁ ਸੰਗਿ ਸਾਧੂਆ | ੩ | ਬਾਰਹਮਾਹਾ ਮਾਝ ਮਹਲਾ ੫ |
| ,, ,, –ਅਰਥ ਵਿਆਖਿਆ | ੪ | — — — |
| ਧਰਮ ਵਿਥਾਰਕ ਦੁਸ਼ਟ-ਦਮਨ ਦਸਮੇਸ਼ ਗੁਰੂ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅਜਿੱਤ ਸੂਰਾ | ੧੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫਰਨਾਮਾ | ੧੪ | ਭਾਸ਼ਾ ਵਿਭਾਗ, ਪੰਜਾਬ, ਪਟਿਆਲਾ |
| ਸੇਈ ਗੁਰਮੁਖਿ ਪਿਆਰੇ ਮੇਲਿ (੩) | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਿੱਖਾਂ ਦੀ ਨਵੇਕਲੀ ਹਸਤੀ ਤੋਂ ਇਨਕਾਰ ਕਿਉਂ ? | ੨੦ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਕੇਸਕੀ ਰਹਿਤ ਹੈ | ੨੭ | ਸ: ਰਜਿੰਦਰ ਸਿੰਘ ਐਮ.ਏ. |
| ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੇ ਫ਼ੈਸਲੇ | ੨੯ | ਜਥੇਦਾਰ, ਅ: ਕੀ: ਜਥਾ |
| ਕਲਗੀਆਂ ਵਾਲੇ ਸੋਹਣੇ ਪ੍ਰੀਤਮ (ਕਵਿਤਾ) | ੩੦ | ਸ: ਅਤਰ ਸਿੰਘ ਜੀ ਨੀਰ |
| ਦਸਮੇਸ਼ ਦੇ ਤੀਰ ,, | ੩੧ | ਪਾਂਧੀ ਨਨਕਾਣਵੀ |
| ਪੁਰਖ ਤੂੰ ਮਹਾਨ, ਤੇਰੀ ਆਸਾ ਬਲਵਾਨ ,, | ੩੨ | ਗਿ: ਗੋਪਾਲ ਸਿੰਘ ਜੀ ਮਿੱਤਰ |
| ਮੇਰੇ ਸਤਿਗੁਰੂ ! ਬਹੁੜੀ ਕਰੋ ! ,, | ੩੨ | ਸ: ਸੁਰਜੀਤ ਸਿੰਘ ਸਾਜਨ |
| ਸੀਸ ਦੀਆ, ਪਰ ਸਿਰਰ ਨ ਦੀਆ ,, | ੩੩ | ਡਾ: ਹਰਦਿਆਲ ਸਿੰਘ ਜੀ |
| ਕੁੱਠਾ ਜਾਂ ਝਟਕਾ | ੩੪ | ਸੂਰਾ ਪਰਵਾਰ |
| ਭੂਰਿਆਂ ਵਾਲੇ ਰਾਜੇ ਕੀਤੇ (੨੨) | ੩੯ | ਕੈਪਟਿਨ ਸਵਰਨ ਸਿੰਘ ਜੀ |
| ਭਾਈ ਗੁਰਦਾਸ ਜੀ ਦੇ ਕਬਿਤ ਸਵੱਯੇ | ੪੬ | — — — |
| ਭਾਈ ਮਤੀ ਦਾਸ ਜੀ | ੪੯ | ਸ: ਹਰਦੀਪ ਸਿੰਘ ਜੀ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਦਿਵਸ ੧੨ ਜਨਵਰੀ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16–ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ

੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈਂ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩–ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ—ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ

੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)

੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ–੩੫, ਫ਼ਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੧.੯੨ ਨੂੰ ਪ੍ਰਕਾਸ਼ਤ ਕੀਤਾ

www.AKJ.Org

ੴ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

| Foreign | Subscription |
|---|---|
| Sea Mail | 80-00 |
| Air Mail | 250-00 |

**ਅਮਾਨਤੀ**

**ਲਾਈਫ ਮੈਂਬਰ**

| | |
|---|---|
| ਦੇਸ | ੨੫੦-੦੦ |

**ਪਰਦੇਸ (ਸਾਰੇ)**

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਜਨਵਰੀ ੧੯੯੨ ਅੰਕ ੧


## ਮਾਘਿ ਮਜਨੁ ਸੰਗਿ ਸਾਧੂਆ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

[ਬਾਰਹਮਾਹਾ ਮਾਝ ਮਹਲਾ ੫




www.AKJ.Org

# ਮਾਘ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** : ਮਾਘਿ ਮਜਨੁ—ਮਾਘ ਮਹੀਨੇ ਵਿਚ ਇਸ਼ਨਾਨ। ਸਾਧੂਆ—ਉਤਮ ਪੁਰਖਾਂ, ਗੁਰੂ ਦੇ ਸਨਮੁਖ ਗੁਰਸਿਖਾਂ, ਗੁਰੂ ਦੀ ਦਸੀ (ਨਾਮ ਦੀ) ਕਾਰ ਕਮਾਉਣ ਵਾਲੇ ਹਜ਼ੂਰੀ ਗੁਰਮੁਖਾਂ। ਜਨਮ ਕਰਮ ਮਲੁ—ਜਨਮਾਂ-ਜਨਮਾਂਤਰਾਂ ਦੇ ਕੀਤੇ ਕਰਮਾਂ ਦੀ ਮੈਲ। ਮਨ ਤੇ-ਮਨ ਤੋਂ। ਗੁਮਾਨੁ—ਅਹੰਕਾਰ। ਕਾਮਿ ਕਰੋਧਿ ਨ ਮੋਹੀਐ—ਕਾਮ ਦੁਆਰਾ ਅਤੇ ਕਰੋਧ ਦੁਆਰਾ ਨਹੀਂ ਮੋਹੇ (ਠਗੇ) ਜਾਈਦਾ। ਬਿਨਸੈ—ਨਾਸ ਹੋ ਜਾਂਦਾ ਹੈ। ਸੁਆਨੁ—ਕੁੱਤਾ। ਮਾਰਗਿ—ਰਾਹ ਉਤੇ। ਅਠਸਠਿ ਤੀਰਥ—ਅਠਾਹਠ ਤੀਰਥਾਂ (ਦਾ ਇਸ਼ਨਾਨ)। ਸੁਜਾਨੁ-ਸੁਘੜ ਸਿਆਣਾ। ਕਾਂਢੀਅਹਿ—ਕਹੇ ਜਾਂਦ ਹਨ।

**ਅਰਥ** : ਹੇ ਪ੍ਰਾਣੀ! ਮਾਘ ਮਹੀਨੇ ਵਿਚ ਕੀਤਾ ਇਸ਼ਨਾਨ (ਮਾਘੀ ਦਾ ਇਸ਼ਨਾਨ ਪਵਿਤਰ ਮੰਨਿਆ ਜਾਂਦਾ ਹੈ) ਤੂੰ ਗੁਰਮੁਖ ਨਾਮ-ਰਸੀਏ ਗੁਰਮੁਖਾਂ ਦੀ ਚਰਨ-ਧੂੜੀ ਵਿਚ (ਬੈਠ ਕੇ) ਕਰ। ਭਾਵ, ਗੁਰੂ-ਵਰੋਸਾਏ ਗੁਰਸਿਖਾਂ ਦੀ ਸੰਗਤ ਵਿਚ ਨਿਮਰਤਾ ਨਾਲ ਜੁੜ। (ਅਤੇ ਉਨ੍ਹਾਂ ਦੀ ਸੰਗਤ ਵਿਚ) ਪ੍ਰਭੂ ਦਾ ਸਿਮਰਨ ਕਰ, ਸੁਣ ਅਤੇ ਹੋਰ ਸਭਨਾਂ ਨੂੰ ਵੀ ਨਾਮ-ਦਾਨ (ਪ੍ਰਾਪਤ ਕਰਨ ਲਈ ਸਹਾਇਤਾ) ਕਰ। (ਇਸ ਤਰ੍ਹਾਂ) ਤੇਰੇ ਜਨਮਾਂ-ਜਨਮਾਂਤਰਾਂ ਦੇ ਕੀਤੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ (ਕਰਮ-ਕਾਂਡ ਦਾ) ਅਹੰਕਾਰ ਵੀ ਜਾਂਦਾ ਰਹੇਗਾ। ਫਿਰ ਕਾਮ ਵਿਚ, ਕਰੋਧ ਵਿਚ ਨਹੀਂ ਠਗੇ ਜਾਈਦਾ ਅਤੇ ਲੋਭ ਰੂਪੀ ਕੁੱਤਾ ਵੀ ਨਸ ਜਾਏਗਾ।

ਸੱਚੇ ਰਸਤੇ ਉਤੇ ਤੁਰਿਆਂ, ਗੁਰੂ ਦੇ ਦਸੇ ਰਾਹ ਤੇ ਪਿਆਂ, ਗੁਰ-ਉਪਦੇਸ਼ ਦੀ ਕਮਾਈ ਕੀਤਿਆਂ ਸੰਸਾਰ ਸੋਭਾ ਕਰਦਾ ਹੈ।

ਅਠਾਹਠ ਤੀਰਥਾਂ ਦੇ ਇਸ਼ਨਾਨ, ਸਭ ਤਰ੍ਹਾਂ ਦੇ ਪੁੰਨ-ਕਰਮ ਅਤੇ ਸਭਨਾਂ ਜੀਆਂ ਉਤੇ ਦਇਆ ਕਰਨੀ ਇਹ ਧਰਮ ਦਾ ਪਰਵਾਨ ਅੰਗ ਮੰਨਿਆ ਜਾਂਦਾ ਹੈ, (ਇਹ ਸਭ ਕੁਝ "ਹਰਿ ਕਾ ਨਾਮੁ ਧਿਆਇ ਸੁਣਿ" ਵਿਚ ਆ ਜਾਂਦਾ ਹੈ)। ਅਤੇ ਜਿਸ ਗੁਰਮੁਖ ਨੂੰ ਗੁਰ-ਪਰਮੇਸ਼ਰ ਮਿਹਰ ਕਰ ਕੇ (ਇਹ ਦਾਤਿ) ਬਖ਼ਸ਼ਦਾ ਹੈ, ਸਹੀ ਅਰਥਾਂ ਵਿਚ ਓਹੋ ਗੁਰੂ-ਪਿਆਰਾ ਹੀ ਸੁਘੜ-ਸਿਆਣਾ ਹੈ, (ਹੋਰ ਕੋਈ ਨਹੀਂ)।

'ਨਾਨਕ' (ਮੁਹਰ-ਛਾਪ ਹੇਠ ਸਤਿਗੁਰੂ ਜੀ ਕਥਨ ਕਰਦੇ ਹਨ ਕਿ) ਜਿਨ੍ਹਾਂ ਗੁਰਮੁਖ-ਸਾਧੂਆਂ ਨੂੰ ਆਪਣਾ ਪਿਆਰਾ 'ਵਾਹਿਗੁਰੂ' ਮਿਲ ਗਿਆ ਹੈ, ਮੈਂ ਉਨ੍ਹਾਂ ਤੋਂ ਵਾਰਨੇ-ਬਲਿਹਾਰੇ ਜਾਂਦਾ ਹਾਂ।

ਮਾਘ ਮਹੀਨੇ ਵਿਚ (ਕੀਤੇ ਇਸ਼ਨਾਨ ਦੁਆਰਾ) ਸੁਚੇ ਹੋਏ ਕੇਵਲ ਓਹੋ ਹੀ ਆਖੇ ਜਾਂਦੇ ਹਨ ਜਿਨ੍ਹਾਂ ਤੇ ਸਤਿਗੁਰੂ ਮਿਹਰਵਾਨ ਹੁੰਦਾ ਹੈ (ਅਤੇ ਨਾਮ ਦੀ ਦਾਤਿ ਬਖਸ਼ਦਾ ਹੈ)।

**ਵਿਆਖਿਆ** : ਮਾਘ ਮਹੀਨੇ ਦੀ ਸੰਗਰਾਂਦ (ਮਾਘੀ ਵਾਲੇ ਦਿਨ) ਦਾ ਇਸ਼ਨਾਨ, ਹਿੰਦੂ ਸ਼ਾਸਤ੍ਰਾਂ ਅਨੁਸਾਰ ਪ੍ਰਯਾਗ ਤੀਰਥ ਦਾ ਇਸ਼ਨਾਨ ਬੜਾ ਉਤਮ ਮੰਨਿਆ ਗਿਆ ਹੈ। ਸਤਿਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਨਾਮ-ਰਸੀਏ ਗੁਰਸਿਖਾਂ ਦੀ ਚਰਨ-ਧੂੜੀ ਵਿਚ ਬੈਠਣਾ, ਉਨ੍ਹਾਂ ਗੁਰਸਿਖਾਂ ਦੀ ਸੰਗਤ ਵਿਚ ਨਿਮਰ-ਭਾਵ ਵਿਚ ਗੁਰੂ-ਚਰਨਾਂ ਨਾਲ ਜੁੜਨਾ ਹੀ ਸਭ ਤੋਂ ਉਤਮ ਇਸ਼ਨਾਨ ਹੈ। ਇਸੇ ਭਾਵ ਨੂੰ ਮੁਖ ਰਖ ਕੇ ਗੁਰੂ ਰਾਮਦਾਸ ਜੀ ਦਾ ਪਵਿਤਰ ਬਚਨ ਹੈ—ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥੨੭॥ (੧੪੨੪)

ਭਾਵ, ਜਿਹੜੇ ਗੁਰਸਿਖ ਸਚ-ਸਰੂਪ ਸੰਗਤ ਵਿਚ ਸਤਿਗੁਰੂ ਨੂੰ ਚਿਤਾਰਦੇ ਸਿਮਰਦੇ ਹਨ, ਸਤਿਗੁਰੂ ਉਨ੍ਹਾਂ ਨੂੰ ਹਰੀ-ਪ੍ਰਭੂ ਨਾਲ ਮਿਲਾ ਦੇਂਦਾ ਹੈ, ਐਸੇ ਗੁਰਸਿਖਾਂ ਦੀ, ਹੇ ਹਰੀ! ਸਾਨੂੰ ਵੀ ਧੂੜੀ ਬਖਸ਼, ਤਾਂਕਿ ਅਸਾਂ ਪਾਪੀਆ ਦਾ ਪਾਰ-ਉਤਾਰਾ ਭੀ ਹੋ ਜਾਏ।

ਇਸੇ ਤਰ੍ਹਾਂ ਸਤਿਗੁਰੂ ਨਾਮ-ਧਿਆਉਣ ਵਾਲੇ ਗੁਰਸਿਖਾਂ ਦੇ ਚਰਨ ਧੋਂਦੇ ਅਤੇ ਉਨ੍ਹਾਂ ਦੀ ਧੂੜੀ ਨੂੰ ਘੋਲ ਕੇ ਪੀ ਲੈਣ ਤਕ ਦੀ ਵਿਸ਼ੇਸ਼ਤਾ ਦੇਂਦੇ ਹਨ—



www.AKJ.Org

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥ (੭੨੬)

ਗੁਰਸਿਖਾਂ ਨਾਮ-ਅਭਿਆਸੀ ਗੁਰੂ-ਪਿਆਰੇ ਉਤਮ ਪੁਰਖਾਂ ਦੀ ਸੰਗਤ ਦੀ ਤੁਫ਼ੈਲ ਜਨਮ-ਜਨਮਾਂਤਰਾਂ ਦੇ ਕੀਤੇ ਪਾਪਾਂ ਦੀ ਮੈਲ ਕਟੀ ਜਾਂਦੀ ਹੈ ਅਤੇ ਹਿਰਦੇ ਵਿਚ ਹੰਕਾਰ ਦੀ ਥਾਂ ਗਰੀਬੀ ਦਾ ਵਾਸਾ ਹੋ ਜਾਦਾ ਹੈ ।

ਇਹ ਸੰਸਾਰੀ ਮਨੁਖ ਮਾਇਆ ਦੇ ਪ੍ਰਭਾਵ ਕਰਕੇ ਲੋਭ ਕਾਰਨ ਕੁੱਤੇ ਵਾਂਗ ਥਾਂ ਥਾਂ ਭਟਕਦਾ ਫਿਰਦਾ ਹੈ, ਲੋਭ-ਲਾਲਚ-ਵਸ ਹੋ ਕੇ ਭੱਖ-ਅਭੱਖ ਸਭ ਕੁਝ ਖਾਈ ਜਾਂਦਾ ਹੈ ਅਤੇ ਕਾਮ ਕ੍ਰੋਧ ਆਦਿ ਵਿਸ਼ਿਆਂ ਦੇ ਵਸ ਪੈ ਕੇ ਆਪਣਾ ਅਮੋਲਕ ਜਨਮ ਬਿਰਥਾ ਗੁਆਂਦਾ ਹੈ, ਜਿਸ ਸਦਕਾ ਅਨੇਕ ਜੂਨੀਆਂ ਵਿਚ ਭਟਕਦਾ ਹੈ । ਗੁਰ ਫ਼ੁਰਮਾਨ ਹੈ–ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸਿ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥੨੧॥ (੫੦)

ਸਤਿਗੁਰੂ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਗੁਰਮੁਖ ਸਾਧੂ ਸੰਤਾਂ ਦੀ ਚਰਨ-ਧੂੜੀ ਵਿਚ ਬੈਠ ਕੇ ਪ੍ਰਭੂ-ਚਰਨਾਂ ਨਾਲ ਜੁੜਨ ਨਾਲ ਵਿਸ਼ੇ-ਵਿਕਾਰਾਂ ਦੀਆਂ ਸਭ ਮੈਲਾਂ ਕਟੀਆਂ ਜਾਣਗੀਆਂ ਅਤੇ ਇਸੇ ਵਿਚ ਅਠਾਹਠ ਤੀਰਥਾਂ ਦੇ ਇਸ਼ਨਾਨ ਆ ਜਾਣਗੇ । ਗੁਰ-ਵਾਕ ਹੈ–
ਸੇਵਉ ਸਾਧ ਸੰਤ ਚਰਨੇਰੈ । ਬਾਂਛਉ ਧੂਰਿ ਪਵਿਤ੍ਰ ਕਰੇਰੈ ॥
ਅਠਸਠਿ ਮਜਨੁ ਮੈਲੁ ਕਟੇਰੈ ॥ ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ ॥੧॥੩੪॥ (੧੩੦੪)

ਗੁਰਸਿਖਾਂ ਦੀ ਚਰਨ-ਧੂੜੀ ਵਿਚ ਨਾਮ-ਇਸ਼ਨਾਨ ਕਰਨ ਨਾਲ, ਨਾਮ-ਬਾਣੀ ਨਾਲ ਜੁੜਨ ਨਾਲ, ਅੰਮ੍ਰਿਤ ਵੇਲੇ ਉਸ ਧੂੜੀ ਵਿਚ ਬੈਠ ਕੇ ਗੁਰ-ਉਪਦੇਸ਼ ਦੀ ਕਮਾਈ ਕਰਨ ਵਿਚ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ ਸਮਝੋ । ਗੁਰਵਾਕ–
– ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥੧॥੨੧॥ (੫੩੨)
– ਤ੍ਰਿਪਤਿ ਅਘਾਵਨ ਸਾਚੈ ਨਾਇ ॥ ਅਠਸਠਿ ਮਜਨੁ ਸੰਤ ਧੂਰਾਇ ॥੨॥੨੫॥ (੩੭੭)
– ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ਜਹ ਨਾਮੁ ਉਚਰਹਿ ॥੩॥੨੫॥ (੮੯੦)

ਪਰ ਇਸ 'ਨਾਮ' ਦੀ ਦਾਤਿ ਨਿਰ ਆਪਣੇ ਜਤਨ ਨਾਲ ਨਹੀਂ ਪ੍ਰਾਪਤ ਹੋ ਸਕਦੀ, ਇਹ ਤਾਂ ਵਾਹਿਗੁਰੂ ਦੀ 'ਬਖਸ਼ਸ਼' ਹੈ । ਜਿਸ ਤੇ ਉਹ ਮਿਹਰ ਕਰੇ ਉਸੇ ਨੂੰ ਇਹ ਮਿਲਦੀ ਹੈ–
ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਇ ਸੁ ਹਰਿ ਗੁਨ ਗਾਉ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥੮॥੬॥ (੨੭੧)

ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਤੀਜੀ ਪਾਤਸ਼ਾਹੀ ਦਾ ਇਥੋਂ ਤਕ ਕਥਨ ਹੈ ਕਿ–
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥ (੧੩੭੮)
ਅਤੇ–ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥
ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥੧॥ (੬੯੦)

ਨਿਰੇ ਆਪਣੇ ਜਤਨਾਂ ਨਾਲ ਤਾਂ ਹਉਮੈ ਉਪਜਦੀ ਹੈ । ਸੂਖਮ ਜਾਂ ਅਸਥੂਲ ਰੂਪ ਵਿਚ ਹਉਮੈ ਸਾਨੂੰ ਵਿਆਪਦੀ ਰਹਿੰਦੀ ਹੈ । ਜੇ ਬਾਹਰਮੁਖੀ ਨਹੀਂ ਤਾਂ ਅੰਤਰ-ਆਤਮੇ ਇਹ ਨਿਵਾਸ ਆ ਕਰਦੀ ਹੈ ਅਤੇ ਹਉਮੈ-ਵਸ ਪ੍ਰਾਣੀ ਅੰਦਰੇ ਅੰਦਰ ਫੂਲਦਾ ਹੈ ਕਿ ਮੈਂ ਅੰਮ੍ਰਿਤ ਵੇਲੇ ਉਠਿਆ, ਨਾਮ ਜਪਿਆ, ਬਾਣੀ ਪੜ੍ਹੀ, ਦਰਬਾਰ ਦੀ ✱


www.AKJ.Org

# ਧਰਮ ਵਿਥਾਰਕ ਦੁਸ਼ਟ-ਦਮਨ ਦਸਮੇਸ਼ ਗੁਰੂ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰ ਪਛਾਰੋ ॥ ੪੨ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥
ਬਚਿਤ੍ਰ ਨਾਟਕ, ਅਧਿਆਇ ੬

ਉਪਰਲੇ ਸ੍ਰੀ ਗੁਰੂ ਦਸਮੇਸ਼ ਮੁਖਵਾਕਾਂ ਅੰਦਰ ਸ੍ਰੀ ਦਸਮ ਗੁਰੂ ਪਾਤਸ਼ਾਹ ਕਲਗੀਧਰ ਮਹਾਰਾਜ ਦੇ ਆਗਮਨ ਦਾ ਤੱਤ ਉਦੇਸ਼ ਅਤੇ ਸਤਿ ਆਦਰਸ਼ ਅੰਕਤ ਹੈ। ਇਹ ਆਦਰਸ਼ ਉਦੇਸ਼ ਸਾਰੇ ਜਗਤ ਦੇ ਉਧਾਰ ਲਈ ਹੈ, ਕਿਸੇ ਖ਼ਾਸ ਤਬਕੇ ਜਾ ਫ਼ਿਰਕੇ ਲਈ ਮਖ਼ਸੂਸ (ਰਾਖਵਾਂ) ਨਹੀਂ। ਉਪਰਲੇ ਸ੍ਰੀ ਮੁਖਵਾਕ ਦੇ ਮੁਢ ਵਿੱਚ ਸਾਫ਼ ਲਿਖਿਆ ਹੋਇਆ ਹੈ "ਹਮ ਇਹ ਕਾਜ ਜਗਤ ਮੋ ਆਏ", ਭਾਵ ਦੇਵਾਨ-ਦੇਵ ਸੱਚ ਗੁਰਦੇਵ ਅਕਾਲ ਪੁਰਖ ਨੇ ਸਾਨੂੰ ਧਰਮ ਵਿਥਾਰਨ ਹੇਤ ਹੀ ਜਗਤ ਵਿਖੇ ਪਠਾਇਆ ਹੈ। ਸ੍ਰੀ ਦਸਮੇਸ਼ ਜੀ ਦਾ ਅਵਤਾਰ ਧਾਰਨ ਦਾ ਹੇਤੁ ਜਗਤ-ਉਧਾਰਨ, ਜਗਤ ਵਿਖੇ ਧਰਮ ਵਿਥਾਰਨ ਦਾ ਹੈ। ਸਾਰਾ ਜਗ ਉਧਾਰਨ ਲਈ ਹੀ ਜਗਤ ਵਿਖੇ ਆਏ ਅਤੇ ਗੁਰੂ ਅਵਤਾਰ ਦਾ ਜਾਮਾ ਧਾਰ ਕੇ ਆਏ। ਜਗਤ ਮੋ ਆਏ ਅਤੇ ਜਗਤ ਹੇਤ ਹੀ ਆਏ। ਜਿਥੇ ਜਨਮ ਧਾਰਿਆ, ਖਾਸ ਉੱਥੋਂ ਲਈ ਨਹੀਂ ਆਏ। ਪਟਣੇ ਸ਼ਹਿਰ ਵਿਖੇ ਭਵ ਲੈ ਕੇ, ਪੰਜਾਬ ਵਿਚ ਆ ਕੇ ਧਰਮ-ਧੁਜੀ-ਨੈਸ਼ਾਨ-ਦਮਾਮਾ ਬਜਾਉਣਾ ਇਸ ਗੱਲ ਦਾ ਲਖਾਇਕ ਹੈ ਕਿ ਸਮੇਂ ਅਨੁਸਾਰ ਤਦੋਂ ਓਥੋਂ ਹੀ ਜਗਤ-ਉੱਧਾਰ ਦਾ ਮੁਢ ਬੰਨ੍ਹਣ ਦੀ ਲੋੜ ਸੀ। ਜ਼ੋਰੋ-ਜ਼ੁਲਮ ਜ਼ੋਰਾਂ ਤੇ ਸੀ ਤਾਂ ਸਾਰੇ ਜਗਤ ਵਿਚੋਂ ਭਾਰਤ-ਵਰਸ਼ ਵਿਚ ਹੀ ਸੀ ਅਤੇ ਸਾਰੇ ਭਾਰਤ ਵਰਸ਼ ਵਿਚੋਂ ਭਾਰਤ ਦੇ ਓਸੇ ਖਿਤੇ ਉੱਤੇ ਸੀ ਜਿੱਥੇ ਕਿ ਧੁਰੋਂ ਪਠਾਏ ਧਰਮ ਅਵਤਾਰ ਨੇ ਆਪਣੀ ਬਾਲ ਬਰੇਸ ਵਿੱਚ ਸ੍ਰੀ ਪਟਣਾ ਸਾਹਿਬ ਤੇ ਆ ਕੇ ਆਪਣੇ ਧਰਮ-ਧੁਜੀ ਮੈਦਾਨ ਮੱਲੇ ਅਤੇ ਜਗਤ-ਉੱਧਾਰ

---

* ਹਾਜ਼ਰੀ ਭਰੀ, ਆਦਿ। ਇਹ ਹਉਮੈ ਕਿਸੇ ਨਾ ਕਿਸੇ ਰੂਪ ਵਿਚ ਚੰਬੜੀ ਹੀ ਰਹਿੰਦੀ ਹੈ। ਤੇ ਜਿਥੇ ਹਉਮੈ ਹੈ ਉਥੇ ਨਾਮ ਨਹੀਂ ਟਿਕ ਸਕਦਾ—

ਹਉਮੈ ਨਾਵੈ ਨਾਲਿ ਵਿਰੁਧ ਹੈ ਦੁਇ ਨ ਵਸਹਿ ਇਕ ਠਾਇ ॥ (੫੬੦)

ਇਸ ਤੋਂ ਬਚਣ ਲਈ ਅਤੇ ਸਤਿਗੁਰੂ ਦੀ ਬਖਸ਼ਸ਼ ਪ੍ਰਾਪਤ ਕਰਨ ਲਈ ਨਿਮਰਤਾ ਵਿਚ ਨਿਤ ਜੋਦੜੀਆਂ ਅਤੇ ਤਰਲੇ ਕਰਦੇ ਰਹਿਣਾ ਬਣਦਾ ਹੈ— ਹਾ ਹਾ ਪ੍ਰਭ ਰਾਖਿ ਲੇਹੁ ॥

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ਰਹਾਉ॥੧੯॥ (੬੭੫)

ਅਤੇ— ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥ (੧੩੨੫)

ਸਤਿਗੁਰੂ ਐਸੇ ਗੁਰਸਿਖਾਂ ਤੋਂ ਘੋਲ ਘੁਮਾਈ ਹੁੰਦੇ ਹਨ ਜਿਨ੍ਹਾਂ ਨੂੰ ਪ੍ਰਭੂ, ਨਾਮ-ਸਿਮਰਨ ਦੇ ਤੁਫ਼ੈਲ ਆਪਣੇ ਨਾਲ ਮਿਲਾ ਲੈਂਦਾ ਹੈ।

ਅੰਤ ਵਿਚ ਸਿਰੇ ਦੀ ਗੱਲ ਦਸੀ ਹੈ ਕਿ ਨਿਰਾ ਸਰੀਰ ਦੇ ਇਸ਼ਨਾਨ ਨਾਲ ਹੀ ਪਵਿਤਰ ਨਹੀਂ ਹੋ ਜਾਈਦਾ, ਸਗੋਂ ਗੁਰੂ ਪਾਤਸ਼ਾਹ ਦੀ ਬਖਸ਼ਸ਼ ਨਾਲ ਨਾਮ-ਬਾਣੀ ਦਾ ਇਸ਼ਨਾਨ ਕਰਨਾ ਜ਼ਰੂਰੀ ਹੈ। ਨਾਮ-ਸਿਮਰਨ ਨੇ ਹੀ ਸੁਚੇ-ਪਵਿਤਰ ਕਰਨਾ ਹੈ—

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥੧੭॥ (੪੭੨)



www.AKJ.Org

ਦਾ ਕੰਮ ਅਰੰਭ ਦਿੱਤਾ। ਜਗਤ-ਉੱਧਾਰ ਦਾ ਕੰਮ ਅਰੰਭ ਹੀ ਨਹੀਂ ਦਿੱਤਾ, ਸਗੋਂ ਜੁਗਾਂ ਜੁਗਾਂਤਰਾਂ ਲਈ ਜਗਤ-ਉੱਧਾਰ ਦੀ ਅਬਿਚਲ ਨੀਂਵ ਧਰ ਕ ਅਹਿੱਲ ਥੰਮ ਗੱਡ ਦਿੱਤੇ।

ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਦੇਵ-ਭੂਮੀ ਦੇ ਵਿਸ਼ੇਸ਼ ਧਾਮ ਸ੍ਰੀ ਕੇਸਗੜ੍ਹ ਵਿਖੇ ਸ੍ਰੀ ਦਸਮੇਸ਼ ਜੀ ਨੇ ਜੁਗੋ ਜੁਗ ਅਟੱਲ ਰਹਿਣ ਵਾਲੇ ਧਰਮ ਰਖਸ਼ਕ, ਧਰਮ ਵਿਥਾਰਕ, ਧਰਮ ਉਬਾਰਕ, ਜਗਤ ਉੱਧਾਰਕ, ਮੁਬਾਰਕ ਖਾਲਸਾ ਪੰਥ ਦੀ ਸਾਜਨਾ (ਸਾਜੀ) ਕੀਤੀ, ਜਿਸ ਖਾਲਸਾ ਨੇਸ਼ਨ ਨੇ ਜਨਮ ਧਾਰਨ ਸਾਰ ਹੀ ਆਪਣੇ ਜਨਮ-ਦਾਤਾ ਦੇ ਬਲ ਨਾਲ ਸਦੀਆਂ ਤੋਂ ਜੰਮੇ ਹੋਏ ਜ਼ੁਲਮ-ਰਾਜ ਦੀ ਜੜ੍ਹ ਹਿਲੂਣ ਦਿੱਤੀ ਅਤੇ ਸੱਚੇ ਧਰਮ ਦਾ ਹਲੇਮੀ ਰਾਜ ਵਿਥਾਰਨਾ ਅਰੰਭ ਦਿੱਤਾ। ਧਰਮ ਚਲਾਵਨ, ਧਰਮੀਆਂ ਨੂੰ ਉਬਾਰਨ ਅਤੇ ਧਰਮ-ਦ੍ਵੈਖੀ-ਦੁਸ਼ਟਾਂ ਦਾ ਮੂਲ ਉਪਾਰਨ ਲਈ, ਜਗਤ-ਉੱਧਾਰ-ਕੁਰਬਾਨੀ ਦੀ ਜਗ-ਵੇਦੀ ਵਿਖੇ ਧਰਮੱਗ ਪੁਰਸ਼ਾਂ ਦੇ ਜੀਵਨਾਂ ਦੀ ਉਹ ਅਹੂਤੀ ਦਿੱਤੀ ਕਿ ਸਦੀਵ ਲਈ ਜੁਗੋ ਜੁਗ ਕੁਰਬਾਨੀ ਵਾਲੀ ਖਾਲਸ ਕੌਮ ਦੀ ਕਾਇਮੀ ਦਾ ਧੁਰਵਾ ਬੱਝ ਗਿਆ।

ਹਾਂ ਜੀ ! ਕੁਰਬਾਨੀ ਕੇਵਲ ਧਰਮੀ ਜੀਵਨ ਹੀ ਕਰ ਸਕਦੇ ਹਨ। ਇਸ ਧਰਮ-ਜੀਵਨ-ਕਣੀ ਤੋਂ ਸੁੰਨ ਕ੍ਰੋੜਾਂ ਹਿੰਦ ਵਾਸੀ, ਕਾਇਰਾਂ ਦੀ ਮੌਤ ਮਰ ਰਹੇ ਸਨ, ਜਾਬਰਾਂ ਦੇ ਜ਼ੋਰੋ-ਸਿਤਮ ਦਾ ਸ਼ਿਕਾਰ ਬਣ ਰਹੇ ਸਨ, ਭੇਡਾਂ ਵਾਂਗੂ ਦੀਨ ਹੀਨ ਹੋ ਕੇ ਜ਼ਾਲਮਾਂ ਦੀ ਈਨ ਮੰਨ ਰਹੇ ਸਨ। ਕਿਸੇ ਕੌਮ ਦੇ ਨੇਤਾ ਵਿਚ ਇਹ ਅਣਖ ਸਾਹਸ ਨਹੀਂ ਰਹੀ ਸੀ ਕਿ ਦੇਸ਼ ਅਤੇ ਕੌਮ ਦਾ ਧਰਮ ਈਮਾਨ ਬਚਾਉਣ ਲਈ ਕੋਈ ਕੁਰਬਾਨੀ ਕਰ ਸਕੇ। ਇਸ ਦਾ ਕਾਰਨ ਇਹ ਸੀ ਕਿ ਕਿਸੇ ਦੇ ਜੀਵਨ ਵਿਚ ਸੱਚੇ ਧਰਮ ਦੀ ਅੰਸ਼ ਮੌਜੂਦ ਨਹੀਂ ਸੀ।

ਸ੍ਰੀ ਦਸਮੇਸ਼-ਆਦਰਸ਼ ਤੋਂ ਅਗਿਆਤ ਲੋਕਾਂ ਦੀ ਅਲਪੱਗ ਬੁੱਧੀ ਵਾਲੀ ਸਮਝ ਵਿਚ ਇਹ ਗੱਲ ਨਹੀਂ ਆਉਂਦੀ ਕਿ ਸ੍ਰੀ ਦਸਮੇਸ਼ ਜੀ ਦੇ ਉਪਰਲੇ ਮੁਖਵਾਕ ਅੰਦਰ ਧਰਮ ਵਿਥਾਰਨ ਅਤੇ ਦੁਸ਼ਟ ਬਿਦਾਰਨ ਦੀਆਂ ਦੋ ਮੁਤਜ਼ਾਦ ਬੁਝਾਰਤਾਂ ਕਿਉਂ ਆਉਂਦੀਆਂ ਹਨ। ਉਹਨਾਂ ਨੂੰ ਇਹ ਮੁਤਜ਼ਾਦ (ਵਿਰੋਧੀ) ਬੁਝਾਰਤਾਂ ਹੀ ਦੀਹਦੀਆਂ ਹਨ। ਦਰ-ਅਸਲ ਇਹ ਮੁਤਜ਼ਾਦ ਨਹੀਂ, ਦੁਸ਼ਟਾਂ ਦੀ ਦੁਸ਼ਟਤਾਈ ਦਮਨ ਕੀਤੇ ਬਾਝੋਂ ਜਗਤ-ਉੱਧਾਰ ਅਤੇ ਧਰਮ ਦਾ ਵਿਸਥਾਰ ਹੋਣਾ ਅਸੰਭਵ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ ਦੁਸ਼ਟਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਹਨਾਂ ਦੁਸ਼ਟਾਂ ਦਾ ਉੱਧਾਰ ਕਰਦੇ ਹਨ। ਉਹਨਾਂ ਦੁਸ਼ਟਾਂ ਨੂੰ ਮਾਰਦੇ ਨਹੀਂ, ਉਹਨਾਂ ਦੀ ਦੁਸ਼ਟਤਾਈ ਨੂੰ ਨਿਵਾਰਦੇ ਹਨ। ਜੇ ਹੋਰ ਕਿਸੇ ਬਿਧਿ ਭੀ ਇਹ ਦੁਸ਼ਟਤਾਈ ਦੁਸ਼ਟਾਂ ਦੀ ਦੂਰ ਨਾ ਹੋਵੇ ਤਾਂ ਦੁਸ਼ਟਾਂ ਨੂੰ ਆਪਣੇ ਦਸਤੇ-ਮੁਬਾਰਕ ਨਾਲ ਖੰਡੇ ਦੀ ਧਾਰ ਉੱਤੇ ਚਾੜ੍ਹ ਕੇ ਉਹਨਾਂ ਦਾ ਜਨਮ ਮਰਨ ਨਿਵਾਰ ਦਿੰਦੇ ਹਨ ਅਤੇ ਉਹਨਾਂ ਅੰਦਰ ਨਵੀਂ ਜਾਨ ਪਾ ਦਿੰਦੇ ਹਨ। ਖੰਡੇ ਦੀ ਧਾਰ ਤੇ ਚਾੜ੍ਹ ਕੇ ਹੀ ਸ੍ਰੀ ਦਸਮੇਸ਼ ਜੀ ਨੇ ਦੁਸ਼ਟ-ਜੀਵਨੀ-ਜੰਤਾਂ ਦੀ ਜਾਨ-ਪ੍ਰਾਣ-ਸੰਜੀਵਨੀ ਸੁਦੇਹੀ ਕੁਰਬਾਨੀ ਲੈ ਕੇ, ਉਨ੍ਹਾਂ ਅੰਦਰ ਸਦ-ਜੀਵਨੀ ਕੁਰਬਾਨੀ ਵਾਲੀ ਜਾਨ ਪਾ ਦਿੱਤੀ। ਐਥੋਂ ਤਾਈਂ ਕਿ ਸਦਜੀਵਨੀ ਜਾਨ ਪ੍ਰਾਣ ਦਾਤਿਆਂ ਦਾ ਖਾਲਸਾ ਪੰਥ ਸਜਾ ਦਿਤਾ ਅਤੇ ਖਾਲਸ ਕੁਰਬਾਨੀ ਦੇ ਖ਼ਮੀਰ ਨੂੰ ਜੁਗਜੀਵਨਾ ਕਰ ਦਿੱਤਾ, ਜੋ ਜੁਗਾਂ ਤਾਈਂ ਸੁਰਜੀਤ ਰਹੇਗਾ। ਜਦੋਂ ਭੀ ਜਗਤ ਦੇ ਅੰਦਰ ਜ਼ੁਲਮ ਅਤੇ ਅਧਰਮ ਦੀ ਗਿਲਾਨੀ ਹੋਵੇਗੀ, ਇਹ ਸਦਜੀਵਨਾ ਧਰਮ ਪੰਥ ਅਤੁਟ ਕੁਰਬਾਨੀਆਂ ਦੇ ਕੇ ਧਰਮ ਨੂੰ ਸੁਰਜੀਤ ਕਰੇਗਾ ਅਤੇ ਅਧਰਮ ਜ਼ੁਲਮ ਪਾਪ ਨੂੰ ਨਸ਼ਟ ਕਰੇਗਾ।

ਜਗਤ ਦੇ ਜੀਵਾਂ ਅੰਦਰ ਧਰਮ-ਜੀਵਨੀ-ਅੰਸ਼ ਅੰਸਰਤ ਹੋਏ ਬਾਝੋਂ ਦੁਸ਼ਟਤਾ ਦਾ ਰੋਗ ਦੂਰ ਨਹੀਂ ਹੋ ਸਕਦਾ, ਦੁਸ਼ਟਾਂ ਦਾ ਰੋਗ ਨਿਵਾਰਨਾ ਪਰਮ ਜ਼ਰੂਰੀ ਹੈ। ਸਤਿਗੁਰੂ ਦਸਮੇਸ਼ ਜੀ ਨੇ ਪੰਜਾਂ ਦੂਤਾਂ ਸੇਤੀ ਗ੍ਰਸਤ ਹੋਏ ਦੁਸ਼ਟਤਾ ਦੇ ਜੀਵਨ ਵਾਲੇ ਦੁਸ਼ਟ ਮੁਜੱਸਮੀ ਰੋਗੀਆਂ ਨੂੰ ਅਮਰ-ਜੀਵਨੀ-ਬੂਟੀ ਦੀ ਜਾਗ, ਖੰਡੇ ਦੀ ਧਾਰ ਉਤੇ ਲਾ ਕੇ ਸੁਰਜੀਤ ਕੀਤਾ ਅਤੇ ਖਾਲਸ-ਧਰਮ-ਅੰਸੀ ਆਤਮ-ਜੋਤਿ ਅਤੇ ਤੇਜ-ਤੱਤ ਦਾ ਖ਼ਮੀਰ ਮਿਲਾ ਕੇ ਧਰਮ ਬੀਰ ਸੂਰਮਿਆਂ, ਉਪਕਾਰੀ ਜੋਧਿਆਂ ਦੀ ਕੌਮੀਅਤ ਵਾਲਾ ਪ੍ਰਮਾਰਥੀ ਪੰਥ ਪ੍ਰਚਲਤ ਕੀਤਾ। ਇਕ ਇਕ ਦੇ ਜੀਵਨ ਅੰਦਰ ਸਵਾ ਸਵਾ ਲਖ ਦੀ ਸਪਿਰਿਟ ਭਰੀ। ਇਸ ਬਿਧਿ ਜ਼ੁਲਮ ਦੀ ਗੂਣ ਨਾਲ ਲੱਦੇ ਹੋਏ ਗੀਦੀ ਮਜ਼ਲੂਮਾਂ


www.AKJ.Org

ਦੀਆਂ ਖੂਹਣੀਆਂ ਨੂੰ ਚੰਦ ਇਕ ਚੁਣ-ਕੱਢੇ-ਲਧੋਵਾਰਿਆਂ ਦੇ ਸਹਾਰੇ ਉਭਾਰ ਲਿਆ। ਹੁਣ ਭੀ ਜ਼ੁਲਮ ਅਤੇ ਤ੍ਰਿਸ਼ਨਾ ਦੀ ਅਗਨੀ ਨਾਲ ਜਲੰਦੇ ਜਗਤ ਨੂੰ ਜਦੋਂ ਕਦੋਂ ਉਭਾਰਨਾ ਹੈ ਤਾਂ ਸ੍ਰੀ ਦਸਮੇਸ਼ ਜੀ ਦੇ ਜੁਗੋਂ ਜੁਗ ਜੀਉਂਦਿਆਂ-ਬੀਰ-ਸਪਿਰਿਟ ਸਵਾਲੱਖੀਆਂ ਦੇ ਸਮੂਹ ਅਸੰਖ ਬਲ-ਧਾਰੀ-ਧਰਮੱਗੀਆਂ ਤੇ ਪਰਉਪਕਾਰੀਆਂ ਨੇ ਹੀ ਉਭਾਰਨਾ ਹੈ।

ਜਿਨ੍ਹਾਂ ਦੀ ਜ਼ਮੀਰ ਅੰਤਸ਼ਕਰਣ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਦਬਾਉ ਹੇਠ ਦਬਾਈ ਪਈ ਹੈ ਉਹਨਾਂ ਨੇ ਕੀ ਉਭਰਨਾ ਹੈ ਤੇ ਕੀ ਕਿਸੇ ਨੂੰ ਉਭਾਰਨਾ ਹੈ ? ਜੋ ਖ਼ੁਦ ਤ੍ਰਿਸ਼ਨਾ, ਕਾਮਨਾ, ਈਰਖਾ, ਦ੍ਵੈਖ, ਖ਼ੁਦੀ ਬਖ਼ੀਲੀ, ਤਕੱਬਰੀ ਦੇ ਭਾਰ ਹੇਠ ਆ ਕੇ ਦੜ੍ਹੇ (ਦਲੇ ਮਲੇ) ਪਏ ਹਨ ਉਹ ਭਲਾ ਦੂਜਿਆਂ ਨੂੰ ਉਭਾਰਨ ਸੁਧਾਰਨ ਦੀਆਂ ਕੀ ਡੀਂਗਾਂ ਮਾਰ ਸਕਦੇ ਹਨ ? ਅਚਾਰ-ਹੀਣ, ਜੀਵਨ ਆਤਮ ਸ਼ਕਤ-ਹੀਣ, ਸੂਰਬੀਰਤਾ ਹੀਣ, ਧਰਮ-ਬੀਰਤਾ ਹੀਣ, ਗੰਭੀਰਤਾ ਹੀਣ, ਰਾਜ ਤ੍ਰਿਸ਼ਨਾਲੂ ਬੁਲ-ਹਵਸੀ ਗੀਫ਼ਾਰਮਰਾਂ ਅਤੇ ਪ੍ਰਸਪਰ ਖਹਿ ਖਹਿ ਲੜਨ ਮਰਨ-ਹਾਰੇ ਸੁੱਕੇ ਦੇਸ਼ ਭਗਤਾਂ ਦੇ ਟੋਲੇ ਅਰਬਾਂ ਖ਼ਰਬਾਂ ਦੀ ਗਿਣਤੀ ਵਿੱਚ ਰਲ ਮਿਲ ਕੇ ਭੀ ਕਿਸੇ ਦੇਸ਼ ਯਾ ਕੌਮ ਦਾ ਉੱਧਾਰ ਨਹੀਂ ਕਰ ਸਕਦੇ। ਜਿਨ੍ਹਾਂ ਦਾ ਜੀਵਨ ਨਹੀਂ ਸੋਧਿਆ ਗਿਆ, ਜਿਨ੍ਹਾਂ ਦਾ ਆਪਾ ਨਹੀਂ ਪਰਬੋਧਿਆ ਗਿਆ, ਜਿਨ੍ਹਾਂ ਦਾ ਆਚਾਰ ਨਹੀਂ ਸੁਧਾਰਿਆ ਗਿਆ, ਜਿਨ੍ਹਾਂ ਤੋਂ ਆਪਣਾ ਹੀ ਤ੍ਰਿਸ਼ਨਾਲੂ ਮਨੂਆ ਨਹੀਂ ਮਾਰਿਆ ਗਿਆ, ਉਹ ਨਫ਼ਸੇ-ਅਮਾਰਾ (ਸ਼ੈਤਾਨੀ ਫ਼ਿਤਰਤ) ਦੇ ਸੁਆਧੀਨ ਕੈਦੀ, ਮੁਲਕ ਨੂੰ ਪ੍ਰਾਧੀਨਤਾ ਤੋਂ ਕਿਵੇਂ ਆਜ਼ਾਦ ਕਰਾ ਸਕਦੇ ਹਨ ? ਮੰਨਿਆ ਕਿ ਇਹਨਾਂ ਆਜ਼ਾਦੀ-ਮਾਂਗਰਾਂ (*Mongers*) ਨੂੰ ਰੂਹਾਨੀ ਆਜ਼ਾਦੀ ਦਰਕਾਰ ਨਹੀਂ. ਪਰ ਪੰਚ ਦੂਤਾਂ ਦੇ ਬੰਧੂਆਂ ਤੋਂ, ਨਫ਼ਸੇ-ਅਮਾਰਾ ਦੇ ਗ਼ੁਲਾਮਾਂ ਤੋਂ ਸਿਆਸੀ ਗ਼ੁਲਾਮੀ ਦੇ ਬੰਧਨ ਭੀ ਨਹੀਂ ਟੁਟ ਸਕਦੇ।

ਅਸਾਡੇ ਦੁਸ਼ਟ-ਦਮਨ ਧਰਮ ਰਖਜਕ, ਧਰਮ ਵਿਥਾਰਕ ਦਸਮੇਸ਼ ਪਿਤਾ ਨੇ ਪਹਿਲਾਂ ਅੰਦਰਲੇ ਦੂਤ-ਦੁਸ਼ਟਾਂ ਤੋਂ ਅਧਿਕਾਰੀ ਜਨਾਂ ਦੇ ਫੰਧ ਛੁਡਾਏ, ਅਤੇ ਜੀਅ-ਦਾਨ ਦੀ ਆਤਮ-ਕਣੀ ਉਹਨਾਂ ਦੇ ਜੀਵਨਾਂ ਅੰਦਰ ਸੰਚਾਰ ਕੇ, ਉਨ੍ਹਾਂ ਨੂੰ ਧਰਮੱਗ ਅਤੇ ਧਰਮ ਬੀਰ ਬਣਾਇਆ, ਫਿਰ ਉਹਨਾਂ ਤੋਂ ਦੇਸ ਕੌਮ ਦਾ ਉੱਧਾਰ ਕਰਵਾਇਆ ਅਤੇ ਉਹਨਾਂ ਤੋਂ ਵੀ ਬਾਹਰਲੇ ਦੂਤ ਮੁਜੱਸਮੀ ਦੁਸ਼ਟਾਂ ਜ਼ਾਲਮਾਂ ਦਾ ਦਮਨ ਕਰਵਾਇਆ। ਧਰਮੀ ਬੀਰ ਸਜਾ ਕੇ ਉਨ੍ਹਾਂ ਨੂੰ ਦੁਸ਼ਟ ਦਮਨ ਮੰਤ੍ਰਨੀ ਸੰਧਿਆ ਵਾਲੀ ਨਿਤਨੇਮੀ ਚੌਪਈ ਪੜ੍ਹਨੀ ਸਿਖਾਈ। ਇਹਨਾਂ ਧਰਮੱਗ ਸੂਰਬੀਰਾਂ ਦੀ ਰਹਿਰਾਸ ਵਿਚ ਨਿਤ ਸੰਧਿਆ ਸਮੇਂ ਅਰਦਾਸ ਹੀ ਇਹਨਾਂ ਅੰਤਰ ਬਾਹਰਲੇ ਦੁਸ਼ਟ ਦੂਤਾਂ ਨੂੰ ਮਾਰ ਬਿਦਾਰਨ ਦੀ ਹੁੰਦੀ ਹੈ। ਜਦੋਂ ਉਹ ਬਿਨੇ-ਬਿਰਤੀ ਧਾਰ ਕੇ ਪੜ੍ਹਦੇ ਹਨ—"ਹਮਰੇ ਦੁਸ਼ਟ ਸਭੈ ਤੁਮ ਘਾਵਹੁ" ਤਾਂ ਉਹਨਾਂ ਦੀ ਮੁਰਾਦ ਹਮਾਰੇ ਦੁਸ਼ਟਾਂ ਤੋਂ ਦੇਸ ਕੌਮ ਦੇ ਸਾਂਝੇ ਦੁਸ਼ਟਾਂ ਦੀ ਹੁੰਦੀ ਹੈ ਅਤੇ ਘਾਵਣ ਤੋਂ ਮੁਰਾਦ, ਮੁਖ ਤਾਂ ਦੁਸ਼ਟਾਂ ਦੀ ਦੁਸ਼ਟਤਾਈ ਬਿਦਾਰਨ ਤੋਂ ਹੈ, ਫੇਰ ਧਰਮ-ਵਿਰੋਧੀ ਦੁਸ਼ਟਾਂ ਅਤੇ ਦੀਨ ਪਰਜਾ ਦੇ ਮੁਜੱਸਮ ਦੂਤ ਜ਼ਾਲਮਾਂ ਤੋਂ ਹੈ ਅਤੇ ਅੰਦਰਲੇ ਪੰਜ ਦੂਤ ਦੁਸ਼ਟਾਂ ਦੇ ਬਿਦਾਰਨ ਦੀ ਤਾਂ ਖਿਨ ਖਿਨ ਉੱਦਮ ਸਾਹਸੀ ਪ੍ਰਾਰਥਨਾ ਉਹਨਾਂ ਦੀ ਬਣੀ ਰਹਿੰਦੀ ਹੈ। ਧਰਮ ਧੁਰੰਧਰੀ ਦਸਮੇਸ਼ ਜੀ ਦੀਆਂ ਦੁਸ਼ਟ-ਦਮਨ ਫ਼ੌਜਾਂ ਨੂੰ ਆਪਣੇ ਪਰਾਏ ਦੀ ਕੋਈ ਕਾਣ ਨਹੀਂ। ਦੁਸ਼ਟ ਜ਼ਾਲਮ ਧਰਮ-ਵੈਰੀ, ਪਰਜਾ ਦ੍ਰੋਹੀ, ਵਿਸਾਹਘਾਤੀ ਭਾਵੇਂ ਆਪਣੇ ਦੇਸ ਦਾ ਹੀ ਹੋਵੇ, ਆਪਣੇ ਹੀ ਕੌਮ ਕਬੀਲੇ ਦਾ ਹੋਵੇ, ਉਹ ਸਭ ਨੂੰ ਸੋਧਣ ਪ੍ਰਬੋਧਣਗੇ ਅਤ ਉਹਨਾਂ ਦੀ ਦੁਸ਼ਟਤਾਈ ਨੂੰ ਦਮਨ ਕਰ ਕੇ ਹੀ ਦਮ ਲੈਣਗੇ।

ਐਸਾ ਦੁਸ਼ਟ-ਬਿਦਾਰੀ, ਦੁਸ਼ਟ-ਦਮਨਾਰੀ ਧਰਮੀ-ਖਾਲਸਾ-ਪੰਥ ਸ੍ਰੀ ਦਸਮੇਸ਼ ਜੀ ਨੇ ਸਾਜਿਆ ਹੈ ਕਿ ਉਸ ਵਿੱਚੋਂ ਦੁਸ਼ਟ-ਦਮਨ ਪਰ-ਉਪਕਾਰੀਆਂ ਦਾ ਬ ਜ ਨਾਸ਼ ਕਦੇ ਨਹੀਂ ਹੋਵੇਗਾ। ਖਾਲਸਾ ਪੰਥ ਅੰਦਰ ਐਸੀਆਂ ਪਰਉਪਕਾਰੀ ਰੂਹਾਂ ਸਦਾ ਸਦਾ ਹੀ ਉਪਜਦੀਆਂ ਰਹਿਣਗੀਆਂ, ਜਿਨ੍ਹਾਂ ਦੀ ਪਨੀਰੀ ਰਹਿੰਦੀ ਦੁਨੀਆ ਤਾਈਂ ਲਹਿ-ਲਹਾਂਦੀ ਰਹੇਗੀ।

ਮਤ ਅੰਦੇਸ਼ਾ ਕਰੋ ਕਿ ਅੱਜ ਪੂਜਾ ਦੇ ਲੋਭੀਆਂ ਤੇ ਨਾਸਤਕਾਂ ਨੇ ਅਸਾਡੇ ਪੰਥ ਵਿਚੋਂ ਹੀ ਉੱਗ ਕੇ


www.AKJ.Org

ਗੁਰਦੁਆਰਾ ਫੰਡ ਸਾਂਭਣ ਦੀ ਹਮਾਕਤ ਕੀਤੀ ਹੈ, ਇਹ ਸਭ ਸੋਧੇ ਜਾਣਗੇ ਅਤੇ ਚੁਣ ਚੁਣ ਕੇ ਸੋਧੇ ਜਾਣਗੇ। ਮਸੰਦ-ਗਰਦੀ ਮਿਟ ਜਾਏਗੀ, ਨਾਸਤਕ-ਗਰਦੀ ਸਭ ਖੈ ਹੋ ਜਾਏਗੀ ਅਤੇ ਨਾਸਤਕਾ ਦੀ ਮਲੇਛਤਾ ਭੀ ਸਭ ਮਲੀਆਮੇਟ ਹੋ ਜਾਏਗੀ। ਓੜਕ ਦੁਸ਼ਟ-ਦਮਨ ਦਸਮੇਸ਼ ਗੁਰੂ ਦਾ ਦੁਲਾਰਾ ਪੰਥ ਸਾਰਿਆਂ ਦੀ ਦੁਸ਼ਟ-ਤਾਈ ਦੇ ਬਖੀਏ ਉਧੇੜ ਦੇਵੇਗਾ। ਧਰਮ ਦਾ ਖਾਲਸਾ ਹਲੇਮੀ ਰਾਜ ਹੋਵੇਗਾ, ਕੋਈ ਦੁਸ਼ਟ ਮਲੇਛ ਆਕੀ ਨਹੀਂ ਰਹੇਗਾ। ਮਲੇਛਾਂ ਦੀ ਸਫਾ ਉਠ ਜਾਏਗੀ। ਖੁਜਲ ਖੁਆਰ ਹੁੰਦੇ ਸਭ ਰਾਹੇ-ਰਾਸਤ ਉਤੇ ਆ ਜਾਣਗੇ ਅਤੇ ਸ੍ਰੀ ਦਸਮੇਸ਼ ਦੇ ਆਦਰਸ਼ ਤੇ ਚਲ ਕੇ ਹੀ ਦੇਸ਼-ਉੱਧਾਰ ਹੋਏਗਾ। ਦੇਸ਼ ਦਾ ਕੀ, ਸਾਰੇ ਜਗਤ ਦਾ ਉੱਧਾਰ ਹੋਏਗਾ ਅਤੇ ਸਮੂਹ ਜ਼ਾਲਮ ਦੁਸ਼ਟਾਂ ਦਾ ਨਾਸ ਹੋਵਗਾ।

ਧਰਮ ਧੁਰੰਧਰੀ ਮਰਯਾਦਾ ਪਰਸ਼ੋਤਮ ਸਤਿਗੁਰੂ ਦਸਮੇਸ਼ ਜੀ ਨੇ :—

ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ ॥ ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸਬਦ ਮਹਿ ਲੇਹ ॥

ਮਈ ਹੁਕਮ ਦਾ ਅਕਾਲੀ ਢੰਡੋਰਾ ਫੇਰ ਕੇ ਹਮੇਸ਼ਾ ਲਈ ਗੁਰੂ-ਡੰਮ੍ਹ-ਗਰਦੀ ਦਾ ਭੀ ਨਮੂਦ ਉਡਾ ਦਿੱਤਾ। ਜਿਸ ਪ੍ਰਕਾਰ ਆਪਣੇ ਜੀਵਨ, ਹਿਆਤੀ, ਦੁਸ਼ਟ-ਦਮਨਤਾ ਦੇ ਸੰਗ੍ਰਾਮ ਅੰਦਰ, ਦੁਸ਼ਟ-ਦਮਨ ਦਸਮੇਸ਼ ਸਤਿਗੁਰੂ ਨੇ ਆਪਣੇ ਹੱਥੀਂ ਮਸੰਦਾਂ ਦੀ ਗੁਰੂ-ਡੰਮ੍ਹ ਦਾ ਬਿਨਾਸ਼ ਕੀਤਾ ਏਸੇ ਪ੍ਰਕਾਰ ਸਤਿਗੁਰੂ ਦਸਮੇਸ਼ ਜੀ ਦਾ ਸਾਜਿਆ ਹੋਇਆ ਦੁਸ਼ਟ-ਦਮਨ-ਖਾਲਸਾ-ਪੰਥ ਵਰਤਮਾਨ ਹਾਲ ਦੀ ਵਧ ਰਹੀ ਗੁਰੂ-ਡੰਮ੍ਹ ਦਾ ਬੀਜ ਨਾਸ਼ ਕਰੇਗਾ ਅਤੇ ਜਦੋਂ ਜਦੋਂ ਭੀ ਇਹ ਬੀਮਾਰੀ ਫੇਰ ਉਗੇਗੀ ਤਦੋਂ ਤਦੋਂ ਹੀ ਗੁਰੂ ਖਾਲਸਾ ਇਸ ਬੀਮਾਰੀ ਨੂੰ ਦੂਰ ਕਰਦਾ ਰਹੇਗਾ, ਆਪਣੇ ਪਰਾਏ ਦੀ ਕਾਣ ਨਹੀਂ ਰਖੇਗਾ। [‘ਗੁਰਮਤਿ ਪ੍ਰਕਾਸ਼’ ਪੁਸਤਕ ਵਿਚੋਂ

---

# ਅੱਜ ਦਾ ਗੁਰੂ ਕਾ ਸਿਖ

ਇਹ ਗੱਲ ਸੂਰਜ ਵਾਂਗ ਉਜਾਗਰ ਹੈ ਕਿ ਅੱਜ ਦਾ ਸਿਖ ਪੁਰਾਤਨ ਗੁਰਸਿੱਖਾਂ ਵਰਗਾ ਨਹੀਂ ਰਿਹਾ। ਇਸ ਦਾ ਮੂਲ ਕਾਰਨ ਹੈ ਕਿ ਉਹ ਅਹਾਰ ਪੱਖੋਂ ਕਮਜ਼ੋਰ ਹੋ ਗਿਆ ਹੈ। ਅੱਜ ਜਿਹੜੀਆਂ ਕਮਜ਼ੋਰੀਆਂ, ਆਚਰਨ-ਹੀਨਤਾ, ਆਪਾ-ਧਾਪੀ, ਖ਼ੁਦਗਰਜ਼ੀ, ਚੌਧਰ ਦੀ ਭੁਖ ਆਦਿ ਦੋਸ਼ ਸਿਖ ਕੌਮ ਵਿਚ ਆ ਗਏ ਹਨ, ਇਸ ਦਾ ਮੂਲ ਕਾਰਨ ਹੀ ਮਾਸ ਸ਼ਰਾਬ ਜਿਹੀਆਂ ਨਿੰਦਤ ਵਸਤੂਆਂ ਦੀ ਵਰਤੋਂ ਹੈ। ਅੱਜ ਜੇਕਰ ਗੁਰੂ ਕੇ ਸਿੰਘਾਂ ਵਿਚ ਜਿਥੇ ਅੰਮ੍ਰਿਤ ਦੀ ਦਾਤਿ, ਪਾਵਨ ਗੁਰਬਾਣੀ ਦੀ ਬਖ਼ਸ਼ਸ਼, ਤਮਾਕੂ ਦੀ ਲਾਹਨਤ ਤੋਂ ਬਚਾਅ ਅਤੇ ਕੇਸਾਂ ਦੀ ਮਹਾਨ ਸ਼ਕਤੀ ਦੇ ਨਾਲ ਅਹਾਰ-ਪਵਿਤ੍ਰਤਾ ਵੀ ਆ ਜਾਏ ਅਤੇ ਗੁਰੂ ਕਾ ਸਿੰਘ ਜੇ ਮਾਸ ਸ਼ਰਾਬ ਜਿਹੀਆਂ ਤਾਮਸਿਕ ਵਸਤੂਆਂ ਦਾ ਵੀ ਤਿਆਗ ਕਰ ਦਏ ਤਾਂ ਯਕੀਨਨ ਇਸ ਵਿਚ ਪੁਰਾਤਨ ਸਿੰਘਾਂ ਵਾਲੀ ਵੀਰਤਾ ਮੁੜ ਸੁਰਜੀਤ ਹੋ ਸਕਦੀ ਹੈ। ਮੁੜ ਕੇ ਸਿੰਘ ਬਚਨ ਤੇ ਕਰਣੀ ਦਾ ਸੂਰਾ ਬਣ ਸਕਦਾ ਹੈ, ਮੁੜ ਇਸ ਦਾ ਆਚਰਨ ਦੁਸ਼ਮਣਾਂ ਦੇ ਮੂੰਹੋਂ ਵੀ ‘ਸਲਾਹਿਆ ਜਾਣ ਵਾਲਾ ਬਣ ਸਕਦਾ ਹੈ ਅਤੇ ਮੁੜ ਕ ਇਹ ਇਕੱਲਾ ਇਕੱਲਾ ਵੀ ਹਜ਼ਾਰਾਂ ਦੁਸ਼ਮਣਾਂ ਉਤੇ ਭਾਰੂ ਹੋ ਸਕਦਾ ਹੈ।

ਪੁਰਾਤਨ ਗੁਰ-ਸਿੰਘਾਂ ਵਿਚ ਉਪ੍ਰੋਕਤ ਗੁਣਾਂ ਦੇ ਨਾਲ ਆਪ-ਸੰਚਾਰੀ ਸ਼ਕਤੀ ਦੇ ਭਰੋਸੇ ਹੀ ਦਸਮ ਪਿਤਾ ਨੇ ਛਾਤੀ ਤਾਣ ਕੇ ਦਾਅਵਾ ਕੀਤਾ ਸੀ ਅਤੇ ਇਸ ਨੂੰ ਸੱਚ ਕਰ ਵਿਖਾਇਆ ਸੀ—‘ਸਵਾ ਲਾਖ ਸੇ ਏਕ ਲੜਾਊਂ’।

ਅੱਜ ਦਾ ਗੁਰਸਿਖ ਜ਼ਰਾ ਆਪਣੇ ਗਰੀਬਾਨ ਵਿਚ ਝਾਤੀ ਮਾਰ ਕੇ ਸੋਚਣ ਦੀ ਖੇਚਲ ਤਾਂ ਕਰੇ ਕਿ ਕੀ ਉਸ ਦੀ ਅੱਜ ਦੀ ਮੌਜੂਦਾ ਹਾਲਤ ਵਿਚ ਸਤਿਗੁਰੂ ਦਸਮੇਸ਼ ਪਿਤਾ ਦਾ ਉਪ੍ਰੋਕਤ ਦਾਅਵਾ ਸੱਚ ਸਾਬਤ ਹੋ ਸਕਦਾ ਹੈ ? [ਜੇ. ਪੀ. ਸੰਗਤ ਸਿੰਘ ਲਿਖਤ ਪੁਸਤਕ ‘ਸਿਖ ਧਰਮ ਤੇ ਮਾਸ ਸ਼ਰਾਬ’ ਵਿਚੋਂ



www.AKJ.Org

# ਅਜਿੱਤ ਸੂਰਾ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ-19]

ਸੱਚੀ ਸੁੱਚੀ ਸੂਰਮਗਤੀ ਕੇਵਲ ਸਰੀਰਕ ਬਹਾਦਰੀ ਦੀ ਲਖਾਇਕ ਨਹੀਂ; ਇਹ ਰੂਹਾਨੀ, ਮਾਨਸਕ ਤੇ ਸਰੀਰਕ ਬੀਰਤਾ ਦਾ ਸੁੰਦਰ ਸੁਮੇਲ ਹੈ। ਪਰਉਪਕਾਰੀ ਆਦਰਸ਼ ਬਿਨਾਂ, ਨਾਮ ਰੰਗ ਤੋਂ ਸੱਖਣਾ ਸੂਰਮਾ ਗੁਰਮਤਿ ਦੀ ਕਸੌਟੀ ਤੇ ਪੂਰਾ ਨਹੀਂ ਉੱਤਰਦਾ। ਸ਼੍ਰੋਮਣੀ ਅਤੁਲ ਸੂਰਾ ਆਪ ਨਿਰੰਕਾਰ ਹੈ, ਜਿਸ ਦੇ ਚਰਨ-ਕਮਲਾਂ ਦੀ ਪਾਵਨ ਧੂੜੀ ਪਾਰਸ ਕਲਾ ਵਰਤਾਉਣ ਲਈ ਸਮਰੱਥ ਹੈ। ਜੋਤਿ ਸਰੂਪੀ ਨਿਰੰਕਾਰ ਦੀ ਨੂਰੀ ਝਲਕ ਜਿਸ ਜੀਵ ਦੇ ਲੋਇਣਾਂ ਨੇ ਤੱਕੀ, ਉਸ ਨੂੰ ਕਠਨ ਆਤਮ ਗੜ੍ਹ ਜਿੱਤਣ ਵਿਚ ਕੋਈ ਔਖਿਆਈ ਨ ਹੋਈ। ਹਜ਼ੂਰ ਦਾ ਹੁਕਮ ਹੈ–

ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥
ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥੧੮॥
(ਮਾਝ ਮਹਲਾ ੫, ਪੰਨਾ ੯੯)

ਗੁਰਦੇਵ ਜੀ ਨੇ ਅਮਲੀ ਤੌਰ ਤੇ ਪੰਜੇ ਐਬਾਂ, ਵਿਸ਼ੇ ਵਿਕਾਰਾਂ, ਗਿਆਨ ਤੇ ਕਰਮ ਇੰਦ੍ਰੀਆਂ ਨੂੰ ਵਸੀਕਾਰ ਕਰ ਕੇ ਨਿਰੰਕਾਰ ਨਾਲ ਇੱਕਮਿੱਕਤਾ ਦਾ ਪਦ ਪਾਇਆ। ਵਿੱਥ-ਰਹੀ ਨਹੀਂ ਤੇ ਅਨੰਤ ਦੀ ਗਤਿ ਮਿਤਿ ਹਜ਼ੂਰ ਦੇ ਹਿਰਦੇ ਵਿਚ ਪੂਰਨ ਤੌਰ ਤੇ ਪ੍ਰਗਟ ਹੋ ਗਈ। ਇਉਂ ਸਚਾ ਸਤਿਗੁਰੂ ਨਿਰੰਕਾਰ ਦਾ ਨਿੱਜ ਰੂਪ ਹੋਣ ਕਰਕੇ, ਸਾਰੇ ਦੈਵੀ ਗੁਣਾਂ ਦਾ ਮਾਲਕ, ਪਰ ਵਿਸ਼ੇਸ਼ ਤੌਰ ਤੇ ਸੱਚੀ ਸੂਰਮਗਤੀ ਦਾ ਪੁੰਜ ਹੈ।

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥
ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥ (ਦਖਣੀ ਓਅੰਕਾਰੁ–੯੩੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾ-ਕੇਵਲ ਰੂਹਾਨੀਅਤ ਦੇ ਖੇਤਰ ਵਿਚ ਬਲਵਾਨ ਸਨ, ਬਲਕਿ ਮਾਨਸਕ ਤੇ ਸਰੀਰਕ ਤੌਰ ਤੇ ਵੀ ਰੱਬੀ ਸਿਫ਼ਤਾਂ ਦੇ ਧਾਰਨੀ, ਭਗਤੀ ਵਿਚ ਭਰਪੂਰ, ਸ਼ਕਤੀ-ਸ਼ਾਲੀ ਨਿਰਭੈ ਜੋਧੇ ਤੇ ਬੇਲਾਗ, ਬੇਦਾਗ ਸੂਰਮੇ ਸਨ। ਇਨ੍ਹਾਂ ਗੁਣਾਂ ਦਾ ਪ੍ਰਗਟਾਵਾ ਤਾਂ ਉਨ੍ਹਾਂ ਨੇ ਬਚਪਨ ਦੀ ਅਵਸਥਾ ਵਿਚ ਕੀਤਾ ਸੀ, ਜਦ ਉਹ ਪਟਨਾ ਵਿਚ ਆਪਣੇ ਬਾਲ-ਸਖਾਈ-ਮਿੱਤਰਾਂ-ਸਾਥੀਆਂ ਨਾਲ ਫ਼ੌਜਾਂ ਬਣਾ ਕੇ ਲੜਾਈ ਲੜਦੇ, ਸੈਨਾਪਤੀ ਦੇ ਰੂਪ ਵਿਚ ਕਮਾਨ ਸੰਭਾਲਦੇ, ਬਤੌਰ ਸਿਪਾਹੀ ਆਪ ਲੜਦੇ ਤੇ ਜੇਤੂ ਬਾਦਸ਼ਾਹ ਵਾਂਗ ਜਿੱਤਾਂ ਪ੍ਰਾਪਤ ਕਰ ਕੇ ਖ਼ੁਸ਼ੀਆਂ ਮਨਾਉਂਦੇ। ਗੁਲੇਲ ਤੇ ਤੀਰ ਨਾਲ ਨਿਸ਼ਾਨਾ ਲਾਉਣ ਦਾ ਅਭਿਆਸ ਕਰਨਾ, ਤੇ ਨਵਾਬ ਨੂੰ ਸਲਾਮ ਨਾ ਕਰਕੇ ਸੈ੍ਮਾਨਤਾ, ਦਲੇਰੀ ਤੇ ਨਿਡਰਤਾ ਦਾ ਸਬੂਤ ਦੇਣਾ ਬਿਨਾਂ ਪ੍ਰਯੋਜਨ ਨਹੀਂ ਸੀ। ਇਹ ਘਟਨਾ ਕਲਗੀਧਰ ਪਾਤਸ਼ਾਹ ਦੀ ਭਵਿੱਖ ਵਿਚ ਰੂਪ ਧਾਰਨ ਕਰਨ ਵਾਲੀ ਅਭੁੱਕ ਸ਼ਖ਼ਸੀਅਤ ਦੀ ਕ੍ਰਿਸ਼ਮਾਈ ਝਲਕ ਹੈ।

'ਅਜਿੱਤ' ਦਾ ਭਾਵ ਹੈ, ਜਿੱਤਿਆ ਨਾ ਜਾਣਾ। ਵੈਰੀ ਦੀ ਕੁਟਿਲ ਨੀਤੀ ਨੂੰ ਸਫਲ ਨਾ ਹੋਣ ਦੇਣਾ, ਮਾਨਸਕ ਤੌਰ ਤੇ ਈਨ ਨਾ ਮੰਨਣਾ, ਸੰਕਟ ਸਮੇਂ ਆਪ ਮਾਰਗ ਤੋਂ ਨਾ ਡਗਮਗਾਉਣਾ, ਪੈਰਾਂ ਨੂੰ ਥਿੜਕਣ ਤੋਂ ਬਚਾਉਣਾ, ਸਰੀਰਕ ਤੌਰ ਤੇ ਝੁੱਕਣਾ ਨਹੀਂ, ਟੋਟੇ ਟੋਟੇ ਕਰਵਾਉਣਾ ਪਰਵਾਨ ਕਰਨਾ, ਦਬਾਉ ਵਿਚ ਨ ਆਉਣਾ ਤੇ ਹਰਦਮ ਚੜ੍ਹਦੀਆਂ ਕਲਾਂ ਵਿਚ ਰਹਿਣਾ, ਆਦਿ ਅਜਿੱਤ ਸੂਰੇ ਦੇ ਲੱਛਣ ਹਨ।

ਦਸਮੇਸ਼ ਪਿਤਾ ਦੇ ਮਾਨਸਿਕ ਗੁਣ ਤੇ ਸਰੀਰਕ ਕਰਤਬ, ਇਨ੍ਹਾਂ ਗੁਣਾਂ ਤੋਂ ਕਿਤੇ ਜ਼ਿਆਦਾ ਉੱਚੇ ਹਨ, ਅਗਮ ਤੇ ਅਲੱਖ ਹਨ। ਇਨ੍ਹਾਂ ਦਾ ਵਰਨਣ ਚਾਹੇ ਕਿੰਨਾ ਵੱਡਾ ਬੁੱਧੀ-ਜੀਵੀ, ਗਿਆਨਵਾਨ ਜਾਂ ਸੰਤ ਪੁਰਸ਼ ਕਰੇ, ਉਹ ਅੰਸ਼ ਮਾਤਰ ਹੀ ਕਰ ਸਕੇਗਾ। ਹਜ਼ੂਰ ਨੇ ਜਿੰਨੇ ਵੀ ਜੁੱਧ ਕੀਤੇ, ਉਹ ਕਰਨੇ ਪਏ। ਆਪ ਜੀ ਨੇ, ਕਦੇ ਪਹਿਲ ਨਹੀਂ ਕੀਤੀ, ਆਕ੍ਰਮਕ ਲੜਾਈ ਨਹੀਂ ਛੇੜੀ ਤੇ ਹਮਲਾ ਨਹੀਂ ਕੀਤਾ। ਜਿੰਨੀਆਂ ਵਪ



www.AKJ.Org

ਲੜਾਈਆਂ ਲੜੀਆਂ, ਰੱਖਿਆਤਮਕ ਲੜੀਆਂ। ਜੁੱਧ ਦਾ ਉਦੇਸ਼ ਕੋਈ ਇਲਾਕਾ ਸਾਂਭਣਾ ਨਹੀਂ ਸੀ, ਨਾ ਹੀ ਭੈ ਦਾ ਵਾਤਾਵਰਨ ਪੈਦਾ ਕਰਨਾ, ਨਿਰਦੋਸ਼ ਹੱਤਿਆ ਕਰਨਾ, ਧਨ ਦੌਲਤ ਦੀ ਉਗਰਾਹੀ ਕਰਨੀ ਤੇ ਆਪਣੀ ਸ਼ਕਤੀ ਦੁਆਰਾ ਧੌਂਸ ਜਮਾਉਣਾ ਸੀ। ਇਸ ਦਾ ਮੰਤਵ, ਦੀਨ-ਦੁਖੀਆਂ ਦੀ ਰੱਖਿਆ ਕਰਨੀ, ਅੱਤਿਆਚਾਰੀ ਨੂੰ ਅਤਿਆਚਾਰ ਤੋਂ ਤੇ ਕੁਕਰਮੀ ਨੂੰ ਕੁਕਰਮ ਤੋਂ ਹਟਾਉਣਾ ਸੀ। ਇਸ ਪਰਉਪਕਾਰੀ ਕਾਰਜ ਨੂੰ ਪੂਰਾ ਕਰਨ ਲਈ ਦ੍ਰਿੜ੍ਹ ਇਰਾਦੇ ਨਾਲ ਜੂਝਣਾ ਅਤੇ ਤਨ, ਮਨ, ਧਨ ਕੁਰਬਾਨ ਕਰਨ ਤੋਂ ਪਿੱਛੇ ਨ ਹਟਣਾ ਅਸਲੀ ਸੂਰਮੇ ਦਾ ਧਰਮ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ [ਸਲੋਕ ਕਬੀਰ–੧੧੦੫

ਕਾਇਰ ਪੁਰਸ਼ ਲੜਾਈ ਦੇ ਮੈਦਾਨ ਵਿਚ ਜੰਮ ਕੇ ਨਹੀਂ ਲੜ ਸਕਦਾ, ਮੌਤ ਤੋਂ ਭੈ ਖਾਣ ਵਾਲਾ ਡਰਪੋਕ ਪੁਰਸ਼ ਆਪਣੀ ਜਾਨ ਬਚਾਉਣ ਖ਼ਾਤਰ ਕੋਈ ਨ ਕੋਈ ਬਹਾਨਾ ਬਣਾ ਕੇ ਖਿਸਕਣ ਦੀ ਕੋਸ਼ਸ਼ ਕਰਦਾ ਹੈ। ਸੂਰਮਾ ਜਦ ਮੈਦਾਨ ਮੱਲਦਾ ਹੈ ਤਾਂ ਉਹ 'ਨਿਸਚੈ ਕਰ ਅਪਨੀ ਜੀਤ ਕਰੋਂ' ਜ. ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ' ਦੇ ਕਰਤਬ ਨੂੰ ਨਿਭਾਏਗਾ। ਪਿੱਠ ਦਿਖਾ ਕੇ ਸੂਰਮਗਤੀ ਨੂੰ ਲਾਜ ਦਿਵਾਉਣਾ, ਉਸ ਨੇ ਸਿਖਿਆ ਹੀ ਨਹੀਂ। ਜਿਵੇਂ ਇਕ ਲਾਇਕ ਵਿਦਿਆਰਥੀ ਨੂੰ ਪ੍ਰੀਖਿਆ ਜਾਂ ਮੁਕਾਬਲੇ ਦਾ ਨਾਮ ਸੁਣ ਕੇ ਚਾਅ ਚੜ੍ਹਦਾ ਹੈ ਤਿਵੇਂ ਹੀ ਸੰਗਰਾਮ ਦਾ ਨਾਮ ਸੁਣ ਕੇ ਸੂਰਮੇ ਦੇ ਅੰਦਰ ਅੱਤੀ ਹੁੱਲਾਸ ਉਤਪੰਨ ਹੁੰਦਾ ਹੈ। ਸਾਰਾਂਸ਼, ਨਿਡਰਤਾ ਸਹਿਤ ਸੰਘਰਸ਼ ਉਸ ਦੇ ਜੀਵਨ ਦਾ ਵਿਸ਼ੇਸ਼ ਅੰਗ ਹੈ। ਪਾਵਨ ਹੁਕਮ ਹੈ–

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ ॥
ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥ (ਬਾਵਨ ਅਖਰੀ ਕਬੀਰ ਜੀਉ–੩੪੨)

ਇਹ ਸੂਰਮੇ ਦੀ ਢੁੱਕਵੀਂ ਪ੍ਰੀਭਾਸ਼ਾ ਹੈ। ਭਗਤ ਕਬੀਰ ਜੀ ਦੇ ਬਚਨ ਅਨੁਸਾਰ ਉਹ ਸੂਰਮਾ ਕਾਹਦਾ ਜੋ ਸਾਹਮਣੇ ਹੋ ਰਹੇ ਜੰਗ ਤੋਂ ਭੈ ਖਾਵੇ, ਤੇ ਉਹ ਸਤੀ ਕਾਹਦੀ ਜੋ ਸਤੀ ਹੋਣ ਦੇ ਮੌਕੇ 'ਤੇ ਭਾਂਡੇ ਸਾਂਭਣ ਦੇ ਆਹਰ ਲੱਗ ਜਾਵੇ। ਸੂਰਮਾ ਮਾਇਆ ਦੇ ਪ੍ਰਭਾਵ, ਨਾਸ਼ਮਾਨ ਸਰੀਰ ਦੇ ਪਿਆਰ, ਅਗਿਆਨਤਾ ਕਾਰਨ ਉਪਜੇ ਭਰਮ, ਦੁਚਿੱਤਾਪਨ, ਘਬਰਾਹਟ, ਡਾਵਾਂ ਡੋਲ ਅਵਸਥਾ ਤੇ ਢਹਿੰਦੀਆਂ ਕਲਾਂ ਨੂੰ ਦ੍ਰਿੜ੍ਹ ਸੰਕਲਪ ਦੇ ਸਾਹਮਣੇ ਫਟਕਣ ਨਹੀਂ ਦਿੰਦਾ।

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥
ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥
ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ਰਹਾਉ॥੬੮॥
(ਗਉੜੀ ਕਬੀਰ ਜੀ–੩੩੮)

ਅਝੁੱਕ ਮਨ ਤੇ ਦ੍ਰਿੜ੍ਹ ਇਰਾਦੇ ਦਾ ਮਾਲਕ ਕਦੇ ਵੀ ਹਾਰਿਆ ਨਹੀਂ ਗਿਣਿਆ ਜਾਂਦਾ। ਜੇ ਦੁਨੀਆ ਦੀਆਂ ਨਜ਼ਰਾਂ ਵਿਚ ਹਾਰ ਜੈਸਾ ਵਾਤਾਵਰਨ ਪ੍ਰਤੀਤ ਹੋਵੇ ਤਾਂ ਜੁਝਾਰੂ ਬੀਰ ਸ਼ਕੱਸਤ ਦਾ ਮੂੰਹ ਦੇਖਣ ਤੋਂ ਸ਼ਹਾਦਤ ਦਾ ਜਾਮ ਪੀਣ ਨੂੰ ਤਰਜੀਹ ਦਿੰਦਾ ਹੈ। ਇਸ ਬਿਵਸਥਾ ਵਿਚ ਸ਼ਹਾਦਤ ਹਾਰ ਦਾ ਨਹੀਂ, ਜਿੱਤ ਦਾ ਪ੍ਰਤੀਕ ਹੈ। ਚਮਕੌਰ ਦੀ ਗੜ੍ਹੀ ਵਿਚ ਦਸ ਲੱਖ ਮੁਗ਼ਲਾਂ ਦੀ ਫ਼ੌਜ ਨਾਲ ਟਾਕਰਾ ਕਰਨ ਵੇਲੇ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਜਜ਼ਬਾਤਿ-ਸ਼ੁਜਾਇਤ (ਬਹਾਦਰੀ) ਨੂੰ ਇਕ ਮੁਸਲਮਾਨ ਸ਼ਾਇਰ ਨੇ ਬਹੁਤ ਹੀ ਅਕੀਦਤ ਭਰੇ ਲਫ਼ਜ਼ਾਂ ਵਿਚ ਕਲਮਬੰਦ ਕੀਤਾ ਹੈ:-

ਮੈ ਨਾਮ ਕਾ ਅਜੀਤ ਹੂੰ, ਜੀਤਾ ਨ ਜਾਊਂਗਾ। ਜੀਤਾ ਤੋ ਖ਼ੈਰ ਹਾਰ ਕੇ ਜੀਤਾ ਨ ਆਊਂਗਾ।

ਲੱਗ ਪੱਗ ਚਾਲੀ ਭੁੱਖੇ ਸਿੰਘਾਂ ਨੂੰ ਸ਼ਹੀਦ ਕਰਨ ਅਤੇ ਗੜ੍ਹੀ ਤੇ ਕਬਜ਼ਾ ਕਰਨ ਦੇ ਸਿਵਾਇ, ਮੁਗਲ ਸੈਨਾ


www.AKJ.Org

ਨੂੰ ਕੁਛ ਭੀ ਪ੍ਰਾਪਤ ਨਹੀਂ ਹੋਇਆ। ਗੁਰੂ ਕਲਗੀਧਰ ਦਸਮੇਸ਼ ਪਿਤਾ ਜੀ, ਪੰਥ ਦੀ ਆਗਿਆ ਪਰਵਾਨ ਕਰ ਕੇ ਕਿਸ ਤਰ੍ਹਾਂ, ਚਨੌਤੀ ਦੇ ਕੇ ਵੈਰੀਆਂ ਦੀਆਂ ਸਫਾ ਚੀਰ ਕੇ ਬਾਹਰ ਨਿਕਲ ਗਏ, ਇਹ ਇਕ ਅਕੱਥ ਕਹਾਣੀ ਹੈ, ਕਲਪਨਾ ਤੇ ਸੋਚ ਦੀ ਉਡਾਰੀ ਤੋਂ ਬਹੁਤ ਉੱਚੀ। ਆਪਣੇ ਪਿਆਰੇ ਲਖਤ ਜਿਗਰ, ਦੋ ਵਡੇ ਸਾਹਿਬਜ਼ਾਦਿਆਂ ਨੂੰ ਆਪਣੇ ਸਾਹਮਣੇ ਤਲਵਾਰ ਦਾ ਜੌਹਰ ਵਿਖਾਂਦੇ ਤੱਕਿਆ, ਨੇੜੇ ਤੇ ਤਲਵਾਰਾਂ ਦੇ ਵਾਰ ਖਾਂਦੇ ਤੱਕਿਆ ਤੇ ਅੰਤਮ ਪੜਾਅ ਵਿਚ ਰਣ-ਭੂਮੀ ਅੰਦਰ ਸ਼ਹਾਦਤ ਪਾਂਦੇ ਤੱਕਿਆ। ਇਸ ਸਮੇਂ ਵਿਚ ਨਿਰਮੋਹੀ ਬਣ ਕੇ ਸ਼ੇਰ ਜੈਸੀ ਗਰਜ ਤੇ ਵੰਗਾਰ, ਮੀਨ ਜੈਸੀ ਚਪਲ ਜਾਂ ਫੁਰਤੀ ਤੇ ਹਿਰਨ ਜੈਸੀ ਤੇਜ਼ ਚਾਲ ਦੇ ਅਸਾਧਾਰਨ ਕੌਤਕ ਦਿਖਾ ਕੇ ਦੁਸ਼ਮਨ ਦੀਆਂ ਨਜ਼ਰਾਂ ਤੋਂ ਅਲੋਪ ਹੋ ਗਏ। ਸਰਬੰਸ-ਦਾਨੀ ਪਿਤਾ ਨੇ ਜ਼ਫਰਨਾਮੇ ਵਿਚ ਵੈਰੀ ਦੇ ਘੇਰੇ ਤੋਂ ਨਿਕਲਣ ਦਾ ਥੋੜਾ ਜਿਹਾ ਸੰਕੇਤ ਦਿੱਤਾ ਹੈ—

ਨ ਪੇਚੀਦਹ ਮੂਏ ਨ ਰੰਜੀਦਹ ਤਨ ॥ ਕਿ ਬਰੂੰ ਖ਼ੁਦ ਆਵੁਰਦ ਦੁਸ਼ਮਨ ਸ਼ਿਕਨ ॥੪੪॥

ਅਰਥਾਤ : ਨਾ ਹੀ ਸਾਡਾ ਵਾਲ ਵਿੰਗਾ ਹੋਇਆ, ਨਾ ਹੀ ਸਰੀਰ ਨੂੰ ਕਸ਼ਟ ਪਹੁੰਚਾ। ਵੈਰੀ ਦਾ ਸੰਘਾਰ ਕਰਨ ਵਾਲਾ ਪ੍ਰਮਾਤਮਾ ਆਪ ਆਪਣੀ ਕਲਾ ਵਰਤਾ ਕੇ ਸਾਨੂੰ ਮੁਗਲਾਂ ਦੇ ਘੇਰੇ ਵਿਚੋਂ ਬਾਹਰ ਲੈ ਆਇਆ। ਸਿਰਜਣਹਾਰ ਤੇ ਏਨਾ ਮਾਣ ਤੇ ਵਿਸ਼ਵਾਸ!

ਸੰਗਤ ਸਿੰਘ (ਜਾਂ ਸੰਤ ਸਿੰਘ) ਦੇ ਸਿਰ ਤੇ ਕਲਗੀ ਲੱਗੀ ਦੇਖ ਕੇ ਮੁਗਲਾਂ ਨੇ ਪਹਿਲਾਂ ਤਾਂ ਬਹੁਤ ਸ਼ਾਦਿਆਨੇ ਬਜਾਏ, ਪਰ ਹਕੀਕਤ ਖੁੱਲ੍ਹਣ ਤੇ ਮਾਯੂਸੀ, ਅਤੇ ਆਪਣੀ ਇਖਲਾਕੀ ਹਾਰ ਤੇ ਹੀ ਸਬਰ ਕਰਨਾ ਪਿਆ।

ਹਜ਼ੂਰ ਨੇ ਖਾਲਸੇ ਨੂੰ 'ਅਜਿੱਤ' ਦੀ ਸਥਿੱਤੀ ਤੋਂ ਹੋਰ ਉੱਚਾ ਉਠਾ ਕੇ ਜੇਤੂ ਦੀ ਸਥਿਤੀ ਤੇ ਜਾ ਬਿਠਾਲਿਆ। ਇਉਂ ਖਾਲਸੇ ਨੂੰ ਦੋਹਰਾ ਫ਼ਰਜ਼ ਨਿਭਾਉਣਾ, ਅਰਥਾਤ ਸਮੇਂ ਅਨੁਸਾਰ ਸ਼ਾਂਤਮਈ ਸ਼ਹਾਦਤ ਪਾਉਣ ਅਤੇ ਵੈਰੀ ਨੂੰ ਕਰਾਰੀ ਹਾਰ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ। ਪੰਜਾਬ ਦੀ ਧਰਤੀ ਤੋਂ ਕੋਹਾਂ ਦੂਰ, ਭੰਗਾਣੀ ਦੇ ਯੁੱਧ ਵਿਚ ਮੁਗਲਾਂ ਅੱਗੇ ਵਿਕੇ ਹੋਏ ਪਹਾੜੀ ਰਾਜਿਆਂ ਦੇ ਵਿਰੁੱਧ ਜੰਗੀ ਹੁਨਰਾਂ ਦਾ ਕਮਾਲ ਦਿਖਾ ਕੇ ਜਿਹੜੀ ਜਿੱਤ ਪ੍ਰਾਪਤ ਕੀਤੀ, ਉਸ ਦਾ ਵਰਨਣ ਗੁਰਦੇਵ ਜੀ ਆਪਣੀ ਪਾਵਨ ਲਿਖਤ ਦੁਆਰਾ ਕਰਦੇ ਹਨ :—

ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥ ਸੁ ਕਾਰੋੜ ਰਾਯੰ ॥ ਵਹੈ ਕਾਲ ਘਾਯੰ ॥੩੩॥
ਰਣੰ ਤਿਆਗਿ ਭਾਗੇ ॥ ਸਬੈ ਤ੍ਰਾਸ ਪਾਗੇ ॥ ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥
ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥ ਧਨੰ ਧਾਰ ਬਰਖੇ ॥ ਸਬੈ ਸੂਰ ਹਰਖੇ ॥੩੫॥
(ਬਚਿੱਤ੍ਰ ਨਾਟਕ, ਅਠਵਾਂ ਅਧਿ:, ਭੰਗਾਣੀ ਯੁੱਧ)

ਵੈਰੀ ਦੀ ਪ੍ਰਸੰਸਾ ਕਰਨੀ ਤੇ ਅਕਾਲ ਪੁਰਖ ਨੂੰ ਜਿੱਤ ਦੀ ਵਡਿਆਈ ਦਾ ਪਾਤਰ ਬਣਾਉਣਾ ਖ਼ਾਕੀ ਇਨਸਾਨ ਦਾ ਕੰਮ ਨਹੀਂ। ਹੰਕਾਰੀ ਬੰਦਾ ਦੂਸਰੇ ਦੀ ਉਪਮਾ ਕਰਨ ਸਮੇਂ ਸਮਝਦਾ ਹੈ ਕਿ ਉਸ ਦੀ ਆਪਣੀ ਹੇਠੀ ਹੁੰਦੀ ਹੈ, ਜਦ ਕਿ ਗੀਦੀ ਪੁਰਸ਼ ਦੀ ਜ਼ਮੀਰ ਹੀ ਮਰੀ ਹੋਈ ਹੁੰਦੀ ਹੈ।

ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਨੂੜੀ ਭਾਰਤੀ ਜਨਤਾ ਦੇ ਹੀਣਤਾ ਭਾਵ ਨੂੰ ਖ਼ਤਮ ਕਰਨਾ ਸੌਖਾ ਨਹੀਂ ਸੀ। ਸੋਢੀਆਂ ਦੀ ਖ਼ਾਨਦਾਨੀ ਕੁਰਬਾਨੀ, ਦ੍ਰਿੜ੍ਹ ਸੰਕਲਪ ਤੇ ਅਨੁਸ਼ਾਸਕ ਯੋਗਤਾ ਨੇ ਇਸ ਭਾਵਨਾ ਨੂੰ ਜੜ੍ਹ ਤੋਂ ਖ਼ਤਮ ਕਰ ਕੇ ਗੁਰਸਿੱਖਾਂ ਦਾ ਹਿਰਦਾ ਇਨਕਲਾਬੀ ਜਜ਼ਬੇ ਨਾਲ ਲਬਾ-ਲਬ ਭਰ ਦਿੱਤਾ। ਇਹ ਸੀ ਹਜ਼ੂਰ ਦਾ ਅਲੌਕਿਕ ਚਮਤਕਾਰ। ਅੰਮ੍ਰਿਤ ਪਾਨ ਨੇ ਮੁਰਦਾ ਰੂਹਾਂ ਵਿੱਚ ਸਦੀਵੀ ਜ਼ਿੰਦਗੀ ਭਰ ਕੇ ਮੁਗਲ ਦੇ ਤਖ਼ਤ ਨੂੰ ਵਖਤ ਵਿਚ ਪਾ ਦਿੱਤਾ। ਹਜ਼ੂਰ ਨੇ ਪ੍ਰਸੰਨ ਹੋ ਕੇ ਖਾਲਸੇ ਦੇ ਕਾਰਨਾਮਿਆਂ ਦੀ ਸਰਬ-ਪੱਖੀ ਗੌਰਵਤਾ ਨੂੰ ਬਹੁਤ ਮਾਣ ਨਾਲ ਜੱਗ ਵਿਚ ਉਜਾਗਰ ਕੀਤਾ :—

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥

ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀਂ ਮੋ ਸੇ ਗਰੀਬ ਕਰੋਰ ਪਰੇ ॥੬੪੫॥
(ਗਿਆਨ ਪ੍ਰਬੋਧ ਪਾ: ੧੦)

ਜੰਗਾਂ ਕੇਵਲ ਜੰਗੀ ਚਾਲਾਂ, ਬਾਹੂ-ਬਲ ਤੇ ਆਧੁਨਿਕ ਹਥਿਆਰਾਂ ਦੁਆਰਾ ਹੀ **ਜਿੱਤੀਆਂ ਨਹੀਂ** ਜਾਂਦੀਆਂ। ਜਿਸ ਕੌਮ ਵਿੱਚ ਚੜ੍ਹਦੀ ਕਲਾ ਤੇ ਆਪਾ ਵਾਰਨ ਦੇ ਜਜ਼ਬੇ ਦੀ ਘਾਟ ਹੈ, ਉਹ **ਬਹੁ-ਗਿਣਤੀ ਵਿੱਚ** ਹੁੰਦੀ ਹੋਈ ਵੀ ਹਾਰ ਨੂੰ ਆਪਣੀ ਝੋਲੀ ਵਿਚ ਪੁਆਵੇਗੀ। ਇਨ੍ਹਾਂ ਗੁਣਾਂ ਨੂੰ ਉਤਪੰਨ ਕਰਨ ਤੇ **ਕਾਇਮ ਰੱਖਣ** ਲਈ ਵਿਸ਼ਵਾਸ ਤੇ ਅਰਦਾਸ ਨੇ ਅੱਜ ਤੱਕ ਜਿਹੜੀ ਸਫਲ ਭੂਮਿਕਾ ਨਿਭਾਈ ਹੈ, ਉਸ ਤੋਂ ਲਾਭ **ਉਠਾਉਣ ਲਈ** ਸਾਡੇ ਦੇਸ਼ ਦੀ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਸਵੱਯੇ ਦੀ ਓਟ ਲਈ ਹੈ। ਜਦ **ਵੀ ਬਾਹਰਲੀ** ਤਾਕਤ ਨਾਲ ਜੰਗ ਲੜਨੀ ਪਈ ਹੈ, ਇਸ ਦਾ ਸੰਗੀਤਕ ਸ਼ਕਲ ਵਿਚ ਉਚਾਰਣ ਭਾਰਤ ਦੇ **ਕੋਨੇ ਕੋਨੇ ਵਿਚ** ਸੁਣਾਈ ਦਿੰਦਾ ਰਿਹਾ ਹੈ। ਹਜ਼ੂਰ ਦਾ ਫੁਰਮਾਨ ਹੈ :—

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰਿ ਆਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥ **(ਚੰਡੀ ਚਰਿਤ੍ਰ)**

ਦਸਮ ਪਿਤਾ ਜੀ ਨੇ ਆਪਣੀ ਜਿੱਤ ਤੇ ਮੁਗਲ ਹਕੂਮਤ ਦੀ ਇਖ਼ਲਾਕੀ ਹਾਰ ਦਾ **ਵਿਸਥਾਰ ਪੂਰਬਕ** ਵਰਨਣ, ਔਰੰਗਜ਼ੇਬ ਨੂੰ ਲਿਖ ਕੇ ਆਪਣੀ ਅਝੁੱਕ ਵਿਅਕਤੀਤਵ ਦਾ ਪ੍ਰਗਟਾਵਾ ਕੀਤਾ ਹੈ। ਫਤਿਹ ਦਾ ਇਹ **ਖ਼ਤ,** ਜਿਸ ਦਾ ਨਾਮ 'ਜ਼ਫ਼ਰਨਾਮਾ' ਹੈ, ਬਾਦਸ਼ਾਹ ਦੇ ਅਤਿਆਚਾਰ, ਵਾਇਦਾ-ਸ਼ਿਕਨੀ ਤੇ ਅਯੋਗ **ਕਰਮਾਂ ਦਾ, ਅਤੇ** ਖਾਲਸੇ ਦੀ ਬਹਾਦਰੀ, ਕੁਰਬਾਨੀ ਤੇ ਨਿਡਰਤਾ ਦਾ ਚਿਤ੍ਰਣ ਹੈ। ਇਸ ਦੇ ਇਲਾਵਾ ਹਜ਼ੂਰ **ਦੀਆਂ ਆਪਣੀਆਂ** ਇਲਾਹੀ ਸਿਫਤਾਂ—ਧੀਰਜ, ਨੈਤਿਕ ਤੇ ਚਰਿੱਤਰ ਬਲ, ਬੁਲੰਦ ਹੌਸਲਾ, ਅਣਥੱਕ ਜੀਵਨ ਤੇ ਤੀਰੰਦਾਜ਼ੀ ਦੇ **ਕਮਾਲ** ਦਾ ਮੂਰਤੀਮਾਨ ਦ੍ਰਿਸ਼ ਹੈ।

ਜੇ ਭੱਟਾਂ ਦੀਆਂ ਨਜ਼ਰਾਂ ਵਿੱਚ ਗੁਰੂ ਅਰਜਨ ਦੇਵ ਜੀ 'ਭਗਤਿ ਜੋਗ ਕਉ ਜੈਤਵਾਰੁ' **(ਪੰਨਾ ੧੪੦੭)** ਹਨ ਤਾਂ ਭਾਈ ਨੰਦ ਲਾਲ ਨੇ ਹਜ਼ੂਰ ਦੇ ਬੀਰ-ਰਸੀ ਸਰੂਪ ਨੂੰ ਆਪਣੀਆਂ ਮੁਬਾਰਕ ਨਿਗਾਹਾਂ **ਨਾਲ** ਨਿਹਾਰ ਕੇ ਇਉਂ ਬਿਆਨਿਆ ਹੈ— ਫਾਤਿਹੇ ਹਰ ਬਾਬ ਗੁਰੂ ਗੋਬਿੰਦ ਸਿੰਘ ॥ ੧੪੯ ॥

ਇਨ੍ਹਾਂ ਜਿੱਤਾਂ ਦਾ ਸੋਮਾ ਨਾਮ-ਧਾਰੀਕ ਸੋਮਿਆਂ ਤੋਂ ਵਿਲੱਖਣ ਇਕ ਤਿਕੋਨੇ ਸੰਬੰਧ ਦਾ **ਚਮਤਕਾਰ ਹੈ।** ਇਹ ਅਨੋਖਾ ਚਮਤਕਾਰ ਪ੍ਰਤੱਖ ਰੂਪ ਵਿਚ (੧) ਅਕਾਲ ਪੁਰਖ ਦੀ ਸਰਬ ਕਲਾ ਸਮੱਰਥ ਸੱਤਾ, **(੨) ਉਸ ਦੀ** ਵਿਜੈ, ਅਤੇ (੩) ਖਾਲਸੇ ਦੀ ਅਨਿੱਖੜਵੀਂ ਹੋਂਦ ਦੀ ਇਕੱਠੀ, ਮਿਲਵੀਂ ਸ਼ਕਤੀ ਹੈ। ਇਸ ਸ਼ਕਤੀ **ਨੂੰ ਗ੍ਰਹਿਣ** ਕਰਨ ਤੇ ਸੰਭਾਲਣ ਲਈ ਖਾਲਸਾ ਪੰਥ ਹਰੇਕ ਯੋਗ ਸਮੇਂ ਜੋਸ਼ੀਲੀ ਆਵਾਜ਼ ਵਿਚ ਦੁਹਰਾਉਂਦਾ ਹੈ :—

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ।

---

# ਪ੍ਰਚਲਤ ਹੋ ਰਹੀਆਂ ਤਿੰਨ ਭੁਲਾਂ

ਆਸਾ ਦੀ ਵਾਰ ਦੇ ਪਾਠ/ਕੀਰਤਨ ਸਮੇਂ ਤਿੰਨ ਪ੍ਰਚਲਤ ਹੋ ਰਹੀਆਂ ਭੁਲਾਂ ਨੂੰ ਸੋਧ ਲਈਏ—

(੧) ਆਪੇ ਸਾਜੇ ਕਰੇ ਆਪਿ, **'ਜਾਈ'** ਭਿ ਰਖੈ ਆਪਿ ॥੨॥੨੪॥ **(ਜਾਈ—ਜਣੀ ਹੋਈ ਸ੍ਰਿਸਟੀ) 'ਜਾਇ' ਅਸ਼ੁਧ ਹੈ।**

(੨) ਜੇ ਮੋਹਾਕਾ ਘਰੁ ਮੁਹੈ, ਘਰੁ **'ਮੁਹਿ'** ਪਿਤਰੀ ਦੇਇ ॥੧॥੧੭॥ (ਮੁਹਿ—ਲੁਟ ਕੇ) **'ਮਹਿ' ਅਸ਼ੁਧ ਹੈ।**

(੩) ਪੰਖੀ **'ਭਉਦੀਆ'** ਲੈਨਿ ਨ ਸਾਹ ॥ 'ਭਉਦਿਆ' ਅਸ਼ੁਧ ਹੈ।



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ

ਨੋਟ :—ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਦੇ ਨਾਂ ਲਿਖਿਆ ਜ਼ਫ਼ਰਨਾਮਾ' (ਵਿਜੈ-ਪੱਤਰ) ਫ਼ਾਰਸੀ ਹਰੂਫ਼ ਵਿਚ ਅਤੇ ਗੁਰਮੁਖੀ ਅਖਰਾਂ ਵਿਚ ਅਰਥਾਂ ਸਮੇਤ ੧੯੬੪ ਵਿਚ ਛਪਵਾਇਆ ਗਿਆ, ਜੋ ਹੁਣ ਤਕ ਕਈ ਵਾਰ ਛਪ ਚੁਕਿਆ ਹੈ। ਇਸ ਦੇ ਅਰੰਭ ਵਿਚ ਸੰਪਾਦਕ ਨੇ 'ਜ਼ਫ਼ਰਨਾਮੇ ਬਾਰੇ' ਇਕ ਬਹੁਤ ਵਿਦਵਤਾ ਤੇ ਖੋਜ-ਭਰਿਆ ਲੇਖ ਦਿਤਾ ਹੈ, ਜਿਸ ਵਿਚੋਂ ਕੁਝ ਹਿੱਸਾ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕਰ ਰਹੇ ਹਾਂ। —ਸੰਪਦਕ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਮਹਾਂ ਪੁਰਸ਼ ਸਨ, ਜਿਨ੍ਹਾਂ ਹਿੰਦੁਸਤਾਨ ਨੂੰ ਅਮਲੀ ਤੌਰ ਤੇ ਅਜ਼ਾਦੀ ਦੇ ਰਾਹ ਤੋਰਿਆ। ਜਿਥੇ ਉਨ੍ਹਾਂ ਦੇ ਸ਼ਾਨਦਾਰ ਇਤਿਹਾਸਕ ਕਾਰਨਾਮੇ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ, ਉਥੇ ਉਨ੍ਹਾਂ ਦੀ ਲਿਖਤ ਵੀ ਇਸ ਅਸਲੀਅਤ ਨੂੰ ਸਾਫ਼ ਸਾਫ਼ ਸਪੱਸ਼ਟ ਕਰਦੀ ਹੈ। ਆਪ ਦਾ ਅਕਾਲੀ ਵਿਸ਼ਵਾਸ, ਅਡੋਲ ਦ੍ਰਿੜ੍ਹਤਾ, ਅਤੁਟ ਨਿਰਭੈਤਾ, ਲਾਸਾਨੀ ਦਲੇਰੀ, ਬੇਅੰਦਾਜ਼ ਉਤਸ਼ਾਹ ਆਖਣ ਵਿਚ ਨਹੀਂ ਆ ਸਕਦਾ। ਇਨ੍ਹਾਂ ਗੁਣਾਂ ਦਾ ਵਧੇਰੇ ਨਿਖਾਰ ਅਸੀਂ ਉਨ੍ਹਾਂ ਦੇ ਜੀਵਨ ਵਿਚ ਅਨੰਦਪੁਰ ਤਿਆਗਣ ਤੋਂ ਲੈ ਕੇ ਸ੍ਰੀ ਹਜ਼ੂਰ ਸਾਹਿਬ ਜਾ ਕੇ ਸਰੀਰ ਤਿਆਗਣ ਦੀ ਜੀਵਨ-ਝਾਕੀ ਵਿਚੋਂ ਸਹਿਜੇ ਹੀ ਚੰਗੀ ਤਰ੍ਹਾਂ ਵੇਖ ਸਕਦੇ ਹਾਂ।

ਇਹ ਉਹ ਸਮਾਂ ਹੈ ਜਦੋਂ ਉਨ੍ਹਾਂ ਨੂੰ ਆਪਣੇ ਪਵਿੱਤਰ ਆਦਰਸ਼ਾਂ ਲਈ ਆਪਣਾ ਘਰ ਬਾਰ, ਧਨ ਮਾਲ ਤੇ ਪਰਿਵਾਰ ਸਭ ਕੁਝ ਹੀ ਸੰਕਟ ਵਿਚ ਪਾਉਣਾ ਪਿਆ ਸੀ। ਪਰੰਤੂ ਅਜਿਹੇ ਸੰਕਟ ਕਾਲ ਵਿਚ ਵੀ ਉਨ੍ਹਾਂ ਦਾ ਮਨ ਚੜ੍ਹਦੀ ਕਲਾ ਵਿਚ ਰਿਹਾ। ਇੱਸ ਗੱਲ ਦੀ ਗਵਾਹੀ ਸਾਨੂੰ ਉਨ੍ਹਾਂ ਵਲੋਂ ਉਸ ਸਮੇਂ ਦੇ ਜਾਬਰ ਤੇ ਅਤਿਆਚਾਰੀ ਬਾਦਸ਼ਾਹ ਔਰੰਗਜ਼ੇਬ ਵਲ ਲਿਖੇ ਗਏ ਦੋ ਫ਼ਾਰਸੀ ਪਤਰਾਂ ਤੋਂ ਭਲੀ ਪ੍ਰਕਾਰ ਮਿਲਦਾ ਹੈ। ਇਨ੍ਹਾਂ ਚਿੱਠੀਆਂ ਦਾ ਅੱਖਰ ਅੱਖਰ ਗੁਰੂ ਜੀ ਦੀ ਨਿਰਭੈਤਾ ਤੇ ਸ੍ਵੈ-ਸਤਿਕਾਰ ਦੀ ਮੂੰਹ-ਬੋਲਦੀ ਤਸਵੀਰ ਹੈ।...

**ਜ਼ਫ਼ਰਨਾਮਾ—**

ਜ਼ਫ਼ਰਨਾਮਾ ਦਸਮ ਗ੍ਰੰਥ ਦੀ ਬੀੜ ਦੇ ਅੰਤ ਵਿਚ ਦਰਜ ਮਿਲਦਾ ਹੈ। ਇਹ ੧੭੬੨ ਬਿਕ੍ਰਮੀ ਦੇ ਮੁਢ ਵਿਚ ਦੀਨੇ ਕਾਂਗੜ (ਜ਼ਿਲਾ ਫ਼ੀਰੋਜ਼ਪੁਰ) ਦੇ ਮੁਕਾਮ ਤੋਂ ਸ੍ਰੀ ਦਸਮੇਸ਼ ਗੁਰੂ ਨੇ ਔਰੰਗਜ਼ੇਬ ਦੇ ਨਾਮ ਲਿਖਿਆ ਸੀ। ਇਸ ਦੇ ਕੁਲ ਪ੍ਰਾਪਤ ਸ਼ੇਅਰ ੧੧੨ ਜਾਂ ੧੧੫ ਹਨ। ਮਾਲਵੇ ਵਿਚ ਕਾਂਗੜ, ਸਿਧੂ ਬੈਰਾੜਾਂ ਦੀ ਤਾਕਤ ਦਾ ਗੜ੍ਹ ਸੀ। ਰਾਇ ਜੋਧ ਦੇ ਪੁੱਤਰ ਤਖ਼ਤ ਮੱਲ, ਲਖਮੀਰ ਤੇ ਸ਼ਮੀਰ ਆਦਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਸਤਿਗੁਰੂ ਚਮਕੌਰ ਦੀ ਜੰਗ ਬਾਅਦ ਇਨ੍ਹਾਂ ਪਾਸ ਹੀ ਆ ਕੇ ਠਹਿਰੇ ਸਨ ਤੇ ਇਥੋਂ ਹੀ ਆਪ ਨੇ ਇਹ ਖ਼ਤ (ਜ਼ਫ਼ਰਨਾਮਾ) ਲਿਖ ਕੇ ਭਾਈ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਪਾਸ ਅਹਿਮਦ ਨਗਰ ਪਹੁੰਚਦਾ ਕੀਤਾ ਸੀ। ਕਿਉਂਕਿ ਉਸ ਸਮੇਂ ਬਾਦਸ਼ਾਹ ਦੱਖਣ ਵਿਚ ਬਗਾਵਤ ਦਬਾਉਣ ਲਈ ਗਿਆ ਹੋਇਆ ਸੀ ਤੇ ਦੇਰ ਤੋਂ ਉਥੇ ਹੀ ਟਿਕਿਆ ਹੋਇਆ ਸੀ।...

**ਜ਼ਫ਼ਰਨਾਮੇ ਵਿਚ ਆਏ ਜ਼ਰੂਰੀ ਨੁਕਤੇ—**

੧. ਜ਼ਫ਼ਰਨਾਮੇ ਦਾ ਹਰ ਸ਼ਬਦ ਚੜ੍ਹਦੀ ਕਲਾ ਦੀ ਉਗਾਹੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਕਾਲ ਪੁਰਖ ਉਤੇ ਅਟੱਲ ਭਰੋਸਾ ਤੇ ਸਾਹਸ ਕਿੰਨਾ ਦ੍ਰਿੜ੍ਹ ਤੇ ਮਜ਼ਬੂਤ ਸੀ, ਉਹ ਹਿੰਦ ਦੀ ਵੱਡੀ ਸਲਤਨਤ ਨਾਲ ਟੱਕਰ ਲੈਂਦੇ ਤੇ ਸੰਕਟਾਂ ਵਿਚੋਂ ਲੰਘ ਕੇ ਵੀ ਆਪਣੇ ਆਪ ਨੂੰ ਅਡੋਲ ਰਖਦੇ ਹਨ। ਉਹ ਸਾਫ਼ ਕਹਿੰਦੇ ਹਨ, ਹੇ ਔਰੰਗਜ਼ੇਬ! ਜੇ ਤੇਰੀ ਨਿਗਾਹ ਲਸ਼ਕਰ ਅਤੇ ਮਾਲ ਖ਼ਜ਼ਾਨਿਆਂ ਤੇ ਹੈ ਤਾਂ ਮੇਰੀ ਨਜ਼ਰ ਕੇਵਲ ਆਪਣੇ ਪ੍ਰਭੂ ਤੇ ਲਗੀ ਹੋਈ ਹੈ—

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ। ਕਿ ਮਾ ਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ।੧੦੨।



www.AKJ.Org

ਕਿ ਊ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ । ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ ।੧੦੩।

ਚਮਕੌਰ ਦੀ ਗੜ੍ਹੀ ਵਿਚ ਚਾਲੀ ਭੁਖਣ-ਭਾਣੇ ਸਿੱਖਾਂ ਦੇ ਦਸਤੇ ਨੂੰ ਬੇਸ਼ੁਮਾਰ ਫ਼ੌਜ ਦੇ ਟਿੱਡੀ ਦਲ ਨਾਲ ਟਕਰਾ ਦੇਣਾ ਇਸੇ ਨਿਸਚੇ ਦਾ ਸ਼ਾਨਦਾਰ ਕਾਰਨਾਮਾ ਹੈ ।

੨. ਇਸ ਚਿੱਠੀ ਵਿਚ ਜਿਥੇ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸੰਸਾ ਕੀਤੀ ਗਈ ਹੈ, ਉਥੇ ਨਿਝੱਕ ਹੋ ਉਸ ਦੀਆਂ ਕਮਜ਼ੋਰੀਆਂ ਤੇ ਔਗਣਾਂ ਤੋਂ ਵੀ ਪਰਦਾ ਚੁਕਿਆ ਹੈ। ਉਸ ਸਮੇਂ ਇਹ ਕਿਸੇ ਦੀ ਮਜਾਲ ਨਹੀਂ ਸੀ ਕਿ ਮੁਗਲ ਸਾਮਰਾਜ ਦੇ ਉਸ ਵੱਡੇ ਥੰਮ੍ਹ ਨੂੰ ਕੋਈ ਵੰਗਾਰ ਸਕੇ, ਪਰ ਗੁਰੂ ਸਾਹਿਬ ਨੇ ਪੂਰੀ ਨਿਰਭੈਤਾ ਨਾਲ ਕਿਹਾ ਕਿ ਬੇਸ਼ਕ ਤੂੰ ਮੁਲਕ ਦਾ ਬਾਦਸ਼ਾਹ ਹੈਂ, ਪਰ ਈਮਾਨਦਾਰੀ ਤੇ ਧਰਮ ਤੋਂ ਸੱਚਮੁੱਚ ਸੱਖਣਾ ਹੀ ਹੈਂ—

ਸ਼ਹਨਸ਼ਾਹਿ ਔਰੰਗਜ਼ੇਬ ਆਲਮੀਂ । ਕਿ ਦਾਰਾਇ ਦੌਰ ਅਸਤੁ ਦੂਰਸਤ ਦੀਂ ।੧੯।

ਆਖ਼ਰ ਤਾੜਨਾ ਵੀ ਕੀਤੀ ਕਿ ਤੂੰ ਬੇਵਫ਼ਾ ਜ਼ਮਾਨੇ ਦੇ ਚੱਕਰ ਵਲ ਵੇਖ ਕਿਵੇਂ ਉਹ ਸਭ ਨੂੰ ਚੀਰਦਾ ਜਾ ਰਿਹਾ ਹੈ ਤੇ ਇਕ ਦਿਨ ਤੈਨੂੰ ਵੀ ਇਹ ਆਪਣਾ ਸ਼ਿਕਾਰ ਜ਼ਰੂਰ ਬਣਾ ਲਵੇਗਾ–

ਬਬੀਂ ਗਰਦਸ਼ਿ ਬੇਵਫ਼ਾਇ ਜ਼ਮਾਂ । ਕਿ ਬਰ ਹਰ ਬਗੁਜ਼ਰਦ ਮਕੀਨੋ ਮਕਾਂ ।੧੦੫।

ਅਤੇ– ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ । ਤੁਰਾ ਨੀਜ਼ ਖ਼ੂ ਚਰਖ਼ ਰੇਜ਼ਦ ਬਾ ਤੇਗ ।੬੯।

ਜਿਥੋਂ ਤਕ ਤੇਰੀ ਇਸਲਾਮ ਮਜ਼੍ਹਬ ਦੀ ਸੇਵਾ ਦਾ ਤੱਲਕ ਹੈ, ਇਹ ਵੀ ਇਕ ਢੋਂਗ ਹੀ ਹੈ । ਨਾ ਤੂੰ ਸੱਚੇ ਦੀਨੀ ਢੰਗਾਂ ਤੇ ਚਲਣ ਵਾਲਾ ਹੈਂ ਤੇ ਨਾ ਹੀ ਤੇਰਾ ਹਜ਼ਰਤ ਦੇ ਦੱਸੇ ਅਸੂਲਾਂ ਤੇ ਕੋਈ ਯਕੀਨ ਹੈ—

ਨ ਈਮਾਂ ਪ੍ਰਸਤੀ, ਨ ਔਜ਼ਾਇ ਦੀਂ । ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ ।੪੬।

ਗੁਰੂ ਸਾਹਿਬ ਨੇ ਇਕ ਗੱਲ ਹੋਰ ਵੀ ਚੇਤੇ ਕਰਾਈ ਹੈ ਕਿ ਇਸਲਾਮ ਬੁੱਤ-ਪ੍ਰਸਤੀ ਦੇ ਖ਼ਿਲਾਫ਼ ਹੈ, ਮੈਂ ਵੀ ਬੁੱਤ-ਪ੍ਰਸਤੀ ਦਾ ਹਾਮੀ ਨਹੀਂ; ਪਰ ਤੂੰ ਇਸ ਅਸੂਲ ਨੂੰ ਵੀ ਛਿੱਕੇ ਟੰਗ ਕੇ ਬੁੱਤ-ਪ੍ਰਸਤ ਪਹਾੜੀਆਂ ਨਾਲ ਸਾਂਝਾ-ਗਾਂਢਾ ਕੀਤਾ ਹੈ । ਇਹ ਤੇਰੀ ਧਰਮ-ਵਿਰੋਧੀ ਕਾਰਵਾਈ ਸਲਾਹੀ ਨਹੀਂ ਜਾ ਸਕਦੀ ।

੩. ਗੁਰੂ ਸਾਹਿਬ ਇਸ ਚਿੱਠੀ ਦਾ ਸਿਰਲੇਖ ਹੀ 'ਵਿਜੈ-ਪੱਤਰ' (ਜ਼ਫ਼ਰਨਾਮਾ) ਰਖਦੇ ਹਨ, ਉਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਨੇਕੀ ਦੀ ਜਿੱਤ ਵਿਚ ਕਿਤਨਾ ਅਤੁੱਟ ਵਿਸ਼ਵਾਸ਼ ਸੀ। ਅਨੰਦਪੁਰ ਦੇ ਉਜਾੜੇ, ਬਰਬਾਦੀ ਤੇ ਪਰਿਵਾਰ ਦੀਆਂ ਹਿਰਦੇ-ਵੇਧਕ ਮੌਤਾਂ ਨੇ ਉਨ੍ਹਾਂ ਦੇ ਇਸ ਨਿਸਚੇ ਨੂੰ ਡੋਲਣ ਨਹੀਂ ਦਿੱਤਾ। ਉਨ੍ਹਾਂ ਕਿਹਾ, 'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿਤੇ ਗਏ, ਆਖ਼ਰ ਮਾਸੂਮ ਦੀ ਕਾਤਲ ਸ਼ਹਿਨਸ਼ਾਹੀਅਤ ਬੁਰੀ ਤਰ੍ਹਾਂ ਮਾਰ ਖਾਏਗੀ ਤੇ ਜੀਉਂਦੀ ਜਾਗਦੀ ਜਨਤਾ—ਭੁਝੰਗੀ ਖ਼ਾਲਸਾ—ਵਧੇ ਫੁਲੇਗਾ—

ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ । ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ ।੭੫।

੪. ਮਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਲੜਾਈ ਤੇ ਖ਼ੂਨ ਖ਼ਰਾਬੇ ਦੇ ਹੱਕ ਵਿਚ ਨਹੀਂ ਸਨ । ਉਹ ਚਾਹੁੰਦੇ ਸਨ ਕਿ ਹਰ ਹੀਲੇ ਗੱਲ-ਬਾਤ ਤੇ ਅਮਨ-ਅਮਾਨ ਦੇ ਤਰੀਕੇ ਨਾਲ ਮਾਮਲੇ ਨੂੰ ਨਿਪਟਾਇਆ ਜਾਵੇ । ਪਰ ਜਦ ਇਹ ਸ਼ਾਂਤੀ ਦੇ ਤਰੀਕੇ ਕਾਰਗਰ ਸਾਬਤ ਨਾ ਹੋਣ ਤਾਂ ਉਹ ਦੁਸ਼ਟ ਦਮਨ ਲਈ ਤਲਵਾਰ ਦੀ ਵਰਤੋਂ ਵੀ ਜਾਇਜ਼ ਸਮਝਦੇ ਸਨ, ਸਾਫ਼ ਕਿਹਾ ਹੈ—

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ । ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।੨੨।

ਜਦੋਂ ਉਨ੍ਹਾਂ ਚਮਕੌਰ ਦੀ ਗੜ੍ਹੀ ਵਿਚ ਲੜਾਈ ਲੜਦਿਆ ਅਗੇ ਵਧ ਰਹੇ ਨਾਹਰ ਖ਼ਾਂ ਦੇ ਤੀਰ ਮਾਰਿਆ ਤਾਂ ਉਹ ਬੇਚਾਰਾ ਉਸੇ ਥਾਂ ਢਹਿ-ਢੇਰੀ ਹੋ ਗਿਆ । ਇਸ ਤੀਰ-ਅੰਦਾਜ਼ੀ ਦਾ ਕਮਾਲ ਰਖਣ ਦੇ ਬਾਵਜੂਦ ਆਪ ਕਹਿੰਦੇ ਹਨ ਕਿ ਖ੍ਵਾਜਾ, ਦੀਵਾਰ ਉਹਲੇ ਹੀ ਲੁਕਿਆ ਰਿਹਾ । ਜੇ ਉਹ ਵੀ ਮਰਦਾਂ ਵਾਂਗ ਕਿਤੇ ਅਗੇ ਆਉਂਦਾ ਤਾਂ ਮਜਬੂਰਨ ਮੈਂ ਉਸ ਨੂੰ ਇਕ ਤੀਰ ਬਖਸ਼ ਛਡਦਾ—

ਦਰੇਗਾ ! ਅਗਰ ਰੂਏ ਓ ਦੀਦਮੇ । ਬ-ਯਕ ਤੀਰ ਲਾਚਾਰ ਬਖਸ਼ੀਦਮੇ ।੩੫।

੫. ਬਾਦਸ਼ਾਹ ਦੇ ਦੀਵਾਨਾਂ ਤੇ ਫ਼ੌਜੀ ਅਧਿਕਾਰੀਆਂ ਵਲੋਂ ਜੋ ਝੂਠੀਆਂ ਕਸਮਾਂ ਖਾਧੀਆਂ ਗਈਆਂ ਜਾਂ



www.AKJ.Org

ਝੂਠੇ ਇਕਰਾਰ ਕੀਤੇ ਗਏ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਛਡ ਜਾਣ ਤਾਂ ਸ਼ਾਹੀ ਫ਼ੌਜ ਉਨ੍ਹਾਂ ਨੂੰ ਕੁਝ ਨਹੀਂ ਕਹੇਗੀ। ਇਨ੍ਹਾਂ ਝੂਠੇ ਇਕਰਾਰਾਂ ਦੀ, ਤੇ ਅਹਿਦ ਤੋੜਨ ਦੀ ਕ੍ਰਿਆ ਨੂੰ ਜ਼ਫ਼ਰਨਾਮੇ ਵਿਚ ਬਾਰ ਬਾਰ ਨਿੰਦਿਆ ਗਿਆ ਹੈ ਤੇ ਬਾਦਸ਼ਾਹ ਨੂੰ ਇਨਸਾਫ਼ ਲਈ ਪ੍ਰੇਰਿਆ ਹੈ।

ਬਾਦਸ਼ਾਹ ਜਾਂ ਉਸ ਦੇ ਹਾਕਮਾਂ, ਕਾਜ਼ੀਆਂ ਵਲੋਂ ਲਿਖਤੀ ਤੌਰ ਤੇ ਕੁਰਾਨ ਦੀ ਕਸਮ ਖਾ ਕੇ ਕੋਈ ਅਮਨ-ਅਮਾਨ ਦਾ ਭਰੋਸਾ ਦਿਤਾ ਗਿਆ ਸੀ। ਇਹ ਲਿਖਤ ਦੀਨੇ ਕਾਂਗੜ ਗੁਰੂ ਸਾਹਿਬ ਦੇ ਪਾਸ ਵੀ ਮੌਜੂਦ ਸੀ। ਉਨ੍ਹਾਂ ਇਸੇ ਲਈ ਔਰੰਗਜ਼ੇਬ ਨੂੰ ਇਥੋਂ ਤਕ ਕਿਹਾ ਹੈ ਕਿ ਜੇਕਰ ਤੈਨੂੰ ਇਹ ਕਸਮਨਾਮਾ ਦੇਖਣ ਦੀ ਲੋੜ ਪਏ ਤਾਂ ਇਹ ਵੀ ਘਲ ਕ ਦਿਖਾਇਆ ਜਾ ਸਕਦਾ ਹੈ—

ਤੁਰਾ ਗਟ ਬਿਬਾਯਦ ਆਂ ਕੌਲੇ ਕੁਰਾਂ । ਬਨਿਜ਼ਦੇ ਸ਼ੁਮਾ ਰਾ, ਰਸਾਨਮ ਹਮਾ ।੫੭।

ਇਸ ਤੋਂ ਪਤਾ ਲਗਦਾ ਹੈ ਕਿ ਸ਼ਾਹੀ ਫ਼ੌਜਾਂ ਵਲੋਂ ਬਚਨ ਭੰਗ ਕਰਨ ਦਾ ਆਪ ਨੂੰ ਕਿਤਨਾ ਗਿਲਾ ਤੇ ਰੋਸ ਸੀ। ਆਪ ਨੇ ਸਪੱਸ਼ਟ ਤੌਰ ਤੇ ਇਹ ਗੱਲ ਆਖੀ ਹੈ ਕਿ ਮਰਦ ਉਹ ਜੋ ਬਚਨਾਂ ਦਾ ਪੂਰਾ ਹੋਵੇ, ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਹੋਵੇ ਤੇ ਮੂੰਹ ਵਿਚ ਕੁਝ ਹੋਰ—

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ । ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ।੫੫।

੬. ਮਾਲਵੇ ਦੇ ਸਿਧੂ ਬੈਰਾੜ ਗੁਰੂ ਸਾਹਿਬ ਦੇ ਚੰਗੇ ਸ਼ਰਧਾਲੂ ਸਨ ਤੇ ਉਨ੍ਹਾਂ ਦੀ ਵਫ਼ਾਦਾਰੀ ਤੇ ਤਾਬਿਆਦਾਰੀ ਦਾ ਆਪ ਨੂੰ ਤਕੜਾ ਵਿਸ਼ਵਾਸ ਸੀ। ਇਸੇ ਲਈ ਜਦੋਂ ਔਰੰਗਜ਼ੇਬ ਦਾ ਸੱਦਾ ਆਇਆ ਤਾਂ ਆਪ ਨੇ ਲਿਖਿਆ ਕਿ ਚੰਗਾ ਹੋਵੇ ਜੇਕਰ ਤੁਸੀਂ ਇਥੇ ਕਾਂਗੜ ਕਸਬੇ ਵਿਚ ਤਸ਼ਰੀਫ਼ ਲੈ ਲਾਓ ਤਾਂ ਸਾਰੀਆਂ ਗੱਲਾਂ ਸਹਿਜੇ ਹੀ ਜ਼ਬਾਨੀ ਗੱਲ-ਬਾਤ ਰਾਹੀਂ ਨਜਿਠੀਆਂ ਜਾ ਸਕਣਗੀਆਂ। ਇਧਰ ਆਉਣ ਵਿਚ ਤੁਹਾਨੂੰ ਰਤਾ ਭਰ ਖ਼ਤਰਾ ਨਹੀਂ, ਕਿਉਂਕਿ ਬੈਰਾੜ ਕੌਮ ਮੇਰੀ ਆਗਿਆ ਵਿਚ ਹੈ—

ਕਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ । ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ।੫੮।
ਨ ਜ਼ੱਰਹ ਦਰੀਂ ਰਾਹ ਖ਼ਤਰਾ ਤੁਰਾਸਤ । ਹਮਾਂ ਕੌਮਿ ਬੈਰਾੜ ਹੁਕਮਿ ਮਰਾਸਤ ।੫੯।

ਇਹ ਇਕ ਇਨਕਲਾਬੀ ਮਹਾਂ ਪੁਰਸ਼ ਦਾ ਹਕੂਮਤ ਵਲ ਭੇਜਿਆ ਦਾਅਵਤ-ਨਾਮਾ ਕੈਸਾ ਦਲੇਰੀ ਭਰਿਆ ਤੇ ਸੁਆਦਲਾ ਹੈ।

੭. ਇਕ ਆਦਰਸ਼ਵਾਦੀ ਸੰਗ੍ਰਾਮੀਏ ਨੂੰ ਕਿਸ ਤਰ੍ਹਾਂ ਸੰਕਟ ਮਈ ਇਨਕਲਾਬੀ ਸਰਗਰਮੀਆਂ ਵਿਚੋਂ ਲੰਘ ਕੇ ਦ੍ਰਿੜ੍ਹ ਤੇ ਅਡੋਲ ਰਹਿਣਾ ਚਾਹੀਦਾ ਹੈ ਤੇ ਕਿਵੇਂ ਆਪਣੀ ਮਾਨਸਕ ਅਵਸਥਾ ਨੂੰ ਆਸ਼ਾ-ਭਰਪੂਰ ਰਖਣਾ ਯੋਗ ਹੈ, ਇਸ ਦੀ ਮੁਕੰਮਲ ਤਸਵੀਰ 'ਜ਼ਫ਼ਰਨਾਮੇ' ਵਿਚ ਮਿਲਦੀ ਹੈ ਜੋ ਪਾਠਕ ਨੂੰ ਸੱਚਮੁੱਚ ਪ੍ਰੇਰਨਾ ਤੇ ਉਤਸ਼ਾਹ ਬਖ਼ਸ਼ਦੀ ਹੈ। ਉਹ ਗੁਣ-ਗੁਣਾਉਂਦਾ ਹੈ, 'ਦੁਸ਼ਮਨ ਕੀ ਕਰ ਸਕਦਾ ਹੈ, ਜੇ ਪਰਮੇਸ਼ਰ ਵਰਗਾ ਦੋਸਤ ਮਿਹਰਵਾਨ ਹੋਵੇ'—

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ । ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ ।੬੫।

... ... ... ... ...

ਇਸ ਜ਼ਫ਼ਰਨਾਮੇ ਰਾਹੀਂ ਗੁਰੂ ਸਾਹਿਬ ਦੀ ਖ਼ੁਦਾ-ਪ੍ਰਸਤੀ, ਅਡੋਲਤਾ, ਨਿਧੜਕਤਾ, ਦਲੇਰੀ ਤੇ ਸਚਾਈ ਦਾ ਨਬੇ ਵਰ੍ਹੇ ਦੇ ਬੁੱਢੇ ਬਾਦਸ਼ਾਹ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ। ਉਸ ਨੇ ਮਹਿਸੂਸ ਕੀਤਾ ਕਿ ਸੱਚਮੁੱਚ ਇਕ ਰੱਬੀ ਫ਼ਕੀਰ ਨਾਲ ਮੇਰੀ ਹਕੂਮਤ ਤੇ ਸ਼ਾਹੀ ਫ਼ੌਜਾਂ ਵਲੋਂ ਜ਼ਿਆਦਤੀ ਹੋਈ ਹੈ। ਇਤਿਹਾਸ ਵਿਚ ਇਸ ਬਾਰੇ ਦੋ ਸੰਕੇਤ ਮਿਲਦੇ ਹਨ, ਇਕ ਤਾਂ ਇਹ ਕਿ ਔਰੰਗਜ਼ੇਬ ਨੇ ਫ਼ੌਰਨ ਸੰਬੰਧਤ ਹਾਕਮਾਂ ਨੂੰ ਫ਼ੁਰਮਾਨ ਘਲੇ ਕਿ ਉਹ ਗੁਰੂ ਸਾਹਿਬਾਨ ਨਾਲ ਇਸ ਕਿਸਮ ਦਾ ਦਵੈਸ਼ ਭਾਵ ਨਾ ਕਰਨ। ਦੂਸਰਾ ਜਿਵੇਂ ਕਿਵੇਂ ਸੁਰੱਖਿਅਤ ਤਰੀਕੇ ਨਾਲ ਉਨ੍ਹਾਂਨੂੰ ਮੇਰੇ ਪਾਸ ਪਹੁੰਚਦਾ ਕਰਨ, ਤਾਂਕਿ ਜ਼ਬਾਨੀ ਸਾਰੀ ਗੱਲ ਹੋ ਸਕੇ। ਸਿੱਖ ਇਤਿਹਾਸ ਵਿਚ ਇਹ ਵੀ ਆਇਆ ਹੈ ਕਿ ਇਸ ਚਿੱਠੀ ਨੂੰ ਪੜ੍ਹ ਕੇ ਬਾਦਸ਼ਾਹ ਦੇ ਮਨ ਤੇ ਆਪਣੇ ਔਗੁਣਾਂ ਤੇ ਕਮਜ਼ੋਰੀਆਂ ਦਾ ਇਤਨਾ



www.AKJ.Org

ਡੂੰਘਾ ਅਹਿਸਾਸ ਹੋਇਆ ਕਿ ਉਹ ਇਸੇ ਹੀ ਗ਼ਮ ਵਿਚ ਆਪਣੇ ਪ੍ਰਾਣ ਤਿਆਗ ਗਿਆ।

ਕੁਝ ਵੀ ਹੋਵੇ, ਇਸ ਸਚਾਈ ਭਰੀ ਜ਼ੋਰਦਾਰ ਲਿਖਤ ਦੇ ਅਸਰ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਵੀ ਉਸ ਮਹਾਨ ਇਨਕਲਾਬੀ ਗੁਰੂ ਦੀ ਇਹ ਚਿੱਠੀ ਸਾਮਰਾਜੀ ਤਾਕਤਾਂ ਨੂੰ ਵੰਗਾਰਦੀ ਤੇ ਸੱਚ ਧਰਮ ਲਈ ਜੂਝਣ ਵਾਲਿਆਂ ਨੂੰ ਉਭਾਰਦੀ ਹੈ। ਇਸ ਦਾ ਇਹ ਪ੍ਰਚੰਡ-ਮਈ ਗੁਣ ਚੜ੍ਹਦੀ—ਕਲਾ—ਸਦਾ ਚਿਰੰਜੀਵ ਰਹੇਗਾ ਤੇ ਅਗਰਗਾਮੀ ਸ਼ਕਤੀਆਂ ਨੂੰ ਸਮਰੱਥਾ ਪ੍ਰਦਾਨ ਕਰਦਾ ਰਹੇਗਾ।

ਭਾਰਤ ਇਤਿਹਾਸ ਵਿਚ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਵਿਚਾਰ ਲਿਆਂਦੇ ਤੇ ਭਾਰਤੀਆਂ ਨੂੰ ਟੁੰਬ ਕੇ ਜਗਾਇਆ, ਉਸ ਦੀ ਮਿਸਾਲ ਇਤਿਹਾਸ ਵਿਚ ਘਟ ਹੀ ਮਿਲਦੀ ਹੈ। ਆਪ ਨੂੰ ਮੁਗ਼ਲ ਸਾਮਰਾਜ ਦੇ ਜਬਰ ਵਿਰੁਧ ਜੀਵਨ ਭਰ ਘੋਲ ਕਰਨਾ ਪਿਆ, ਉਨ੍ਹਾਂ ਦੇ ਪਿਤਾ ਨੇ ਵੀ ਸੰਗ੍ਰਾਮ ਵਿਚ ਆਪਣਾ ਬਲੀਦਾਨ ਦਿਤਾ ਤੇ ਉਨ੍ਹਾਂ ਆਪ ਵੀ ੨੦-੨੫ ਵਰ੍ਹੇ ਇਸ ਅਤਿਆਚਾਰ ਨਾਲ ਟੱਕਰ ਲੈ ਕੇ ਮੁਸ਼ਕਿਲਾਂ ਵਿਚ ਲੰਘਾਏ, ਪਰੰਤੂ ਬਾਵਜੂਦ ਇਨ੍ਹਾਂ ਔਖਿਆਈਆਂ ਤੇ ਸੰਕਟਾਂ ਦੇ ਉਹ ਡੋਲੇ ਨਹੀਂ, ਘਬਰਾਏ ਨਹੀਂ, ਆਪਣੇ ਆਦਰਸ਼ਾਂ ਉਤੇ ਦ੍ਰਿੜ੍ਹ ਰਹੇ। ਉਨ੍ਹਾਂ ਦੀ ਇਸ ਅਡੋਲਤਾ ਤੇ ਦ੍ਰਿੜ੍ਹਤਾ ਦੀ ਇਕ ਸੁੰਦਰ ਤੇ ਸ਼ਕਤੀਵਾਨ ਨਿਸ਼ਾਨੀ ਇਹ ਜ਼ਫ਼ਰਨਾਮਾ ਹੈ, ਜੋ ਉਨ੍ਹਾਂ ਦੇ ਸੰਗ੍ਰਾਮ-ਪੂਰਣ ਜੀਵਨ ਦੇ ਉਭਾਰ ਨੂੰ ਬਹੁਤ ਅੱਛੀ ਤਰ੍ਹਾਂ ਪੇਸ਼ ਕਰਦਾ ਹੈ।

ਇਸ ਤੋਂ ਜਿਥੇ ਗੁਰੂ ਜੀ ਦੀ ਦਲੇਰੀ, ਉਤਸ਼ਾਹ ਤੇ ਮਜ਼ਬੂਤ ਇਰਾਦੇ ਦਾ ਪਤਾ ਲਗਦਾ ਹੈ, ਉਥੇ ਸਾਮਰਾਜ ਦੀਆਂ ਕਮਜ਼ੋਰੀਆਂ ਤੋਂ ਵੀ ਪਰਦਾ ਉਠਦਾ ਹੈ। ਇਹ ਚਿੱਠੀ ਉਸ ਸੰਗ੍ਰਾਮੀਏ ਦਾ ਚਿਤਰ ਮੂਰਤੀਮਾਨ ਕਰਦੀ ਹੈ ਜੋ ਨੇਕੀ ਤੇ ਧਰਮ ਲਈ ਡਟ ਕੇ ਲੜਦਾ ਤੇ ਏਸ ਖੇਤਰ ਵਿਚ ਆਪਣਾ ਸਭ ਕੁਝ ਨਛਾਵਰ ਕਰ ਕੇ ਵੀ ਜ਼ਰਾ ਦੁਖ ਮਹਿਸੂਸ ਨਹੀਂ ਕਰਦਾ। [ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਧੰਨਵਾਦ ਸਹਿਤ

---

# ਸਿੱਖੀ ਆਦਰਸ਼ ਦੇ ਕੁਝ ਜ਼ਰੂਰੀ ਨੁਕਤੇ

□ ਦਸ ਗੁਰੂ ਸਾਹਿਬਾਨ ਦੀ ਪਵਿੱਤ੍ਰ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਿਸੇ ਵੀ ਵਿਅਕਤੀ ਦੇ ਪੈਰੀਂ ਹੱਥ ਲਾਉਣਾ ਸਖਤ ਮਨਮਤ ਹੈ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਜੀ ਦੀ ਭਾਰੀ ਨਿਰਾਦਰੀ ਹੈ।

□ 'ਸਾਬਤ ਸੂਰਤਿ ਦਸਤਾਰ ਸਿਰਾ' ਅਨੁਸਾਰ ਕੇਸ ਅਤੇ ਦਾੜ੍ਹਾ ਅਕਾਲ ਪੁਰਖ ਦੀ ਬਖ਼ਸ਼ਿਸ਼ ਹਨ। ਇਨ੍ਹਾਂ ਬਖ਼ਸ਼ਿਸ਼ਾਂ ਦੀ ਪਵਿੱਤਰਤਾ ਹਮੇਸ਼ਾ ਕਾਇਮ ਰੱਖੋ। ਕੇਸ ਅਤੇ ਦਾੜ੍ਹੇ ਦੀ ਬੇਅਦਬੀ ਖਾਲਸਾ ਪੰਥ ਦੀ ਬੇਅਦਬੀ ਹੋਵੇਗੀ। 'ਸਿਰ ਖੁਥੇ ਸੈਤਾਨੀ' ਅਨੁਸਾਰ ਨੰਗੇ ਸਿਰ ਸਿਖ ਸ਼ੋਭਾ ਨਹੀਂ ਦਿੰਦਾ। ਸੋ ਹਰ ਗੁਰਸਿੱਖ ਲਈ ਦਸਤਾਰ ਸਜਾਉਣੀ ਲਾਜ਼ਮੀ ਹੈ। ਨੰਗੇ ਸਿਰ ਘੁੰਮਣਾ, ਪ੍ਰਸ਼ਾਦ ਤਿਆਰ ਕਰਨਾ, ਛਕਣਾ ਤੇ ਛਕਾਉਣਾ ਸਿੱਖ ਰਹੁ—ਰੀਤੀ ਤੋਂ ਉਲਟ ਹੈ।

□ ਖਾਲਸੇ ਦੀ ਨਿਆਰੀ ਹਸਤੀ ਲਈ ਅਤੀ ਜ਼ਰੂਰੀ ਹੈ ਕਿ ਸਨਾਤਨੀ, ਮਨਮਤੀ, ਦੰਭੀ ਤੇ ਬਿਪਰਨ ਦੀਆਂ ਰੀਤਾਂ ਦਾ ਤਿਆਗ ਕੀਤਾ ਜਾਵੇ ਅਤੇ ਗੁਰਮਤਿ ਆਸ਼ੇ ਅਨੁਸਾਰ ਹੀ ਜੀਵਨ ਜੀਵਿਆ ਜਾਵੇ।

□ ਹਰ ਗੁਰਸਿੱਖ ਦਾ ਫਰਜ਼ ਹੈ ਕਿ ਨਿਰੋਲ ਧਰਮ ਦੀ ਕ੍ਰਿਤ ਕਰੇ ਅਤੇ ਨੇਕ ਕ੍ਰਿਤ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਧਰਮ-ਅਰਥ ਕਾਰਜਾਂ ਲਈ ਨਿਸ਼ਕਾਮਤਾ ਨਾਲ ਖ਼ਰਚ ਕੇ ਆਪਣੀ ਮਾਇਆ ਅਤੇ ਜੀਵਨ-ਯਾਤਰਾ ਸਫ਼ਲੀ ਕਰੇ।

□ ਸ਼ੁੱਧ ਗੁਰਬਾਣੀ ਨੂੰ ਗੁਰਮੁਖੀ ਅੱਖਰਾਂ ਵਿੱਚ ਪੜ੍ਹਨ ਨਾਲ ਹੀ ਗੁਰਮਤਿ ਦੀ ਸੋਝੀ ਹੁੰਦੀ ਅਤੇ ਮਨ ਵਿੱਚ ਸ਼ਾਂਤੀ ਹੁੰਦੀ ਹੈ। ਸੋ ਆਪੋ ਆਪਣੇ ਘਰਾਂ ਵਿੱਚ ਗੁਰਮੁਖੀ ਪੜ੍ਹਨ ਲਿਖਣ ਦਾ ਅਭਿਆਸ ਬਨਾਣਾ ਸਾਡਾ ਫ਼ਰਜ਼ ਹੈ।

□ 'ਸਰਦਾਰ' ਪਦ ਕਲਗੀਧਰ ਪਿਤਾ ਜੀ ਵਲੋਂ ਸਿੱਖਾਂ ਨੂੰ ਬਖਸ਼ਿਆ ਗਿਆ ਹੈ। ਸਿੰਘ ਨੂੰ ਕਦੇ 'ਸ੍ਰੀ' ਨਾ ਲਿਖੋ, ਬਲਕਿ 'ਸਰਦਾਰ' ਸ਼ਬਦ ਵਰਤੋ। ਵਿਆਹ-ਕਾਰਡਾਂ ਤੇ ਲੜਕੇ ਦੇ ਨਾਮ ਨਾਲ 'ਸਿੰਘ' ਅਤੇ ਲੜਕੀ ਦੇ ਨਾਮ ਨਾਲ 'ਕੌਰ' ਸ਼ਬਦ ਲਿਖਣਾ ਗੁਰਮਤਿ ਹੈ।

# ਸੋਈ ਗੁਰਮੁਖਿ ਪਿਆਰੇ ਮੇਲਿ (੩)

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਅੰਦਾਜ਼ਨ ੧੯੪੦-੫੦ ਦੇ ਦਹਾਕੇ ਸਮੇਂ ਕਰਨਲ ਪਿਆਰਾ ਸਿੰਘ ਜੀ ਬਨੀ ਪਾਰਕ, ਜੈਪੁਰ ਵਾਲਿਆਂ ਦਾ ਘਰ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਉਹਨਾਂ ਦੇ ਨਾਲ ਦੇ ਹਮ-ਜੋਲੀ ਸਿੰਘਾਂ ਸੂਰਮਿਆਂ ਦਾ ਗੜ੍ਹ ਹੁੰਦਾ ਸੀ ਜਿਥੇ ਦਿਨ ਰਾਤ ਕੀਰਤਨ-ਅਖਾੜੇ ਜੁੜਦੇ ਅਤੇ ਕੀਰਤਨ-ਧੁਨੀਆਂ ਗੂੰਜਦੀਆਂ। ਇਥੇ ਹੀ ਗੁਰਮੁਖ ਪਿਆਰੇ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਡਾਕਟਰ ਬਸੰਤ ਸਿੰਘ ਜੀ, ਜੋਗੀਸ਼ਰ ਜੀ, ਮੁਨੀਸ਼ਰ ਜੀ, ਬਾਬੂ ਮੱਲ ਸਿੰਘ ਜੀ, ਅਤੇ ਸੂਬੇਦਾਰ ਮੇਜਰ ਭਾਈ ਹਰਿਬਚਨ ਸਿੰਘ ਜੀ (ਜੋ 'ਵੀਰ ਜੀ ਡਾ: ਸੁਰਿੰਦਰ ਸਿੰਘ ਦੇ ਪਿਤਾ ਸਨ) ਅਕਸਰ ਆਇਆ ਕਰਦੇ ਸਨ।

ਇਕ ਵਾਰੀ ਭਾਈ ਹਰਿਬਚਨ ਸਿੰਘ ਜੀ ਕਰਨਲ ਸਾਹਿਬ ਦੇ ਘਰ ਆਏ ਹੋਏ ਸਨ। ਰਾਤ ਦੀ ਗੱਡੀ ਉਹਨਾਂ ਵਾਪਸ ਪਰਤਣਾ ਸੀ। ਸਭ ਤਿਆਰੀ ਮੁਕੰਮਲ ਹੋ ਚੁਕੀ ਸੀ। ਸ਼ਾਮੀਂ ਕੁਝ ਸਿੰਘ ਆਪ ਜੀ ਨੂੰ ਮਿਲਣ ਲਈ ਆ ਗਏ। ਉਹਨਾਂ ਨੇ ਕੁਝ ਦਿਨ ਹੋਰ ਰੁਕਣ ਲਈ ਬੇਨਤੀ ਕੀਤੀ, ਪਰ ਭਾਈ ਸਾਹਿਬ ਨਾ ਮੰਨੇ। ਇਕ ਸਿੰਘ ਨੇ ਕਰਨਲ ਸਾਹਿਬ ਨੂੰ ਵਖਰੇ ਆ ਕੇ ਪ੍ਰੇਰਿਆ ਕਿ ਭਾਈ ਸਾਹਿਬ ਨੂੰ ਇਕ ਦਿਨ ਲਈ ਹੋਰ ਠਹਿਰਾ ਲਓ। ਕਰਨਲ ਸਾਹਿਬ ਕਹਿਣ ਲੱਗੇ, ਜੁਗਤੀ ਤੁਹਾਨੂੰ ਮੈਂ ਦਸ ਦਿੰਦਾ ਹਾਂ, ਅਗੋਂ ਜਿਵੇਂ ਗੁਰੂ ਨੂੰ ਭਾਵੇ।

'ਸੋਦਰੁ' ਦਾ ਸਮਾਂ ਹੋ ਗਿਆ ਸੀ। ਸਭ ਨੇ ਮਿਲ ਕੇ ਸੋਦਰ ਦਾ ਪਾਠ ਕੀਤਾ। ਅਜੇ ਗੱਡੀ ਲਈ ਕਾਫ਼ੀ ਟਾਈਮ ਸੀ। ਕਰਨਲ ਸਾਹਿਬ ਦੇ ਸੁਝਾਅ ਅਨੁਸਾਰ ਇਕ ਸਿੰਘ ਨੇ ਬੜੇ ਪਿਆਰ ਨਾਲ ਭਾਈ ਹਰਿਬਚਨ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਚਲੋ ਤਾਂ ਤੁਸਾਂ ਜਾਣਾ ਹੀ ਹੈ, ਜਾਣ ਤੋਂ ਪਹਿਲਾਂ ਇਕ ਸ਼ਬਦ ਹੀ ਸੁਣਾ ਜਾਓ। ਭਾਈ ਸਾਹਿਬ ਨਾਂਹ ਨਾ ਕਰ ਸਕੇ। ਹਜ਼ੂਰੀ ਵਿਚ ਹੀ ਪਾਠ ਹੋਇਆ ਸੀ। ਉਥੇ ਹੀ ਸਾਜ਼ ਖੁਲ੍ਹ ਗਏ। ਭਾਈ ਸਾਹਿਬ ਨੇ ਸ਼ਬਦ ਲਿਆ—

> ਸਾਜਨਾ ਸੰਤ ਆਉ ਮੇਰੈ ॥
> ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ ॥ (ਪੰਨਾ ੧੩੦੧)

ਅਤੇ, ਜਦੋਂ ਇਸ ਤੋਂ ਅਗਲੀ ਤੁਕ ਪੜ੍ਹਨੀ ਸ਼ੁਰੂ ਕੀਤੀ—

> ਸੰਤ ਚਰਨ ਧਰਉ ਮਾਥੈ, ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥

ਤਾਂ ਬਸ, ਇਸੇ 'ਸੰਤ ਚਰਨ ਧਰਉ ਮਾਥੈ' ਵਾਲੀ ਤੁਕ ਤੇ ਸ਼ਬਦ-ਸੁਰਤਿ ਦਾ ਐਸਾ ਮੇਲ ਹੋਇਆ ਕਿ ਸਾਰੀ ਰਾਤ ਸੰਗਤ ਹਜ਼ੂਰੀ ਵਿਚ ਅਭਿਆਸ ਕਰਦੀ ਰਹੀ। ਭਾਈ ਸਾਹਿਬ ਭੀ ਸਮਾਧੀ ਅਵਸਥਾ ਵਿਚ ਮੋਨ ਰਹੇ, ਹੱਥ ਵਾਜੇ ਤੇ ਹੀ ਟਿਕੇ ਰਹੇ। ਅੰਮ੍ਰਿਤ ਵੇਲੇ ਕਿਤੇ ਪੰਜ ਕੁ ਵਜੇ ਫਿਰ ਉਸੇ 'ਸੰਤ ਚਰਨ ਧਰਉ ਮਾਥੈ' ਵਾਲੀ ਤੁਕ ਤੋਂ ਆਪ ਨੇ ਕੀਰਤਨ ਅਰੰਭ ਕੀਤਾ ਤੇ ਛੇ ਕੁ ਵਜੇ ਸਮਾਪਤੀ ਹੋਈ। ਇਉਂ ਸਿੰਘਾਂ ਨੇ ਭਾਈ ਸਾਹਿਬ ਦੀ ਸੰਗਤ ਦੇ ਖ਼ੂਬ ਅਨੰਦ ਮਾਣੇ।

ਆਪ ਦਾ ਜ਼ਿਕਰ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਰਚਿਤ ਪੁਸਤਕ "ਰੰਗਲੇ ਸੱਜਣ" ਵਿਚ ਭੀ ਆਉਂਦਾ ਹੈ। ਵੀਰ ਡਾ: ਸੁਰਿੰਦਰ ਸਿੰਘ ਆਪਣੇ ਪਿਤਾ ਜੀ ਦੇ ਜੀਵਨ ਦੀਆਂ ਕੁਝ ਬੜੀਆਂ ਅਲੌਕਿਕ ਗੱਲਾਂ ਦਸਦੇ ਹੁੰਦੇ ਸਨ। ਇਹਨਾਂ ਦੇ ਭੈਣ ਭਰਾ ਛੋਟੀ ਉਮਰ ਵਿਚ ਹੀ ਪੂਰੇ ਹੋ ਜਾਂਦੇ ਸਨ। ਇਹਨਾਂ ਦੀ ਮਾਤਾ ਜੀ ਨੇ ਭਾਈ ਸਾਹਿਬ ਨੂੰ ਪੁਛਣਾ ਕੀ ਕਾਰਨ ਹੈ ਸਾਡੇ ਬੱਚੇ ਛੋਟੀ ਉਮਰ ਵਿਚ ਹੀ ਕਿਉਂ ਮਰ ਜਾਂਦੇ ਹਨ ? ਭਾਈ ਸਾਹਿਬ ਉਤਰ ਦਿੰਦੇ, "ਇਹ ਸੱਚੇ ਪਾਤਸ਼ਾਹ ਦੇ ਕੌਤਕ ਹਨ। ਸਾਡੇ ਘਰ ਉਸਦੀ ਰਜ਼ਾ ਨਾਲ ਉਹ ਉਹ ਜੀਵ ਪੈਦਾ ਹੁੰਦੇ ਹਨ, ਜੋ ਕੇਵਲ ਅੰਮ੍ਰਿਤ ਪਾਨ ਕਰਨ ਲਈ ਹੀ ਆਉਂਦੇ ਹਨ ਅਤੇ ਉਹ ਛੋਟੀ



www.AKJ.Org

ਉਮਰੇ ਹੀ ਅੰਮ੍ਰਿਤ ਛੱਡ ਕੇ ਦਰਗਾਹੇ ਜਾ ਪਰਵਾਨ ਹੁੰਦੇ ਹਨ।

ਭਾਈ ਸਾਹਿਬ ਹਰਿਬਚਨ ਸਿੰਘ ਜੀ ਦੀ ਸਿੰਘਣੀ ਨੇ ਗੋਦ ਵਾਲੀ ਬੱਚੀ ਨੂੰ ਇਸ ਡਰ ਤੋਂ ਅੰਮ੍ਰਿਤ ਪਾਨ ਲਈ ਪੇਸ਼ ਨਹੀਂ ਹੋਣ ਦਿੱਤਾ। ਜਦੋਂ ਵਿਆਹੁਣ ਜੋਗ ਹੋ ਗਈ ਤਾਂ ਅੰਮ੍ਰਿਤ ਪਾਨ ਕਰਵਾਇਆ। ਬਸ, ਉਸ ਤੋਂ ਬਾਅਦ ਉਹ ਥੋੜਾ ਚਿਰ ਹੀ ਜੀਵੀ, ਚੜ੍ਹਾਈਆਂ ਕਰ ਗਈ।

ਇਕ ਵਾਰ ਪਹਿਲੇ ਮਹਾਂ ਯੁੱਧ ਵਿਚ ਆਪ ਫ਼ਰਾਂਸ ਵਿਚ ਕਿਸੇ ਦਰਿਆ ਦੇ ਕਿਨਾਰੇ ਮਿਲਟਰੀ ਦੇ ਕੈਂਪ ਵਿਚ ਸਨ। ਅੰਮ੍ਰਿਤ ਵੇਲੇ ਆਪ ਅਭਿਆਸ ਵਿਚ ਮਗਨ ਸਨ ਕਿ ਦਰਿਆ ਵਿਚ ਅਚਾਨਕ ਹੜ੍ਹ ਆ ਗਿਆ। ਫ਼ੌਜ ਵਿਚ ਭਾਜੜਾਂ ਪੈ ਗਈਆਂ। ਕੈਂਪ ਪਲਾਂ ਵਿਚ ਛੱਡ ਕੇ ਫ਼ੌਜ ਦੂਰ ਚਲੀ ਗਈ। ਭਾਈ ਸਾਹਿਬ ਸਮਾਧੀ-ਸਥਿਤ ਬੈਠੇ ਰਹੇ। ਪਾਣੀ ਇਹਨਾਂ ਦੇ ਉਪਰ ਵਗਣ ਲਗ ਪਿਆ। ਫ਼ੌਜ ਵਿਚ ਹਾਜ਼ਰੀ ਸਮੇਂ ਇਹਨਾਂ ਨੂੰ 'ਰੁੜ੍ਹ ਗਿਆ' ਮੰਨ ਕੇ ਗ਼ੈਰ-ਹਾਜ਼ਰ ਕੀਤਾ ਗਿਆ। ਪਰ ਅਗਲੇ ਦੋ ਚਾਰ ਦਿਨਾਂ ਵਿਚ ਜਦੋਂ ਪਾਣੀ ਉਤਰਿਆ ਤੇ ਕੈਂਪ ਦਾ ਨਰੀਖਣ ਕਰਨ ਆਏ ਫ਼ੌਜੀ ਦਸਤੇ ਆਏ ਤਾਂ ਭਾਈ ਸਾਹਿਬ ਉਪਰ ਮਿੱਟੀ ਗਾਰੇ ਦੀ ਕਾਫ਼ੀ ਗਹਿਰੀ ਤਹਿ ਚੜ੍ਹੀ ਹੋਈ ਸੀ। ਚੁਕ ਕੇ ਲਿਆਂਦੇ ਗਏ। ਸਾਫ਼ ਕਰਨ ਉਪਰੰਤ ਆਪ ਦੀ ਸਮਾਧੀ ਖੁਲ੍ਹੀ। ਭਾ: ਸਾ: ਭਾਈ ਰਣਧੀਰ ਸਿੰਘ ਜੀ ਕਹਿੰਦੇ ਹੁੰਦੇ ਸਨ ਕਿ ਅੰਗਰੇਜ਼ ਦੀਆਂ ਫ਼ੌਜਾਂ ਦੀ ਜਿੱਤ ਇਹੋ ਜਿਹੇ ਨਾਮ-ਅਭਿਆਸੀ ਸਿੰਘਾਂ ਦੇ, ਉਹਨਾਂ ਦੀਆਂ ਫ਼ੌਜਾਂ ਵਿਚ ਹੋਣ ਕਾਰਨ ਹੋਈ।

ਮੈਨੂੰ ਯਾਦ ਹੈ, ਨਵੰਬਰ ੧੯੫੩ ਵਿਚ ਜੈਪੁਰ ਨਿਵਾਸੀ ਡਾ: ਕੈਪਟਨ ਗੁਰਬਖਸ਼ ਸਿੰਘ ਜੀ ਕਿਸੇ ਮਾਰੂ ਰੋਗ ਕਰਕੇ ਪੀੜਤ ਸਨ। ਕਰਨਲ ਸਾਹਿਬ ਦਾਸ ਨੂੰ ਨਾਲ ਲੈ, ਉਹਨਾਂ ਦੀ ਪੁੱਛ ਕਰਨ ਲਈ ਇਕ ਸ਼ਾਮ ਉਹਨਾਂ ਦੇ ਘਰ ਬਨੀ ਪਾਰਕ ਵਿਖੇ ਗਏ। ਉਸੇ ਦਿਨ ਉਹਨਾਂ ਦਾ ਪੁਤਰ ਅਤੇ ਨੂੰਹ ਬੀਬੀ ਇਕਬਾਲ ਕੌਰ ਭੀ ਡਾਕਟਰ ਸਾਹਿਬ ਦੀ ਖ਼ਬਰ-ਸਾਰ ਲੈਣ ਲਈ ਆਏ ਹੋਏ ਸਨ। ਬੀਬੀ ਇਕਬਾਲ ਕੌਰ ਜੀ ਬਹੁਤ ਰਸੀਲਾ ਕੀਰਤਨ ਕਰਦੇ ਹੁੰਦੇ ਸਨ। ਕਰਨਲ ਪਿਆਰਾ ਸਿੰਘ ਜੀ ਕੀਰਤਨ ਦੇ ਸੱਚੇ ਆਸ਼ਕ ਸਨ। ਅਤੇ ਉਹਨਾਂ ਪਹਿਲਾਂ ਭੀ ਬੀਬੀ ਜੀ ਤੋਂ ਕੀਰਤਨ ਸ੍ਰਵਨ ਕੀਤਾ ਹੋਇਆ ਸੀ।

ਡਾਕਟਰ ਸਾਹਿਬ ਕੋਠੀ ਦੇ ਮੂਹਰਲੇ ਕਮਰੇ ਵਿਚ ਪਏ ਸਨ। ਸਭ ਆਏ ਗਏ ਉਹਨਾਂ ਦਾ ਹਾਲ ਚਾਲ ਉਥੇ ਹੀ ਪੁੱਛਦੇ ਤੇ ਵਿਦਾ ਹੋ ਜਾਂਦੇ। ਕਰਨਲ ਸਾਹਿਬ ਦੀ ਬੇਨਤੀ ਤੇ ਸਾਰੇ ਪਰਿਵਾਰ ਨੇ ਕੋਠੀ ਦੇ ਪਿਛਲੇਰੇ ਇਕ ਕਮਰੇ ਵਿਚ ਦਰਵਾਜਾ ਢੋਹ ਕੇ ਕੀਰਤਨ ਸ੍ਰਵਣ ਕੀਤਾ। ਆਵਾਜ਼ ਡਾਕਟਰ ਸਾਹਿਬ ਦੇ ਕੰਨੀਂ ਭੀ ਪੈ ਗਈ। ਉਹਨਾਂ ਝੱਟ ਸੁਨੇਹਾ ਘਲਿਆ ਕਿ ਮੈਨੂੰ ਭੀ ਕੀਰਤਨ ਸੁਣਾਉ। ਫਿਰ ਕੀ ਸੀ! ਅਸੀਂ ਤਾਂ ਡਾਕਟਰ ਸਾਹਿਬ ਦੇ ਬੇ-ਅਰਾਮ ਹੋਣ ਤੋਂ ਡਰਦੇ ਸਾਂ, ਹੁਣ ਤੇ ਖੁਲ੍ਹੀਆਂ ਛੁਟੀਆਂ ਮਿਲ ਗਈਆਂ। ਇਕ ਘੰਟਾ ਸੋਹਣਾ ਰਸ ਬਝਾ।

ਅਗਲੇ ਦਿਨ ਡਾਕਟਰਾਂ ਨੇ ਜਦੋਂ ਸਵੇਰੇ ਚੈਕ-ਅਪ ਕੀਤਾ ਤਾਂ ਮਰੀਜ਼ ਦੀ ਹਾਲਤ ਵਿਚ ਅਚੰਭਾ-ਜਨਕ ਸੁਧਾਰ! ਉਹ ਪੁਛਣ ਕਿ ਰਾਤੋ ਰਾਤ ਕੀ ਜਾਦੂ ਹੋਇਆ ਹੈ? ਡਾ: ਗੁਰਬਖਸ਼ ਸਿੰਘ ਜੀ ਨੇ ਉਹਨਾਂ ਨੂੰ ਕੀਰਤਨ ਦੀ ਪਾਰਸ-ਕਲਾ ਦਾ ਪਰਤੱਖ ਵਰਤਾਰਾ ਦਸਿਆ। ਸਾਨੂੰ ਸੰਦੇਸ਼ਾ ਆ ਗਿਆ ਕਿ ਹੁਣ ਸ਼ਾਮ ਨੂੰ ਰੋਜ਼ਾਨਾ ਸੋਦਰ ਦੀ ਚੌਂਕੀ ਦਾ ਕੀਰਤਨ ਹੋਇਆ ਕਰੇਗਾ। ਦੋ ਚਾਰ ਮਹੀਨੇ ਡਾਕਟਰ ਸਾਹਿਬ ਦੇ ਘਰ ਅਸੀਂ ਰੱਲ ਕੇ ਰੋਜ਼ਾਨਾ ਕੀਰਤਨ ਸ੍ਰਵਣ ਕਰਨ ਜਾਂਦੇ ਰਹੇ ਅਤੇ ਡਾਕਟਰ ਸਾਹਿਬ ਨੌ ਬਰ ਨੌ ਹੋ ਗਏ। ਡਾਕਟਰ ਸਾਹਿਬ ਖ਼ੁਦ ਹੈਰਾਨ ਸਨ ਕਿ ਜੈਪੁਰ ਦੇ ਜਿਹੜੇ ਸਭ ਤੋਂ ਚੰਗੇ ਡਾਕਟਰ ਸਨ, ਸ਼ਾਇਦ ਉਸ ਵੇਲੇ ਉਥੇ ਵੱਡੇ ਹਸਪਤਾਲ ਦੇ ਜਰਮਨ ਡਾਕਟਰ ਦਾ ਇਲਾਜ ਕਰਵਾ ਰਹੇ ਸਨ, ਉਹ ਭੀ ਬੜਾ ਹੈਰਾਨ ਹੋਇਆ ਕਿ ਵਧੀਆ ਤੋਂ ਵਧੀਆ ਦਵਾਈਆਂ ਨੇ ਕੋਈ ਕੰਮ ਨਹੀਂ ਕੀਤਾ, ਪਰ ਸ਼ਬਦ-ਕੀਰਤਨ ਨੇ ਕਮਾਲ ਦਾ ਅਸਰ ਕਰ ਵਿਖਾਇਆ। ਹੋ ਸਕਦੈ, ਕਰਨਲ ਸਾਹਿਬ ਨੇ ਉਹਨਾਂ ਦੀ ਦੇਹ-ਅਰੋਗਤਾ ਲਈ ਗੁਪਤ ਅਰਦਾਸ ਕੀਤੀ ਹੋਵੇ। ਪਰ ਸਾਡੇ ਲਈ ਇਹ ਸਾਰਾ ਕੁਝ ਅਚੰਭੇ ਵਾਲੀ ਗੱਲ ਸੀ।



www.AKJ.Org

# ਸਿੱਖਾਂ ਦੀ ਨਵੇਕਲੀ ਹਸਤੀ ਤੋਂ ਇਨਕਾਰ ਕਿਉਂ ?

[ਪ੍ਰਿੰ: ਸੁਰਜੀਤ ਸਿੰਘ ਭਾਟੀਆ, ੧-ਫਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

ਭਾਈ ਗੁਰਦਾਸ ਜੀ (੧੫੬੦-੧੬੪੭), ਜੋ ਚੌਥੇ, ਪੰਜਵੇਂ ਤੇ ਛੇਵੇਂ ਗੁਰੂ ਸਾਹਿਬਾਨ ਦੇ ਸਮ-ਕਾਲੀ ਸਨ, ਸਿੱਖ ਵਿਚਾਰਧਾਰਾ ਦੇ ਸ਼ਰਮਣੀ ਵਿਆਖਿਆਕਾਰ ਮੰਨੇ ਜਾਂਦੇ ਹਨ, ਦੇ ਕਥਿਨ ਅਨੁਸਾਰ ਸਿੱਖਾਂ ਦੀ ਵਖਰੀ ਹਸਤੀ ਗੁਰੂ ਨਾਨਕ ਦੇਵ ਜੀ ਵਲੋਂ ਹੀ ਪ੍ਰਤੱਖ ਰੂਪ ਵਿਚ ਦ੍ਰਿੜ੍ਹ ਹੋ ਗਈ ਸੀ। ਭਾਈ ਸਾਹਿਬ ਨੇ ਆਪਣੀ ਪਹਿਲੀ ਵਾਰ, ਪਉੜੀ ਇਕੱਤੀ ਵਿਚ ਲਿਖਿਆ ਹੈ :

ਸ਼ਬਦਿ ਜਿਤੀ ਸਿਧ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ ॥ ੧/੩੧

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਨਿਰਾਲਾਪਣ, ਘਟ ਘਟ ਵਿਆਪ ਰਹੀ, ਐਸੀ ਨਿਰ-ਆਕਾਰ, ਅਗੰਮ ਤੇ ਅਗੋਚਰ, ਕਾਰਜ-ਸ਼ੀਲ ਜਾਗਤ ਜੋਤਿ ਹਸਤੀ ਦੀ ਪਛਾਣ ਵਿਚ ਹੈ, ਜਿਸ ਨੂੰ ਕਿਸੇ ਪ੍ਰਕਾਰ ਦੇ ਆਕਾਰ ਜਾਂ ਰੂਪ ਵਿਚ ਅੰਕਤ ਨਹਾਂ ਕੀਤਾ ਜ਼ਾ ਸਕਦਾ, ਕੇਵਲ ਸ਼ਬਦਾਂ ਰਾਹੀਂ ਕਥੀਆਂ ਉਸ ਦੀਆਂ ਸਿਫ਼ਤਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ।

ਆਕਾਰ ਨਾ-ਕੇਵਲ "ਜੋ ਘੜਿਆ ਸੋ ਭਜਸੀ" ਤੇ ਸਮੇਂ ਤੇ ਸਥਾਨ ਦਾ ਮੁਥਾਜ ਹੁੰਦਾ ਹੈ, ਸਗੋਂ ਲੰਬਾਈ, ਚੌੜਾਈ ਤੇ ਮੋਟਾਈ ਦੀਆਂ ਤਿੰਨ ਦਿਸ਼ਾਂ ਵਿਚ ਬਝਾ ਹੋਇਆ ਤੇ ਸੰਕੁਚਿਤ ਹੋਣ ਕਰਕੇ ਨਾ ਅਗੰਮ ਹੋ ਸਕਦਾ ਹੈ ਤੇ ਨਾ ਹੀ ਸਰਬ-ਵਿਆਪਕ। ਚੂੰਕਿ ਆਕਾਰ ਨਿਰਲੇਪ ਨਹੀਂ ਹੋ ਸਕਦਾ, ਇਸ ਲਈ ਬ੍ਰਹਮ ਨਹੀਂ ਹੋ ਸਕਦਾ, ਬ੍ਰਹਮ ਦਾ ਨੁਮਾਇੰਦਾ ਨਹੀਂ ਬਣ ਸਕਦਾ। ਉਹ "ਥਾਪਿਆ ਨ ਜਾਇ ਕੀਤਾ ਨ ਹੋਇ" ਦੀ ਸ਼ਰਤ ਉਤੇ ਵੀ ਪੂਰਾ ਨਹੀਂ ਉਤਰ ਸਕਦਾ।

ਸ੍ਰਿਸ਼ਟੀ, ਸਾਰੀ ਕੁਦਰਤ, ਹੁਣ ਵਾਲੀ ਵੀ ਤੇ ਹੋ ਚੁੱਕੀ ਵੀ, ਦੇ ਸਾਰੇ ਅੰਗਾਂ ਤੇ ਸਭ ਜੀਆਂ ਦੀਆਂ

---

ਅਪ੍ਰੈਲ ੧੯੫੩ ਵਿਚ ਮੈਂ ਦਫਤਰੋਂ ਘਰ ਮੁੜਨ ਲਗਿਆਂ ਡੇਢ ਵਜ ਕਰਨਲ ਸਾਹਿਬ ਨੂੰ ਫਤਹ ਬੁਲਾਈ। ਬੇਬੇ ਅਮਰ ਕੌਰ ਜੀ, ਕਰਨਲ ਸਾਹਿਬ ਦੀ ਸਿੰਘਣੀ, ਜੋ ਮੇਰੇ ਲਈ ਰੋਜ਼ਾਨਾ ਲੱਸੀ ਰਖਦੇ ਹੁੰਦੇ ਸਨ, ਨੇ ਦਸਿਆ ਕਿ ਅੱਜ ਲਸੀ ਨਹੀਂ ਸੀ। ਸੋ ਉਹਨਾਂ ਨੂੰ ਫਤਹ ਬੁਲਾ ਕੇ ਦਾਸ ਘਰ ਆ ਗਿਆ। ਚਾਰ ਕੁ ਵਜੇ ਸੁਨੇਹਾ ਆ ਗਿਆ ਕਿ ਬੇਬੇ ਅਮਰ ਕੌਰ ਜੀ ਚੜ੍ਹਾਈਆਂ ਕਰ ਗਏ ਹਨ। ਬੜਾ ਅਜੀਬ ਲਗਾ। ਅੱਜ ਕਲ੍ਹ ਦੇ ਹਿਸਾਬ ਨਾਲ ਅਸੀਂ ਸਮਝਾਂਗੇ ਕਿ ਉਹਨਾਂ ਨੂੰ ਜ਼ਬਰਦਸਤ ਹਾਰਟ-ਅਟੈਕ ਹੋਇਆ, ਜੋ ਜਾਨ-ਲੇਵਾ ਸਾਬਤ ਹੋਇਆ। ਸ਼ਹਿਰ ਦੀਆਂ ਸਭ ਸੰਗਤਾਂ ਨੂੰ ਟੈਲੀਫੋਨ ਤੇ ਅਤੇ ਆਪ ਜਾ ਕੇ ਖਬਰ ਕੀਤੀ ਗਈ। ਰਾਤ ਮਿਰਤਕ ਸਰੀਰ ਵਰਾਂਡੇ ਵਿਚ ਬਰਫ ਤੇ ਪਿਆ ਰਿਹਾ। ਇਕ ਪਾਸੇ ਗੁਰੂ ਮਹਾਰਾਜ ਪ੍ਰਕਾਸ਼ ਕਰ ਕੇ ਕੀਰਤਨ ਰੈਣ ਸਬਾਈ ਹੋਇਆ। ਸਵੇਰੇ ਸਤ ਵਜੇ ਭੋਗ ਪਿਆ। ਬਨੀ-ਪਾਰਕ ਦੇ ਲੋਕੀਂ ਤਾਂ ਕਰਨਲ ਸਾਹਿਬ ਨੂੰ ਅਫਸੋਸ ਕਰਨ ਆ ਰਹੇ ਸਨ ਤੇ ਇਧਰ ਕੀਰਤਨ ਦੀ ਸਮਾਪਤੀ ਦੀ ਅਰਦਾਸ ਹੋ ਰਹੀ ਸੀ। ਫਿਰ ਦੇਗ ਵਰਤੀ। ਮਗਰੋਂ ਮੇਰੇ ਇਕ ਹਿੰਦੂ ਦਫਤਰੀ ਸਾਥੀ ਨੇ ਪੁਛਿਆ, "ਕੀ ਸਿੱਖ ਮਰੇ ਹੋਏ ਪ੍ਰਾਣੀ ਦੇ ਮਰਨ ਤੇ ਕੜਾਹ ਵੰਡਦੇ ਹਨ ?" ਉਸ ਵਿਚਾਰ ਨੂੰ ਕੀ ਪਤਾ ਕਿ ਇਹ ਤਾਂ ਕਰਤਾਰ ਦਾ ਭਾਣਾ ਮਿੱਠਾ ਮਿੱਠਾ ਕਰ ਕੇ ਮੰਨਣ ਲਈ ਸਾਰੇ ਪਰਿਵਾਰ ਨੂੰ ਕੀਰਤਨ ਨਾਲ ਜੋੜ ਕੇ ਰੋਣ ਕੁਰਲਾਣ ਤੋਂ ਬਚਾਣ ਲਈ ਕੀਤਾ ਜਾ ਰਿਹਾ ਸੀ।

ਬੇਬੇ ਜੀ ਜਿਸ ਦਿਨ ਚੜ੍ਹਾਈ ਕਰਦੇ ਹਨ, ਉਸ ਦਿਨ ਉਹਨਾਂ ਨੂੰ ਅੰਮ੍ਰਿਤ ਵਲੋ ਹੁਕਮਨਾਮਾ ਆਇਆ ਸੀ—

ਜਿਨਿ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥ (੬੯੮)

ਤੇ ਇਹਨਾਂ ਅੰਤਲੀਆਂ ਤੁਕਾਂ ਨੂੰ ਹੀ ਬੇਬੇ ਜੀ ਅੱਜ ਦਾ ਹੁਕਮਨਾਮਾ ਸਮਝ ਕੇ ਦੁਹਰਾਉਂਦੇ ਰਹੇ।


www.AKJ.Org

ਸਿਫ਼ਤਾਂ ਤੇ ਆਚਰਨਾਂ ਦੇ ਸਮੁੱਚ ਨੂੰ ਇਕ ਜੀਉਂਦੀ ਜਾਗਦੀ ਹਸਤੀ ਦੇ ਰੂਪ ਵਿਚ ਪਛਾਣਨਾ, **ਐਸੀ ਹਸਤੀ** ਦੇ ਰੂਪ ਵਿਚ ਜੋ ਆਕਾਰ ਤੇ ਕਾਲ (ਸਥਾਨ ਤੇ ਸਮੇਂ) ਤੋਂ ਬਾਹਰੀ ਹੈ, ਸ਼ਬਦ ਬ੍ਰਹਮ ਹੀ ਨਹੀਂ, ਸਗੋਂ ਸ਼ਬਦ-ਗੁਰੂ ਦੇ ਰੂਪ ਵਿਚ ਪ੍ਰਵਾਣ ਕਰਨਾ, ਉਸਨੂੰ ਜੀਵਨ ਦਾ ਮਾਰਗ-ਦਰਸ਼ਕ ਤੇ ਹਰ ਪ੍ਰਕਾਰ ਦੀ ਸ਼ਕਤੀ ਤੇ ਸਮਰੱਥਾ ਦਾ ਪ੍ਰੇਰਨਾ-ਸਰੋਤ ਮੰਨਣਾ, ਗੁਰੂ ਨਾਨਕ ਜੀ ਦੀ ਵਿਚਾਰਧਾਰਾ ਦਾ ਨਿਆਰਾਪਣ ਹੈ। ਜਿਸ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸ਼ਟ ਵਿਚ, ਅਤੇ ਭਾਈ ਸਾਹਿਬ ਨੇ ਉਪਰਲੀ ਪੰਗਤੀ ਵਿਚ ਕੀਤਾ ਹੈ।

ਉਸ ਅਦਿਸ, ਅਗੰਮ ਤੇ ਅਗੋਚਰ ਕਰਤਾ ਪੁਰਖ ਨੇ ਆਪਣੀ ਸਰਵ-ਵਿਆਪਕਤਾ ਨਾਲ, ਸਾਰੀ ਰਚਨਾ, ਕੁਲ ਕਾਇਨਾਤ ਦੇ ਇਕ ਇਕ ਅੰਗ, ਹਰ ਅੰਗ ਦੇ ਇਕ ਇਕ ਜੁਜ਼ ਨੂੰ ਇਕ ਅਟੁੱਟ ਇਕਾਈ ਦੇ ਰੂਪ ਵਿਚ ਐਸੇ ਬੰਧੇਜ, ਐਸੀ ਨਿਯਮਤ ਇਕਸੁਰਤਾ ਵਿਚ ਬੰਨ੍ਹਿਆ ਹੋਇਆ ਹੈ, ਕਿ ਕਾਇਨਾਤ ਦੇ ਸਾਰੇ ਅੰਗਾਂ ਵਿਚੋਂ ਕਿਸੇ ਦੀ ਵੀ ਆਪਣੀ ਨਵੇਕਲੀ ਤੇ ਖ਼ੁਦ ਮੁਖ਼ਤਿਆਰ ਹੋਂਦ ਨਹੀਂ ਮੰਨੀ ਜਾ ਸਕਦੀ। ਇਹ ਸਾਰੇ ਉਸ ਦੇ ਭਾਣੇ ਦੀ ਬੰਦਸ਼ ਵਿਚ, ਉਸ ਦੇ ਆਗਿਆਕਾਰੀ ਹੋ ਕੇ ਉਸ ਵਲੋਂ ਸੌਂਪੀ, ਦੂਸਰਿਆਂ ਨਾਲ ਕਾਰਜ ਕਾਰਣ ਦੇ ਸੰਬੰਧ ਵਿਚ ਜੁੜ ਕੇ, ਉਨ੍ਹਾਂ ਦੇ ਸਹਿਯੋਗ ਤੇ ਮਿਲ-ਵਰਤਣ ਵਿਚ ਆਪਣੀ ਕ੍ਰਿਆ ਕਰ ਰਹੇ ਹਨ। ਇਸ ਲਈ ਕੁਦਰਤ ਦਾ ਕੋਈ ਅੰਗ, ਜਿਵੇਂ ਸੂਰਜ, ਅੱਗ, ਪਾਣੀ, ਹਵਾ, ਬਦਲ, ਧਰਤੀ ਤੇ ਦਰਿਆ ਆਦਿ, ਜਿਨ੍ਹਾਂ ਨੂੰ ਹਿੰਦੁਸਤਾਨ ਵਿਚ ਦੇਵੀ ਦੇਵਤੇ ਕਰਕੇ ਮਾਨਤਾ ਦਿਤੀ ਜਾਂਦੀ ਹੈ, ਉਸ ਦੀ ਥਾਂ ਨਹੀਂ ਲੈ ਸਕਦੇ, ਉਸ ਦੀ ਨੁਮਾਇੰਦਗੀ ਨਹੀਂ ਕਰ ਸਕਦੇ, ਉਸ ਵਾਂਗ ਪੂਜਣ ਯੋਗ ਨਹੀਂ ਹੋ ਸਕਦੇ। ਇਸੇ ਤਰ੍ਹਾਂ ਬ੍ਰਹਮਾ, ਵਿਸ਼ਨੂੰ, ਮਹੇਸ਼, ਤੇ ਦੁਰਗਾ ਆਦਿ ਸ਼ਕਤੀਆਂ ਵਿਚ ਕੋਈ ਵੀ ਆਪਣੇ ਆਪ ਵਿਚ ਨਵੇਕਲੀ ਨਹੀਂ, ਆਜ਼ਾਦ ਨਹੀਂ। ਇਸ ਲਈ ਨਾ ਇਹ ਉਸ ਦੀ ਥਾਂ ਲੈ ਸਕਦੇ ਹਨ ਤੇ ਨਾ ਹੀ ਮਨੁਖ ਦੀ ਉਸ ਤਕ ਪਹੁੰਚ ਤੇ ਰਸਾਈ ਦਾ ਮਾਧਿਅਮ ਬਣ ਸਕਦੇ ਹਨ। ਇਸ ਲਈ ਗੁਰੂ ਨਾਨਕ ਜੀ ਦਾ ਪੰਥ ਨਾ ਇਨ੍ਹਾਂ ਨੂੰ ਨਵੇਕਲੇ ਇਸ਼ਟ ਵਾਂਗ ਪ੍ਰਵਾਨ ਕਰਦਾ ਹੈ ਤੇ ਨਾ ਹੀ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਨਿਰੰਕਾਰ ਤਕ ਰਸਾਈ ਦਾ ਮਾਧਿਅਮ।

ਗੁਰੂ ਨਾਨਕ ਦੇਵ ਜੀ ਦੇ ਮਤ ਅਨੁਸਾਰ, ਪਰਮਾਤਮਾ ਦੀ ਸਰਬ ਵਿਆਪਕ ਜੋਤਿ, ਹਰ ਮਨੁਖ ਵਿਚ ਉਸੇ ਤਰ੍ਹਾਂ ਹੀ ਮੌਜੂਦ ਹੈ, ਜਿਵੇਂ ਕੁਦਰਤ ਦੇ ਦੂਸਰੇ ਅੰਗਾਂ ਤੇ ਸ਼ਕਤੀਆਂ ਵਿਚ ਹੈ। ਇਸ ਲਈ ਮਨੁਖ ਦਾ ਪਰਮਾਤਮਾ ਨਾਲ ਉਸੇ ਤਰ੍ਹਾਂ ਦਾ ਸਿੱਧਾ ਤੇ ਨਿਜੀ ਸੰਬੰਧ ਹੈ ਜਿਵੇਂ ਇਨ੍ਹਾਂ ਵਿਚੋਂ ਹਰ ਇਕ ਦਾ ਹੈ। ਹਰ ਮਨੁਖ ਦਾ ਉਸ ਨਾਲ ਸਿੱਧਾ ਮੇਲ ਹੈ ਤੇ ਉਸ ਤਕ ਸਿੱਧੀ ਪਹੁੰਚ ਹੈ। ਇਸ ਲਈ ਨਿਰੰਕਾਰ ਤਕ ਪਹੁੰਚ ਲਈ ਮਨੁਖ ਨੂੰ ਨਾ ਤਾਂ ਇਨ੍ਹਾਂ ਦੇਵੀ ਦੇਵਤਿਆ ਦੀ ਵਿਚੋਲਗੀ ਦੀ ਲੋੜ ਹੈ, ਤੇ ਨਾ ਹੀ ਕਿਸੇ ਅਵਤਾਰ, ਇਤਿਹਾਸਕ ਜਾਂ ਨਰਸਿੰਗ ਵਰਗੀ ਮਿਥਿਹਾਸਕ ਹਸਤੀ ਦੀ। ਫਿਰ ਕੁਦਰਤ ਦੇ ਹਰ ਅੰਗ ਦਾ ਆਕਾਰ, ਆਚਰਨ ਤੇ ਆਯੂ ਨਿਸ਼ਚਿਤ ਹੈ, ਇਸ ਲਈ ਉਹ ਨਾ ਤਾ ਅਸੀਮ ਹੈ ਤੇ ਨਾ ਹੀ ਅਗੰਮ। ਆਕਾਰ ਨੂੰ ਬੁੱਤ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ, ਪ੍ਰੰਤੂ ਅਸੀਮ ਤੇ ਅਗੰਮ ਨੂੰ ਨਹੀਂ ਦਿਖਾਇਆ ਜਾ ਸਕਦਾ। ਫਿਰ ਕੁਦਰਤ ਦੀਆਂ ਅਦਿਸ ਸ਼ਕਤੀਆਂ ਬ੍ਰਹਮਾ, ਵਿਸ਼ਨੂੰ, ਮਹੇਸ਼ ਤੇ ਦੁਰਗਾ ਆਦਿ ਦੇ ਭਾਵੇਂ ਆਕਾਰ ਨਹੀਂ, ਪ੍ਰੰਤੂ ਉਨ੍ਹਾਂ ਦਾ ਆਚਰਨ ਤੇ ਉਨ੍ਹਾਂ ਦੀ ਕ੍ਰਿਆ ਨਿਸਚਿਤ ਹੈ, ਸੀਮਤ ਹੈ। ਇਸ ਲਈ ਲੋਕਾਂ ਨੇ ਆਚਰਨ ਨੂੰ ਅੰਕਤ ਕਰਨ ਲਈ ਬੁੱਤ ਬਣਾ ਲਏ। ਨਿਰਾਕਾਰ, ਅਸੀਮ, ਅਗੰਮ ਤੇ ਅਗੋਚਰ ਦਾ ਬੁੱਤ ਨਹੀਂ ਬਣਾਇਆ ਜਾ ਸਕਦਾ ਇਸੇ ਲਈ ਗੁਰੂ ਨਾਨਕ ਜੀ ਦੇ ਪੰਥ ਵਿਚ ਬੁੱਤਾਂ ਤੇ ਬੁੱਤ-ਪ੍ਰਸਤੀ ਦੀ ਕੋਈ ਥਾਂ ਨਹੀਂ। ਇਸ ਵਿਚ ਸ਼ਕ ਨਹੀਂ ਕਿ ਗੁਰੂ ਬਾਬੇ ਨੇ ਦੂਸਰੇ ਨਿਰ-ਆਕਾਰ ਦੀ ਪੂਜਾ ਕਰਨ ਵਾਲਿਆਂ ਵਾਂਗ ਬੁੱਤ-ਸ਼ਿਕਨੀ (ਬੁੱਤ ਤੋੜਨ) ਦਾ ਰਾਹ ਕਦੀ ਨਹੀਂ ਅਪਣਾਇਆ ਤੇ ਇਸ ਦਾ ਕਾਰਨ ਕੇਵਲ ਇਹ ਸੀ ਕਿ ਉਹ ਦੂਸਰੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਸਨ, ਮਾਨਵਤਾ ਦਾ ਸਤਿਕਾਰ ਕਰਦੇ ਸਨ।

ਇਸ ਲਈ ਗੁਰੂ ਨਾਨਕ ਜੀ ਦਾ ਵਿਸ਼ਨੂੰ-ਭਗਤ ਹੋਣ ਜਾਂ ਗੁਰੂ ਗੋਬਿੰਦ ਸਿੰਘ ਜੀ ਦਾ ਦੁਰਗਾ ਦੀ



www.AKJ.Org

ਭਗਤੀ ਕਰਨ ਦਾ (ਜਿਵੇਂ ਕਿ ੬-੨-੯੧ ਦੀ 'ਇੰਡੀਅਨ ਐਕਸਪ੍ਰੈਸ' ਦੇ ਮੁਖ ਲੇਖ ਵਿਚ ਦਾਅਵਾ ਕੀਤਾ ਗਿਆ ਹੈ) ਸੁਆਲ ਹੀ ਪੈਦਾ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਦਾਅਵਾ ਕਰਨਾ ਕਿ ਹਰਿਮੰਦਰ ਵਿਸ਼ਨੂੰ ਦਾ ਮੰਦਰ ਸੀ, ਬਿਲਕੁਲ ਹੀ ਫ਼ਜ਼ੂਲ ਤੇ ਬੇਤੁਕੀ ਜਹੀ ਗੱਲ ਹੈ। ਚੂੰਕਿ ਸਿੱਖੀ ਵਿਚ ਪਾਰਬ੍ਰਹਮ ਸ਼ਬਦ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ, ਤੇ ਉਸ ਤਕ ਰਸਾਈ ਦਾ ਰਾਹ "ਸਿਫਤੀ ਗੰਢੁ ਪਵੈ ਦਰਬਾਰਿ"* ਦਾ ਰਾਹ ਹੈ. ਉਸ ਦੀ ਸਿਫ਼ਤ ਸਲਾਹ ਤੇ ਵਡਿਆਈਆਂ ਨੂੰ ਮਨ ਵਿਚ ਵਸਾ ਕੇ, ਇਨ੍ਹਾਂ ਨੂੰ ਗ੍ਰਹਿਣ ਕਰ ਕੇ, ਆਪਣਾ ਜੀਵਨ ਤੇ ਆਚਰਨ ਇਨ੍ਹਾਂ ਲੀਹਾਂ ਉਤੇ ਉਸਾਰਨ ਦਾ ਰਾਹ ਹੈ, ਇਸ ਲਈ ਹਰਿਮੰਦਰ ਵਿਚ ਸ਼ਬਦ ਦਾ ਹੀ ਪ੍ਰਕਾਸ਼ ਹੈ—ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਸ਼ਬਦ ਤੇ ਸ਼ਬਦ ਰੂਪ ਵਿਚ ਉਸ ਦੀ ਸਿਫ਼ਤ ਸਲਾਹ ਅੰਕਿਤ ਹੈ, ਸ਼ਬਦ ਰੂਪ ਵਿਚ ਉਸ ਅੱਗੇ ਬਨਤੀਆਂ, ਅਰਜ਼ੋਈਆਂ ਤੇ ਅਰਦਾਸਾਂ ਅੰਕਿਤ ਹਨ, ਕੇਵਲ ਉਸ ਦਾ ਹੀ ਪ੍ਰਕਾਸ਼ ਹੈ ਤੇ ਕੇਵਲ ਉਸ ਵਿਚ ਅੰਕਿਤ ਸ਼ਬਦਾਂ ਦਾ ਹੀ ਕੀਰਤਨ ਹੁੰਦਾ ਹੈ। ਇਸ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਹਰਿਮੰਦਰ ਦੀ ਉਸਾਰੀ ਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਮੁਕੰਮਲ ਹੋਣ (ਸੰਨ ੧੬੦੪) ਤੋਂ ਹੁੰਦਾ ਚਲਿਆ ਆਇਆ ਹੈ। **ਸ਼ਬਦ-ਪ੍ਰਕਾਸ਼ ਦੀ ਸਥਾਪਣਾ, ਆਪਣੇ ਆਪ ਵਿਚ ਸਿੱਖੀ ਦਾ ਨਿਆਰਾਪਣ ਹੈ।** ਕੀ ਹਿੰਦੁਸਤਾਨ ਜਾਂ ਇਸੇ ਤਰ੍ਹਾਂ ਸਾਰੀ ਦੁਨੀਆ ਵਿਚ ਹੋਰ ਕੋਈ ਐਸਾ ਮੰਦਰ ਹੈ, ਜਿਸ ਵਿਚ ਸ਼ਬਦ ਦਾ ਪ੍ਰਕਾਸ਼ ਹੋਵੇ।

ਸਿੱਖੀ ਦੇ ਇਸ ਨਿਆਰੇਪਣ ਦਾ ਵਰਣਨ ਗੁਰੂ ਗੋਬਿੰਦ ਸਿੰਘ ਜੀ ਆਪਣੇ ਸ਼ਬਦਾਂ ਚਿ ਕਰਦੇ ਤੇ ਬ੍ਰਾਹਮਣਾਂ ਦੀ ਰੀਤ ਤੋਂ ਤਾੜਨਾ ਕਰਦੇ ਹੋਏ ਖ਼ੁਦ ਫ਼ੁਰਮਾਂਦੇ ਹਨ :

ਜਬ ਲਗ ਰਹੇ ਖਾਲਸਾ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਸਿੱਖੀ ਵਿਚ ਪਰਮ ਸੱਚ ਕਰਤਾ ਪੁਰਖ ਅਤੇ ਮਨੁਖ ਦੇ ਵਿਚਕਾਰ ਕਿਸੇ ਵਲੀ, ਔਲੀਆ, ਰਸੂਲ, ਨਬੀ ਜਾਂ ਪੈਗੰਬਰ ਨੂੰ ਵਿਚੋਲੇ ਦੇ ਤੌਰ ਉਤੇ ਨਹੀਂ ਸਵੀਕਾਰ ਕੀਤਾ ਜਾਂਦਾ। ਇਸ ਲਈ ਸਿੱਖੀ ਦਾ ਇਕ-ਈਸ਼ਵਰ-ਵਾਦ ਇਸਲਾਮ ਦੇ ਇਕ-ਈਸ਼ਵਰਵਾਦ ਤੋਂ, ਅਤੇ ਇਸੇ ਹੀ ਤਰ੍ਹਾਂ ਈਸਾਈ ਮਤ ਦੇ ਇਕ ਈਸ਼ਵਰਵਾਦ ਤੋਂ ਵੱਖਰਾ ਹੈ। ਇਸੇ ਵਾਸਤੇ ਸਿਖ ਮਤ ਇਸਲਾਮ ਧਰਮ ਦੇ ਮੂਲ ਮੰਤਰ—ਕਲਮਾ—ਦੇ ਜ਼ਰੂਰੀ ਭਾਗ "ਮੁਹੰਮਦ ਰਸੂਲ ਅਲਾਹ" ਨੂੰ ਪ੍ਰਵਾਨ ਨਹੀਂ ਕਰਦਾ। ਇਹ ਹੀ ਕਾਰਨ ਹੈ ਕਿ ਸਿਖ ਭਾਵੇਂ, ਇਕ ਈਸ਼ਵਰਵਾਦੀ ਹਨ, ਇਨ੍ਹਾਂ ਨੇ ਕਦੀ ਵੀ ਕਲਮਾ ਪੜ੍ਹਨਾ ਸਵੀਕਾਰ ਨਹੀਂ ਕੀਤਾ, ਤੇ ਖ਼ਾਸ ਕਰਕੇ ਜਦ ਇਨ੍ਹਾਂ ਨੂੰ ਇਸਲਾਮੀ ਰਾਜ ਵੇਲੇ, ਸਰਕਾਰੀ ਦਬਾਉ ਤੇ ਡਰਾਵੇ ਹੇਠ, ਇਸਲਾਮ ਕਬੂਲਣ ਤੇ ਕਲਮਾ ਪੜ੍ਹਨ ਜਾਂ ਦੂਸਰੇ ਪਾਸੇ ਮੌਤ ਨੂੰ ਚੁਣਨ ਲਈ ਕਿਹਾ ਜਾਂਦਾ ਤਾਂ ਇਨ੍ਹਾਂ ਨੇ ਹਮੇਸ਼ਾ ਹੀ ਹੱਦ ਦਰਜੇ ਦੇ ਤਸੀਹਾਂ ਭਰੀ ਮੌਤ ਨੂੰ ਪ੍ਰਵਾਨ ਕਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਕਲਮਾ ਨਹੀਂ ਪੜ੍ਹਿਆ।

ਇਹ ਤੱਥ ਥਾਮਸ ਪੈਟਰਿਕ ਦੀ ਲਿਖੀ ਡਿਕਸ਼ਨਰੀ ਆਫ਼ ਇਸਲਾਮ ਵਿਚ ਪਾਏ ਗਏ ਇਸ ਭੁਲੇਖੇ ਨੂੰ ਦੂਰ ਕਰ ਦੇਵੇਗਾ ਕਿ ਸਿਖ ਧਰਮ ਇਸਲਾਮ ਦਾ ਹੀ ਇਕ ਅੰਗ ਹੈ ਅਤੇ ਇਸ ਦੀ ਇਕ ਈਸ਼ਵਰਵਾਦੀ ਧਾਰਨਾ, ਸੂਫ਼ੀ ਮਤ ਦੇ ਪ੍ਰਭਾਵ ਅਧੀਨ ਉਪਜੀ ਹੈ। ਇਸ ਦੇ ਨਾਲ ਹੀ ਇਹ ਭੁਲੇਖਾ ਵੀ ਦੂਰ ਹੋ ਜਾਵੇਗਾ ਕਿ ਸਿਖ ਮਤ, ਇਸਲਾਮ ਤੇ ਹਿੰਦੂ ਧਰਮ ਦਾ ਜੋੜ ਤੇ ਰਲਾਉ ਹੈ, ਜੋ ਸੂਫ਼ੀ ਪ੍ਰਭਾਵ ਦੁਆਰਾ ਹੋਂਦ ਵਿਚ ਆਇਆ।

ਹੁਣ ਮੈਂ ਹਿੰਦੁਸਤਾਨ ਦੇ ਇਤਿਹਾਸ ਦੇ ਮਧ-ਕਾਲੀਨ ਸਮੇਂ ਦੀ ਭਗਤੀ ਪਰੰਪਰਾ ਵੱਲ ਆਉਂਦਾ ਹਾਂ, ਜਿਸ ਨੂੰ ਇਤਿਹਾਸਕਾਰਾਂ ਨੇ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਦਾ ਨਾਮ ਦਿਤਾ ਹੋਇਆ ਹੈ। ਇਸ ਵਿਚ ਸ਼ਕ ਨਹੀਂ ਕਿ ਇਸ ਪਰੰਪਰਾ ਤੇ ਸਿਖ ਮਤ ਵਿਚ ਕੁਝ ਸਾਂਝ ਪਛਾਣੀ ਜਾ ਸਕਦੀ ਹੈ। ਬਹੁਤ ਸਾਰੇ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਸ਼ੁਰੂ ਵਿਚ ਵੈਸ਼ਨੋ ਮਤੀਏ ਸਨ; ਪ੍ਰੰਤੂ ਬਾਅਦ

* ਮ: ੧, ਵਾਰ ਮਾਝ, ੨-੧੨, ਪੰਨਾ ੧੪੩



www.AKJ.Org

ਵਿਚ ਉਹ ਵਿਸ਼ਨੂੰ ਦੀ ਅਰਾਧਨਾ ਨੂੰ ਛੱਡ ਕੇ, ਸਿਧਾ ਨਿਰੰਕਾਰ ਦੀ ਅਰਾਧਨਾ ਵਿਚ ਪੈ ਗਏ ਤੇ ਉਨ੍ਹਾਂ ਨੇ ਆਪਣੇ ਤੇ ਨਿਰੰਕਾਰ ਦੇ ਵਿਚਕਾਰ ਵਿਸ਼ਨੂੰ ਦੀ ਵਿਚੋਲਗਿਰੀ ਨੂੰ ਤਲਾਂਜਲੀ ਦੇ ਦਿਤੀ। ਭਗਤਾਂ ਦੀ ਕੇਵਲ ਉਹ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜਿਸ ਵਿਚ ਨਿਰੰਕਾਰ ਨਾਲ ਸਿੱਧੀ ਪ੍ਰੀਤ ਤੇ ਉਸ ਨਾਲ ਸਿੱਧਾ ਸੰਪਰਕ ਦਰਸਾਇਆ ਗਿਆ ਹੈ। ਉਨ੍ਹਾਂ ਦੀ ਵਿਸ਼ਨੂੰ, ਸ਼ਿਵਜੀ, ਬ੍ਰਹਮਾ ਤੇ ਦੁਰਗਾ ਆਦਿ ਕਿਸੇ ਦੇਵੀ ਦੇਵਤਾ, ਜਾਂ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਬਾਰੇ ਸ਼ਰਧਾ ਤੇ ਅਰਾਧਨਾ ਬਾਰੇ ਕਿਸੇ ਸਮੇਂ ਕਹੀ ਹੋਈ ਕਿਸੇ ਬਾਣੀ (ਜ਼ੇਕਰ ਕੋਈ ਅਜਿਹੀ ਬਾਣੀ ਹੈ ਤਾਂ) ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ ਗਿਆ। ਯਾਦ ਰਹੇ ਕਿ ਮੀਰਾਂ ਬਾਈ ਤੇ ਤੁਲਸੀ ਦਾਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਹੀਂ।

ਇਕ ਬੜੀ ਮਹੱਤਵਪੂਰਨ ਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਿਥੇ ਸਿੱਖੀ ਇਕ ਲੋਕ-ਲਹਿਰ ਸੀ, ਉਥੇ ਭਗਤੀ ਪ੍ਰਥਾ, ਆਪਣੇ ਆਪ ਵਿਚ ਇਕ ਲਹਿਰ ਜਾਂ ਅੰਦੋਲਨ ਦੀ ਪ੍ਰੀਭਾਸ਼ਾ ਉਤੇ ਪੂਰੀ ਨਹੀਂ ਉਤਰਦੀ। ਵਖਰੇ ਵਖਰੇ ਭਗਤ, ਵੱਖ ਵੱਖ ਸਮਿਆਂ ਉਤੇ ਆਪੋ ਆਪਣੇ ਇਲਾਕਿਆਂ, ਜੋ ਇਕ ਦੂਸਰੇ ਤੋਂ ਅਕਸਰ ਕਾਫ਼ੀ ਦੁਰੇਡੇ ਸਨ, ਆਪਣੀ ਆਪਣੀ ਰਚਨਾ ਕਰਦੇ ਰਹੇ। ਇਨ੍ਹਾਂ ਦਾ ਕਾਰਜ ਨਾ ਤਾਂ ਸਮੇਂ ਤੇ ਸਥਾਨ ਦੇ ਸੰਬੰਧ ਵਿਚ ਨਿਰੰਤਰ ਸੀ ਤੇ ਨਾ ਹੀ ਸੰਗਠਿਤ। ਕੋਈ ਵੀ ਕਾਰਵਾਈ, ਅੰਦੋਲਨ ਜਾਂ ਲਹਿਰ ਤਦ ਹੀ ਬਣ ਸਕਦੀ ਹੈ ਜੇਕਰ ਉਹ ਕਿਸੇ ਖ਼ਾਸ ਇਲਾਕੇ ਵਿਚ ਨਿਰੰਤਰ ਚਲਦੀ ਰਹੇ ਤੇ ਦੂਸਰੇ ਪਾਸੇ ਇਹ ਲੋਕਾਂ ਵਿਚ ਇਸ ਕਦਰ ਸੰਜਰ ਜਾਵੇ ਕਿ ਆਮ ਜਨਤਾ ਦੀ ਇਸ ਵਿਚ ਭਰਵੀਂ ਸ਼ਮੂਲੀਅਤ ਹੋਵੇ। ਭਗਤਾਂ ਨੇ ਆਪਣੇ ਵਿਚਾਰ ਨੂੰ ਲੋਕਾਂ ਤਕ ਪਹੁੰਚਾਣ ਲਈ ਨਾ ਤਾਂ ਸੰਗਤਾਂ ਹੀ ਸਥਾਪਤ ਕੀਤੀਆਂ ਤੇ ਨਾ ਹੀ ਸੰਗਠਿਤ ਵਿਧੀ ਨਾਲ ਪਰਚਾਰ ਦਾ ਕੋਈ ਢੰਗ ਅਪਣਾਇਆ। ਦੂਸਰੇ ਪਾਸੇ ਸਿਖ ਲਹਿਰ ਪੰਜਾਬ ਵਿਚ, ਖ਼ਾਸ ਕਰਕੇ ਮਾਝੇ, ਮਾਲਵੇ ਤੇ ਪੁਆਧ ਦੇ ਇਲਾਕਿਆਂ ਵਿਚ ਤਕਰੀਬਨ ੨੩੦ ਸਾਲ ਲਗਾਤਾਰ ਚਲਦੀ ਰਹੀ ਤੇ ਸੰਗਤਾਂ ਅਤੇ ਪਰਚਾਰਕਾਂ ਰਾਹੀਂ ਇਹ ਕਾਫ਼ੀ ਦੂਰ ਦੂਰ ਤਕ ਆਮ ਲੋਕਾਂ ਵਿਚ ਡੂੰਘਾ ਸੰਜਰ ਗਈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੇ ਢਾਡੀਆਂ—ਅਬਦੁਲਾ ਤੇ ਨਥਾ—ਅਨੁਸਾਰ ਬਲਖ਼ ਤੇ ਬੁਖ਼ਾਰੇ ਤਕ ਫੈਲ ਸਿੱਖੀ ਗਈ ਸੀ। ਫਿਰ ਇਸ ਦੇ ਫੈਲਾਉ ਦਾ ਪ੍ਰਤਖ ਪ੍ਰਮਾਣ ਇਹ ਹੈ ਕਿ ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਤੋਂ ਉਪ੍ਰੰਤ, ਸ: ਖ਼ੁਸ਼ਵੰਤ ਸਿੰਘ ਦੇ ਕਥਨ ਅਨੁਸਾਰ ਤਕਰੀਬਨ ਪੈਂਤੀ ਹਜ਼ਾਰ ਆਦਮੀਆਂ ਤੇ ਤੀਵੀਆਂ ਨੇ ਅੰਮ੍ਰਿਤ ਛਕਿਆ ਸੀ।

ਫਿਰ ਭਗਤਾਂ ਨੇ ਇਸਤ੍ਰੀਆਂ ਨੂੰ ਜੇ ਅਣਡਿਠ ਨਹੀਂ ਕੀਤਾ ਤਾਂ ਇਕ ਪਾਸੇ ਹੀ ਛੱਡ ਦਿਤਾ, ਨਾਲ ਨਹੀਂ ਰਲਾਇਆ। ਡਾ: ਮਹਿੰਦਰ ਕੌਰ ਗਿਲ ਦੇ ਬਾਣੀ ਸਾਰ ਵਿਚ ਕਥਨ ਅਨੁਸਾਰ ਇਨ੍ਹਾਂ ਨੂੰ ਆਦਮੀ ਤੋਂ ਨੀਵਾਂ ਦਰਜਾ ਹੀ ਦਿਤਾ। ਪ੍ਰੰਤੂ ਸਿੱਖੀ ਵਿਚ ਇਨ੍ਹਾਂ ਨੂੰ ਬਰਾਬਰ ਦਾ ਭਾਗੀਦਾਰ ਤੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਬਰਾਬਰ ਦਾ ਸਾਂਝੀਕਾਰ ਬਣਾਇਆ। ਫਿਰ ਕਿਸੇ ਵੀ ਭਗਤ ਨੇ ਰਾਜਨੀਤਕ ਦਬਾਉ ਤੇ ਆਮ ਲੋਕਾਂ ਉਤੇ ਹੋ ਰਹੇ ਜ਼ੁਲਮ ਤੇ ਅਤਿਆਚਾਰ ਦੇ ਖਿਲਾਫ਼ ਨਾ ਤਾਂ ਆਵਾਜ਼ ਹੀ ਉਠਾਈ ਅਤੇ ਨਾ ਹੀ ਇਸ ਜ਼ੁਲਮ, ਅਤਿਆਚਾਰ ਤੇ ਬੇਇਨਸਾਫ਼ੀ ਤੋਂ ਲੋਕਾਂ ਨੂੰ ਬਚਾਣ ਲਈ ਕੋਈ ਉਪਰਾਲਾ ਹੀ ਕੀਤਾ। ਸਿੱਖੀ ਵਿਚ ਜਿਥੇ ਜਾਤ-ਪਾਤੀ ਵੰਡ ਤੇ ਵਿਤਕਰੇ ਕਾਰਨ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਉਣ ਤੇ ਸਤੀ ਦੀ ਪ੍ਰਥਾ ਨੂੰ ਰੋਕਣ ਦਾ ਨਿਗਰ ਉਪਰਾਲਾ ਕੀਤਾ ਗਿਆ, ਉਥੇ ਹਾਕਮ ਸ਼ਰੇਣੀ ਵਲੋਂ ਕੀਤੇ ਜਾਂਦੇ ਜ਼ੁਲਮ ਤੇ ਅਨਿਆਂ—ਭਾਵੇਂ ਉਹ ਮਲਕ ਭਾਗੋ ਵਰਗੇ ਸਥਾਨਕ ਹਾਕਮ ਵਲੋਂ ਹੋਵੇ, ਇਬਰਾਹੀਮ ਲੋਧੀ ਵਰਗੇ ਸ਼ਹਿਨਸ਼ਾਹ ਵਲੋਂ ਹੋਵੇ ਤੇ ਭਾਵੇਂ ਬਾਬਰ ਵਰਗੇ ਬੈਰੂਨ ਹਮਲਾ-ਆਵਰ ਵਲੋਂ ਹੋਵੇ—ਦੇ ਖ਼ਿਲਾਫ਼ ਗੁਰੂ ਨਾਨਕ ਜੀ ਵੇਲੇ ਤੋਂ ਹੀ ਆਵਾਜ਼ ਬੁਲੰਦ ਕਰ ਕੇ, ਇਸ ਦੇ ਖ਼ਿਲਾਫ਼ ਲੋਕ-ਜਾਗ੍ਰਿਤੀ ਪੈਦਾ ਕਰਨੀ ਸ਼ੁਰੂ ਕਰ ਦਿਤੀ ਗਈ ਤੇ ਜੇਕਰ ਕਿਸੇ ਅਮਨ-ਪਸੰਦ ਹੀਲੇ ਵਸੀਲੇ ਨਾਲ, ਜ਼ੁਲਮੋ-ਤਸ਼ੱਦਦ ਦਾ ਇਹ ਦੌਰ ਖ਼ਤਮ ਨ ਹੋਵੇ ਤਾਂ ਤਲਵਾਰ ਹੱਥ ਵਿਚ ਫੜ ਕੇ ਮੈਦਾਨ ਵਿਚ ਨਿੱਤਰ ਆਉਣ ਦਾ ਉਪਰਾਲਾ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ।



www.AKJ.Org

ਭਾਵੇਂ ਕਈ ਭਗਤਾਂ ਨ ਸਮਾਜਕ ਕੁਰੀਤੀਆਂ ਤੇ ਦਲਿਤ ਸ਼ਰੇਣੀਆਂ ਦੀ ਸਮਾਜਕ ਹੀਣਤਾ ਦਾ ਵਰਣਨ ਆਪਣੀ ਬਾਣੀ ਵਿਚ ਕੀਤਾ ਹੈ, ਪ੍ਰੰਤੂ ਕਿਸੇ ਨੇ ਵੀ ਇਨ੍ਹਾਂ ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਲਈ ਇਸ ਤਰ੍ਹਾਂ ਦੇ ਕੋਈ ਠੋਸ ਤੇ ਸੰਗਠਿਤ ਕਦਮ ਨਹੀਂ ਚੁਕੇ, ਜਿਵੇਂ ਸੰਗਤ ਪੰਗਤ ਤੇ ਸਰੋਵਰ ਦੀ ਪ੍ਰਥਾ ਨੇ ਮਨੁਖੀ ਵਿਤਕਰੇ ਨੂੰ ਖ਼ਤਮ ਕਰਨ ਦਾ ਢੰਗ ਲਾਗੂ ਕੀਤਾ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਨੂੰ ਜ਼ੋਰ ਨਾਲ ਬੰਦ ਕਰਨ ਦਾ ਆਦੇਸ਼ ਦਿਤਾ ਹੋਇਆ ਸੀ।

ਲੋਕਾਂ ਦੀ ਗਰੀਬੀ ਦੂਰ ਕਰਨ ਤੇ ਉਨ੍ਹਾਂ ਦੇ ਆਰਥਿਕ ਉਥਾਨ ਲਈ ਗੁਰੂ ਸਾਹਿਬਾਨ ਨੇ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਤਕਰੀਬਨ ਹਰ ਗੁਰੂ ਸਾਹਿਬ ਨੇ ਕੋਈ ਨ ਕੋਈ ਸ਼ਹਿਰ ਵਸਾਇਆ. ਜਿਥੇ ਲੋਕਾਂ ਨੂੰ ਰੋਜ਼ਗਾਰ ਦੇ ਸਾਧਨ ਮੁਹੱਈਆ ਕਰ ਕੇ, ਲੋਕਾਂ ਦੀ ਆਰਥਿਕ ਉਨਤੀ ਤੇ ਆਪਸ ਵਿਚ ਮੇਲ ਜੋਲ ਦਾ ਰਾਹ ਕਢਿਆ। ਇਨ੍ਹਾਂ ਵਿਚ ਪਾਠਸ਼ਾਲਾ ਤੇ ਹਸਪਤਾਲੀ ਸੇਵਾ ਦਾ ਪ੍ਰਬੰਧ ਵੀ ਕੀਤਾ ਤਾਂਕਿ ਲੋਕਾਂ ਦਾ ਸਰਵ-ਪੱਖੀ ਵਿਕਾਸ ਹੋ ਸਕੇ। ਧਰਮ ਦੇ ਨਾਲ ਨਾਲ ਆਰਥਿਕ ਵਿਕਾਸ, ਸਮਾਜਕ ਉਥਾਨ, ਜ਼ੁਲਮ ਦੇ ਖ਼ਿਲਾਫ਼ ਸੰਗਠਿਤ ਰੂਪ ਵਿਚ ਲੋਕ-ਜਾਗ੍ਰਿਤੀ ਕੁਝ ਇਕ ਐਸੇ ਕ੍ਰਿਸ਼ਮੇ ਹਨ, ਜੋ ਖ਼ਾਸ ਕਰਕੇ ਸਿੱਖੀ ਦੇ ਹੀ ਹਿੱਸੇ ਆਏ ਹਨ। ਧਾਰਮਿਕ ਨਿਆਰੇਪਣ ਤੋਂ ਇਲਾਵਾ ਇਨ੍ਹਾਂ ਕ੍ਰਿਸ਼ਮਿਆਂ ਕਰਕੇ ਵੀ ਸਿਖ ਵਿਚਾਰਧਾਰਾ ਤੇ ਸਿਖ ਲਹਿਰ ਮਧ-ਕਾਲੀਨ ਸਮੇਂ ਦੀ ਭਗਤੀ ਪ੍ਰਥਾ ਤੋਂ ਇਕਦਮ ਵਖਰੀ, ਨਿਆਰੀ ਤੇ ਨਿਵੇਕਲੀ ਬਣ ਜਾਂਦੀ ਹੈ।

ਜਿਥੋਂ ਤਕ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਤੇ ਮੁਸਲਿਮ ਸ਼ਬਦਾਵਲੀ ਵਰਤੇ ਜਾਣ ਦਾ ਸੰਬੰਧ ਹੈ, ਇਸ ਬਾਰੇ ਮੈਂ ਪ੍ਰੋ: ਏ. ਸੀ. ਬੈਨਰਜੀ, ਪ੍ਰੋਫ਼ੈਸਰ ਗੁਰੂ ਨਾਨਕ ਚੇਅਰ ਯਾਦਵਪੁਰ ਯੂਨੀਵਰਸਿਟੀ, ਪ: ਬੰਗਾਲ ਵਲੋਂ ਇਕ ਪੈਰਾ ਹੇਠਾਂ ਦੇ ਰਿਹਾ ਹਾਂ, ਜੋ ਆਪਣੇ ਆਪ ਸਵੈ-ਸਪੱਸ਼ਟ ਹੈ:

> "ਗੁਰੂ ਨਾਨਕ ਜੀ ਨੇ ਹਿੰਦੂ ਮਿਥਿਹਾਸਕ ਸ਼ਬਦਾਵਲੀ ਕੇਵਲ ਪ੍ਰਮਾਣ ਦੇ ਤੌਰ ਉਤੇ ਹੀ ਵਰਤੀ ਹੈ, ਤਾਂਕਿ ਉਨ੍ਹਾਂ ਦੀ ਗੱਲ, ਇਨ੍ਹਾਂ ਮਿਸਾਲਾਂ ਰਾਹੀਂ ਹਿੰਦੂ ਸਰੋਤਿਆਂ ਦੇ ਦਿਲਾਂ ਵਿਚ ਚੰਗੀ ਤਰ੍ਹਾਂ ਬੈਠ ਸਕੇ। ਪ੍ਰੰਤੂ ਇਨ੍ਹਾਂ ਤੋਂ ਕਿਧਰੇ ਵੀ ਰੱਬ ਦੀ ਏਕਤਾ ਵਾਲੇ ਉਨ੍ਹਾਂ ਦੇ ਦ੍ਰਿੜ੍ਹ ਵਿਸ਼ਵਾਸ ਵਿਚ ਜ਼ਰਾ ਜਿੰਨੇ ਫ਼ਰਕ ਦਾ ਕੋਈ ਸੰਕੇਤ ਨਹੀਂ ਮਿਲਦਾ। ਇਸ ਵਿਸ਼ਵਾਸ ਦੀ ਦ੍ਰਿੜ੍ਹਤਾ ਵਿਚ ਇਹ ਸਾਊ ਤੇ ਕੋਸ਼ਲ ਪ੍ਰਚਾਰਕ ਚਟਾਨ ਵਾਂਗ ਦ੍ਰਿੜ੍ਹ ਰਿਹਾ।"

ਇਸੇ ਦਲੀਲ ਨੂੰ ਫਿਰ ਯੂ. ਐਸ. ਏ. ਦੇ ਪ੍ਰਸਿਧ ਅਧਿਆਤਮ-ਗਿਆਨੀ ਡਨਕਨ ਗਰੀਨਲੀਜ਼, ਆਪਣੀ ਪੁਸਤਕ 'ਗਾਸਪਲ ਆਫ਼ ਦਿ ਹੋਲੀ ਗ੍ਰੰਥ' ਵਿਚ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕਰਦਾ ਹੈ:

> "ਇਸ ਵਿਚ ਸ਼ੱਕ ਨਹੀਂ ਕਿ ਗੁਰੂ ਜੀ ਨੇ ਆਪਣੇ ਜ਼ਮਾਨੇ ਦੇ ਹਿੰਦੂਆਂ ਤੇ ਮੁਸਲਮਾਨਾਂ ਨਾਲ ਉਨ੍ਹਾਂ ਦੀ ਸ਼ਬਦਾਵਲੀ ਵਿਚ ਗੱਲਾਂ ਕੀਤੀਆਂ। ਜੇਕਰ ਉਹ ਪੂਰਬੀ ਯੂਰਪ ਵਿਚ ਪੈਦਾ ਹੋਏ ਹੁੰਦੇ ਤਾਂ ਉਨ੍ਹਾਂ ਨੇ ਉਸ ਸਮੇਂ ਪੂਰਬੀ ਯੂਰਪ ਵਿਚ ਪ੍ਰਚਲਤ ਬੋਲੀ, ਮੁਹਾਵਰੇ ਤੇ ਲੋਕ-ਧਾਰਨਾ ਰਾਹੀਂ ਹੀ ਲੋਕਾਂ ਨਾਲ ਗੱਲਾਂ ਕਰਨੀਆਂ ਸਨ। ਪ੍ਰੰਤੂ ਇਸ ਦਾ ਇਹ ਕਦੀ ਵੀ ਭਾਵ ਨਹੀਂ ਹੋ ਸਕਦਾ ਕਿ ਉਹ ਈਸਾਈ ਮਤ ਦੇ ਪ੍ਰਭਾਵ ਹੇਠ ਆ ਗਏ ਸਨ।"

ਇਹੋ ਦਲੀਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੀ ਬਾਣੀ ਵਿਚ ਸੰਸਕ੍ਰਿਤ ਸ਼ਬਦਾਵਲੀ ਤੇ ਪੁਰਾਣਾਂ ਦੀਆਂ ਧਾਰਨਾਵਾ ਨੂੰ ਵਰਤਣ ਬਾਰੇ ਦਿਤੀ ਜਾ ਸਕਦੀ ਹੈ। ਉਨ੍ਹਾਂ ਨੇ ਤਾਂ ਆਪਣੇ ਸਮੇਂ ਦੇ ਨੀਵੇਂ ਲਤਾੜੇ (ਹਿੰਦੂ) ਲੋਕਾਂ ਦੀ ਦੱਬੀ ਕੁਚਲੀ ਰੂਹ ਨੂੰ ਉਭਾਰਨ ਲਈ ਕਈ ਥਾਵੇਂ ਪੁਰਾਣਾਂ ਦੀਆਂ ਮਿਥਿਹਾਸਕ ਵਾਰਤਾਵਾਂ ਤੇ ਕਹਾਣੀਆਂ ਨੂੰ ਵਰਤਿਆ ਹੈ ਤੇ ਉਨ੍ਹਾਂ ਦਾ, ਉਨ੍ਹਾਂ ਦੇ ਆਪਣੇ ਹੀ ਧਰਮ ਵਿਚ ਵਿਸ਼ਵਾਸ ਦ੍ਰਿੜ੍ਹਾਇਆ ਹੈ। ਉਨ੍ਹਾਂ ਨੇ ਪੁਰਾਣਾਂ (ਮਾਰਕੰਡੇ ਪੁਰਾਣਾਂ ਦੇ ਕੁਝ ਭਾਗਾਂ, ਰਾਮਾਇਣ ਤੇ ਮਹਾ-ਭਾਰਤ ਦਾ ਸੰਸਕ੍ਰਿਤ ਤੋਂ ਲੋਕ-ਬੋਲੀ ਵਿਚ ਅਨੁਵਾਦ ਵੀ ਕੀਤਾ, ਤਾਂਕਿ ਲੋਕ ਆਪਣੇ ਧਾਰਮਿਕ ਤੇ ਸਭਿਆਚਾਰਕ



www.AKJ.Org

ਵਿਰਸੇ ਨੂੰ ਪਛਾਣਨ, ਉਸ ਉਤੇ ਗੌਰਵ ਕਰ ਸਕਣ ਤੇ ਇਸ ਗੌਰਵ ਦੇ ਆਧਾਰ ਉਤੇ ਉਹ ਜ਼ਾਲਮ ਹਤਿਆਰੇ ਨਾਲ ਲੋਹਾ ਲੈਣ ਦੀ ਦਲੇਰੀ ਕਰ ਸਕਣ। ਪ੍ਰੰਤੂ ਅਜਿਹਾ ਕਰਦੇ ਸਮੇਂ ਉਹ ਆਪਣੇ ਧਰਮ ਤੇ ਧਾਰਮਿਕ ਵਿਸ਼ਵਾਸ, ਯਾਨੀ ਸਰਵ-ਵਿਆਪੀ ਕਰਤਾ ਪੁਰਖ ਦੀ ਏਕਤਾ ਉਤੇ ਵਿਸ਼ਵਾਸ ਅਤੇ ਉਸ ਤਕ ਪਹੁੰਚ ਲਈ ਦੇਵੀ ਦੇਵਤਿਆਂ ਦੀ ਵਿਚੋਲਗੀ ਦੇ ਬ੍ਰਾਹਮਣੀ ਢੰਗ ਦੀ ਬਜਾਏ, ਸਿਧੀ ਰਸਾਈ ਉਤੇ ਦ੍ਰਿੜ ਰਹਿੰਦੇ ਹਨ। ਸਿੱਖਾਂ ਨੂੰ ਵੀ ਸਿਵਾਏ ਉਸ ਇਕੋ-ਇਕ ਜਾਗਤ ਜੋਤ ਨੂੰ ਪਛਾਣਨ ਤੇ ਉਸ ਨਾਲ ਪ੍ਰੀਤ ਦੇ ਰਾਹ ਵਿਚ ਕਿਸੇ ਹੋਰ ਦੇਵੀ ਦੇਵਤਾ ਆਦਿ ਵਿਚੋਲੇ ਨੂੰ ਸਵੀਕਾਰ ਨਾ ਕਰਨ ਦਾ ਹੀ ਆਦੇਸ਼ ਦਿਤਾ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥ (ਤੇਤੀ ਸਵੱਯੇ)

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਕਦੀ ਵੀ ਦੁਰਗਾ ਦੀ ਭਗਤੀ ਜਾਂ ਪੂਜਾ ਨਹੀਂ ਕੀਤੀ ਅਤੇ ਨਾ ਹੀ ਉਹ ਹਿੰਦੂ ਧਰਮ ਜਾਂ ਹਿੰਦੂ ਰਹਿਣੀ ਵਿਚ ਪਰਤ ਆਏ। ਉਹ ਤਾਂ ਡੰਕੇ ਦੀ ਚੋਟ ਨਾਲ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਨਾ ਤਾਂ ਮੈਂ ਬੁਤ-ਪੂਜ ਹਾਂ ਤੇ ਨਾ ਹੀ ਸਿਵਾਏ ਇਕ ਅਲਖ ਨਿਰੰਕਾਰ ਦੇ ਹੋਰ ਕਿਸੇ ਦੀ ਰੰਗਣ ਵਿਚ ਆਉਂਦਾ ਹਾਂ :—

ਕਿਸੂ ਨ ਭੇਖ ਭੀਜ ਹੌਂ ॥ ਅਲੇਖ ਬੀਜ ਬੀਜ ਹੌਂ ॥੩੪॥
ਪਖਾਣ ਪੂਜ ਹੌਂ ਨਹੀਂ ॥ ਨ ਭੇਖ ਭੀਜ ਹੌਂ ਕਹੀਂ ॥
ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥੩੭॥
ਬਿਅੰਤ ਨਾਮ ਧਿਆਇ ਹੌਂ ॥ ਪਰਮ ਜੋਤਿ ਪਾਇ ਹੌਂ ॥੩੮॥

[ਪਾ: ੧੦, ਬਚਿਤ੍ਰ ਨਾਟਕ, ਅਧਿ ੭

ਕੁਝ ਲੋਕ ਉਨੀਵੀਂ ਸਦੀ ਦੇ ਅਖ਼ੀਰ ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਵਲੋਂ ਸਿੱਖਾਂ ਦੀ ਵੱਖਰੀ ਹਸਤੀ ਉਤੇ ਜ਼ੋਰ ਦੇਣ ਨੂੰ ਅੰਗਰੇਜ਼ੀ ਸਾਮਰਾਜ ਦੀ ਸ਼ਹਿ ਦਾ ਸਿੱਟਾ ਗਰਦਾਨਦੇ ਹਨ ਤੇ ਅੱਜ ਕਲ੍ਹ ਅਕਾਲੀ ਪਾਰਟੀ ਦੀ ਵੱਖਵਾਦੀ ਨੀਤੀ ਦਾ ਸਿੱਟਾ ਦਸਦੇ ਹਨ। ਅਸਲ ਵਿਚ ਸਿੱਖਾਂ ਵਿਚ ਬ੍ਰਾਹਮਣੀ ਪ੍ਰਭਾਵ ਅਧੀਨ ਵਾੜੇ ਜਾ ਰਹੇ ਗੰਧਲੇ-ਪਣ ਨੂੰ ਸਾਫ਼ ਕਰਨ ਲਈ, 'ਬਿਪਰਨ ਕੀ ਰੀਤ', ਜਿਸ ਨੇ ਹਿੰਦੂ ਧਰਮ ਤੇ ਹਿੰਦੂ ਸਮਾਜ ਨੂੰ ਖੋਖਲਾ ਕੀਤਾ ਹੋਇਆ ਸੀ, ਉਸ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਣ ਲਈ, ਸਿੰਘ ਸਭਾ ਲਹਿਰ ਹੋਂਦ ਵਿਚ ਆਈ। ਇਨ੍ਹਾਂ ਲੋਕਾਂ ਦਾ ਸਿੱਖੀ ਦੇ ਨਵੇਕਲੇਪਣ ਨੂੰ ਅੰਗਰੇਜ਼ੀ ਸਾਮਰਾਜ ਦੀ ਸ਼ਹਿ ਨਾਲ ਜੋੜਨਾ, ਜਾਂ ਹੁਣ ਦੀ ਅਕਾਲੀ ਨੀਤੀ ਨਾਲ ਜੋੜਨਾ ਇਹ ਜ਼ਾਹਿਰ ਕਰਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਗੁਰਬਾਣੀ ਦੀ ਹੀ ਸੋਝੀ ਹੈ, ਨਾ ਸਿੱਖ ਇਤਿਹਾਸ ਦੀ ਤੇ ਨਾ ਹੀ ਅੱਜ ਕਲ੍ਹ ਦੇ ਖੋਜੀ ਇਤਿਹਾਸਕਾਰਾਂ, ਵਿਦਵਾਨਾਂ ਤੇ ਵਿਚਾਰਵਾਨਾਂ ਦੀ ਲਿਖਤ ਨਾਲ ਕੋਈ ਸਰੋਕਾਰ। ਇਹ ਆਪਣੀ ਕੁਟਲ ਨੀਤੀ ਦੀ ਕਾਲੀ ਐਨਕ ਨਾਲ, ਸਿਖ ਧਰਮ ਨੂੰ ਦੇਖਦੇ ਹੋਏ, ਸਿੱਖਾਂ ਦੇ ਨਿਆਰੇਪਣ ਨੂੰ ਸਹਿਣ ਨਹੀਂ ਕਰ ਰਹੇ, ਹਾਲਾਂਕਿ ਹਿੰਦੂ ਧਰਮ ਦਾ ਇਹ ਬੁਨਿਆਦੀ ਅਸੂਲ ਹੈ ਕਿ ਉਹ ਸਭ ਵਿਚਾਰ-ਧਾਰਾਵਾਂ ਨੂੰ ਸਹਿਣ ਕਰਦਾ ਹੈ। ਇਸ ਬੁਨਿਆਦੀ ਤੱਥ ਤੋਂ ਹਟ ਕੇ ਦੂਸਰੀਆਂ ਵਿਚਾਰ-ਧਾਰਾਵਾਂ ਨੂੰ ਰਾਜਨੀਤਕ ਤਕੜੀ ਨਾਲ ਤੋਲਣਾ ਆਪਣੀ ਸੂਝ ਦਾ ਦੀਵਾਲੀਆਪਣ ਜ਼ਾਹਿਰ ਕਰਨਾ ਹੈ।

ਜ਼ਰਾ ਕੁਝ ਵਿਚਾਰ ਕਰੀਏ ਤਾਂ ਪਤਾ ਲੱਗ ਜਾਵੇਗਾ ਕਿ ਭਾਈ ਗੁਰਦਾਸ ਜੀ (੧੫੬੦-੧੬੩੭), ਜਿਨ੍ਹਾਂ ਨੇ ਸਿੱਖੀ ਦੇ ਨਿਆਰੇਪਣ ਦਾ ਵਰਣਨ ਆਪਣੀ ਪਹਿਲੀ ਵਾਰ ਵਿਚ ਕੀਤਾ ਹੈ, ਉਨ੍ਹਾਂ ਦੇ ਸਮੇਂ ਨਾ ਤਾਂ ਪੰਜਾਬ ਵਿਚ ਬਰਤਾਨਵੀ ਸਾਮਰਾਜ ਹੀ ਸੀ ਤੇ ਨਾ ਹੀ ਅਕਾਲੀ ਪਾਰਟੀ। ਉਨ੍ਹਾਂ ਦਾ ਗੁਰੂ ਨਾਨਕ ਪੰਥ


www.AKJ.Org

ਨੂੰ ਨਿਰਾਲਾ ਕਹਿਣਾ, ਉਨ੍ਹਾਂ ਦੇ ਹਿੰਦੂ ਧਾਰਮਿਕ ਗ੍ਰੰਥਾਂ ਦੇ ਡੂੰਘੇ ਅਧਿਐਨ ਤੇ ਸਿੱਖ ਵਿਚਾਰਧਾਰਾ ਦੀ ਪੀਡੀ ਪਕੜ ਉਤੇ ਅਧਾਰਤ ਹੈ। ਜਿਥੇ ਉਹ ਹਿੰਦੂ ਧਾਰਮਿਕ ਪੁਸਤਕਾਂ ਦੇ ਉਚ ਕੋਟੀ ਦੇ ਵਿਦਵਾਨ ਸਨ, ਉਥੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ, ਇਸ ਦ ਲਿਖਣ ਦੀ ਸੇਵਾ ਉਹਨਾਂ ਨੇ ਹੀ ਨਿਭਾਈ ਸੀ।

ਫਿਰ ਇਕ ਮੁਸਲਿਮ ਲਿਖਾਰੀ ਮੁਹਸਿਨ ਫ਼ਾਨੀ (੧੬੧੫-੧੬੭੦), ਜੋ ਗੁਰੂ ਹਰਿਗੋਬਿੰਦ ਜੀ ਦਾ ਸਮਕਾਲੀ ਸੀ ਤੇ ਜਿਸ ਨੇ ਸਿਖ ਰਹੁ-ਰੀਤੀ ਨੂੰ ਬੜਾ ਨੇੜਿਓਂ ਦੇਖਿਆ ਸੀ, ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਚਿ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਦਾ ਹੈ ਕਿ ਸਿੱਖ ਧਰਮ ਇਸਲਾਮ ਤੇ ਹਿੰਦੂ ਧਰਮ ਦੋਹਾਂ ਤੋਂ ਵੱਖਰਾ ਹੈ।

ਭਾਈ ਗੁਰਦਾਸ ਦੂਜੇ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ, ਉਸ ਨੇ ਵਾਰ ਇਕਤਾਲੀ, ਪਉੜੀ ਸੋਲ੍ਹਾਂ ਵਿਚ ਲਿਖਿਆ ਹੈ : ਇਉਂ ਦੋਨੋਂ ਫਿਰਕੇ ਕਪਟ ਮੈ, ਰਚ ਰਹੇ ਨਿਦਾਨਾ ॥
ਇਹ ਤੀਸਰ ਮਜ਼ਹਬ ਖ਼ਾਲਸਾ, ਉਪਜਿਓ ਪਰਧਾਨਾ ॥੧੬॥

ਕਾਜ਼ੀ ਨੂਰ ਮੁਹੰਮਦ, ਜੋ ਅਹਿਮਦ ਸ਼ਾਹ ਅਬਦਾਲੀ ਦੇ ਸਤਵੇਂ ਹਮਲੇ ਵੇਲੇ ਸੰਨ ੧੭੬੪ ਵਿਚ, ਅਬਦਾਲੀ ਦੇ ਫ਼ੌਜੀ ਅਹਿਲਕਾਰ ਵਜੋਂ ਉਸ ਨਾਲ ਆਇਆ ਸੀ, ਉਸ ਨੇ ਆਪਣੀ ਪੁਸਤਕ 'ਜੰਗਨਾਮਾ' ਵਿਚ ਲਿਖਿਆ ਹੈ ਕਿ ਸਿਖ ਹਿੰਦੂਆਂ ਵਿਚੋਂ ਨਹੀਂ ਹਨ, ਇਨ੍ਹਾਂ ਦਾ ਤਾਂ ਵਖਰਾ ਹੀ ਧਰਮ ਹੈ।

ਮੌਜੂਦਾ ਸਮੇਂ ਦੇ ਲਿਖਾਰੀਆਂ, ਇਤਿਹਾਸਕਾਰਾਂ ਤੇ ਵਿਚਾਰਵਾਨਾਂ ਦੇ ਹੇਠ ਲਿਖੇ ਵਿਚਾਰ ਪੇਸ਼ ਕਰਨੇ ਉਚਿਤ ਹੋਣਗੇ :

੧. ਡਾ: ਇੰਦੂ ਭੂਸ਼ਨ ਬੈਨਰਜੀ, ਜੋ ੧੯੪੮ ਤੋਂ ੧੯੫੫ ਤਕ ਕਲਕੱਤਾ ਯੂਨੀਵਰਸਿਟੀ ਵਿਚ ਇਤਿਹਾਸ ਵਿਭਾਗ ਦੇ ਮੁੱਖੀ ਸਨ, ਆਪਣੀ ਪੁਸਤਕ 'ਖ਼ਾਲਸੇ ਦੀ ਉਤਪਤੀ' (ਅਨੁਵਾਦ ਪੰਜਾਬੀ ਯੂਨੀਵਰਸਿਟੀ ਪਟਿਆਲਾ ੧੯੮੯) ਵਿਚ ਲਿਖਦੇ ਹਨ :

'ਨਿਰਸੰਦੇਹ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਨਿਜੀ ਵਿਅਕਤਿਤਵ ਪ੍ਰਦਾਨ ਕਰਨ ਲਈ ਕਾਫ਼ੀ ਕੁਝ ਕੀਤਾ ਸੀ, ਪਰ ਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਹੀ ਹਿੰਦੂ ਤੇ ਸਿਖ ਵਿਚਲਾ ਅੰਤਰ ਵਧੇਰੇ ਉਘੜ ਸਕਿਆ ਸੀ। 'ਸਿਖ' ਹੌਲੇ ਹੌਲੇ ਸਨਾਤਨ ਹਿੰਦੂ ਸਮਾਜ ਤੋਂ ਵਖਰੇ ਹੁੰਦੇ ਗਏ ਅਤੇ ਆਪਣੀ ਇਕ ਨਵੀਂ ਸ਼ਰੇਣੀ, ਇਕ ਨਵੇਂ ਭਾਈਚਾਰੇ ਵਿਚ ਬਝਦੇ ਗਏ।

੨. ਡਾ: ਰਾਜਿੰਦਰ ਪ੍ਰਸਾਦ, ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਨੇ ਕਿਹਾ ਹੈ ਕਿ ਸਾਨੂੰ ਸ਼ਿਵਾ ਜੀ ਮਰਹੱਟਾ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਕਾਬਲਾ ਨਹੀਂ ਕਰਨਾ ਚਾਹੀਦਾ। ਸ਼ਿਵਾ ਜੀ ਤਾਂ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਜਤਨ ਕਰਦੇ ਰਹੇ, ਜਦ ਕਿ ਗੁਰੂ ਗੋਬਿੰਦ ਸਿੰਘ ਜੀ ਜ਼ੁਲਮ ਤੇ ਅਤਿਆਚਾਰ ਨੂੰ ਖ਼ਤਮ ਕਰਨ ਲਈ ਸੰਘਰਸ਼ ਕਰਦੇ ਰਹੇ।

੩. ਸ੍ਰੀ ਅਰਬਿੰਦੋ ਘੋਸ਼ ਨੂੰ ਮੌਜੂਦਾ ਸਮੇਂ ਦੇ ਸਰਵੋਤਮ ਸੰਤੁਲਿਤ ਵਿਚਾਰਵਾਨ ਤੇ ਸਤਿਕਾਰਤ ਸੰਤ ਵਿਅਕਤੀ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਆਪਣੀ ਪੁਸਤਕ "ਦੀ ਫ਼ਾਊਂਡੇਸ਼ਨ ਆਫ਼ ਇੰਡੀਅਨ ਕਲਚਰ" ਵਿਚ ਲਿਖਿਆ ਹੈ :

"ਹਿੰਦੁਸਤਾਨ ਦੇ ਲੰਬੇ ਸਭਿਆਚਾਰਕ ਇਤਿਹਾਸ ਵਿਚ ਸਿਖ ਧਰਮ ਹੀ ਇਕੋ ਇਕ ਐਸਾ ਮੌਲਕ ਤੇ ਉਘੜਵੇਂ ਰੂਪ ਵਿਚ ਨਿਆਰਾ ਕ੍ਰਿਸ਼ਮਾ ਹੈ ਜੋ ਇਸ ਦੇਸ਼ ਦੀਆਂ ਪਿਛਲੇ ਦੋ ਹਜ਼ਾਰ ਸਾਲ ਦੀਆਂ ਧਾਰਮਿਕ ਲਹਿਰਾਂ ਵਾਂਗ ਨਾ ਤਾਂ ਪਿਛਲੇ ਧਰਮਾਂ ਦੀ ਪੁਨਰ-ਵਿਆਖਿਆ ਹੈ, ਨਾ ਉਨ੍ਹਾਂ ਦਾ ਪੁਨਰ-ਵਿਕਾਸ ਤੇ ਨਾ ਹੀ ਉਨ੍ਹਾਂ ਵਾਂਗ ਪਿਛਲ-ਮੁਖੀ ਹੈ। ਸਗੋਂ ਇਹ ਤਾਂ ਐਸਾ ਅਗਰਗਾਮੀ ਤੇ ਅਗਾਂਹ-ਵਧੂ ਹੈ ਕਿ ਕੇਵਲ ਇਸ ਵਿਚ ਹੀ ਭਵਿਖ ਨਾਲ ਮੁਠਭੇੜ ਹੋਣ ਤੇ ਭਵਿਖ ਦੀਆਂ ਸਮੱਸਿਆਵਾਂ ਨਾਲ ਨਜਿਠਣ ਦੀ ਸਮਰੱਥਾ ਹੈ।"

# ਕੇਸਕੀ ਰਹਿਤ ਹੈ

[ਸ: ਰਜਿੰਦਰ ਸਿੰਘ ਜੀ ਐਮ. ਏ., ਪੰਜਾਬੀ ਅਤੇ ਧਾਰਮਿਕ ਅਧਿਐਨ, ਅਮਰੀਕਾ]

'ਕੇਸਕੀ'—ਕੇਸ ਢਕਣ ਵਾਲੀ, ਕੇਸਾਂ ਉਪਰ ਬੰਨ੍ਹਣ ਜਾਂ ਸਜਾਉਣ ਵਾਲੀ 'ਛੋਟੀ-ਦਸਤਾਰ' ਦਾ ਨਾਂ ਹੈ। ਹਰ ਇਕ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀ ਵਾਸਤੇ 'ਕੇਸਕੀ' ਸਜਾਉਣੀ ਲਾਜ਼ਮੀ ਹੈ। ਇਹ ਲਾਜ਼ਮੀ ਹੀ ਨਹੀਂ, ਬਲਕਿ ਇਹ ਸਾਡਾ ਪੰਜਵਾਂ ਕਕਾਰ' ਹੈ।

'ਪੰਜ-ਕਕਾਰ', ਸਾਡੀ ਬਾਹਰਮੁਖੀ ਰਹਿਤ ਹੈ, ਜੋ ਅਸੀਂ ਬਾਹਰੋਂ ਧਾਰਨ ਕਰਨੀ ਹੈ। 'ਕੇਸਕੀ' ਕੇਸਾਂ ਉਪਰ ਸਜਾਉਂਦੇ ਹਾਂ, 'ਕੰਘਾ' ਜੂੜੇ ਵਿਚ ਟੰਗਦੇ ਹਾਂ, 'ਕੜਾ' ਹੱਥ ਵਿਚ ਪਾਉਂਦੇ ਹਾਂ, ਕ੍ਰਿਪਾਨ ਗਾਤਰੇ ਵਿਚ ਅਤੇ 'ਕਛਹਿਰਾ' ਵੀ ਬਾਹਰੋਂ ਹੀ ਪਾਉਂਦੇ ਹਾਂ। ਪਰ 'ਕੇਸ' ਸਾਡੇ ਸਰੀਰ ਦਾ ਅੰਗ ਹਨ। ਹੱਥ, ਪੈਰ, ਅੱਖਾਂ, ਨੱਕ ਆਦਿ ਜਿਵੇਂ ਸਾਡੇ ਸਰੀਰ ਦਾ ਅੰਗ ਹਨ ਉਸੇ ਤਰ੍ਹਾਂ 'ਕੇਸ' ਵੀ ਸਰੀਰ ਦਾ ਇਕ ਅੰਗ ਹਨ। ਕੇਸ ਗੁਰੂ ਦੀ ਮੁਹਰ ਹਨ। 'ਕੇਸਾਂ' ਤੋਂ ਬਗੈਰ ਕੋਈ ਸਿੱਖ ਹੀ ਨਹੀਂ ਅਖਵਾ ਸਕਦਾ। ਕੇਸਾਂ ਜਾਂ ਰੋਮਾਂ ਦੀ ਬੇ-ਅਦਬੀ ਚਾਰ ਵੱਡੀਆਂ ਕੁਰਹਿਤਾਂ ਵਿਚੋਂ ਇਕ ਵੱਡੀ ਕੁਰਹਿਤ ਹੈ। ਕੇਸਾਂ ਦਾ ਬੱਜਰ ਕੁਰਹਿਤ ਹੋਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਪੁਰਾਤਨ ਸਮੇਂ ਵਿਚ ਜੇ ਕਿਸੇ ਨੂੰ ਮੌਤ ਨਾਲੋਂ ਵੱਡੀ ਸਜ਼ਾ ਦੇਣੀ ਹੁੰਦੀ ਸੀ ਤਾਂ ਉਸਦੇ ਕੇਸ ਕੱਟ ਦਿੱਤੇ ਜਾਂਦੇ ਸਨ ਅਤੇ ਸਮਝਿਆ ਜਾਂਦਾ ਸੀ ਕਿ ਇਹ ਹੁਣ ਆਤਮਕ ਮੌਤੇ ਮਰ ਗਿਆ ਹੈ। ਆਤਮਕ ਮੌਤ, ਸਰੀਰਕ ਮੌਤ ਤੋਂ ਵੀ ਵੱਡੀ ਹੈ, ਜਿਸਦਾ ਪ੍ਰਤੱਖ ਸਬੂਤ ਭਾਈ ਤਾਰੂ ਸਿੰਘ ਜੀ ਨੇ ਦਿੱਤਾ, ਜਿਨ੍ਹਾਂ ਨੇ ਆਪਣੇ ਕੇਸ ਨਹੀਂ ਕਟਵਾਏ, ਸਗੋਂ ਆਪਣਾ ਸਿਰ ਕਟਵਾ ਲਿਆ।

ਗੁਰਬਾਣੀ ਵਿਚ ਗੁਰਸਿੱਖ ਦਾ ਸਰੂਪ ਵੇਖੋ :—"ਸਾਬਤ ਸੂਰਤਿ ਦਸਤਾਰ ਸਿਰਾ॥" ਭਾਵ, ਗੁਰਸਿੱਖ, ਸਾਬਤ-ਸੂਰਤ ਹੋਵੇ ਅਤੇ ਸਿਰ ਉਤੇ ਦਸਤਾਰ ਬੰਨ੍ਹੇ। ਸਿੰਘ ਅਤੇ ਸਿੰਘਣੀ ਦੋਵੇਂ ਗੁਰਸਿੱਖ ਹਨ। ਮਰਦ ਵੀ ਗੁਰਸਿੱਖ ਹੈ ਅਤੇ ਬੀਬੀ ਵੀ ਗੁਰਸਿੱਖ ਹੈ। ਸੋ 'ਸਾਬਤ ਸੂਰਤਿ ਦਸਤਾਰ ਸਿਰਾ' ਦਾ ਗੁਰ-ਫੁਰਮਾਨ 'ਗੁਰਸਿੱਖ ਸਿੰਘਣੀਆਂ' ਅਤੇ 'ਗੁਰਸਿਖ ਸਿੰਘਾਂ' ਦੋਹਾਂ ਲਈ ਸਾਂਝਾ ਹੈ।

ਭਗਤ ਨਾਮਦੇਵ ਜੀ ਪਾਤਸ਼ਾਹਾਂ ਦੇ ਪਾਤਸ਼ਾਹ ਆਪਣੇ ਸੁਆਮੀ-ਪ੍ਰਭੂ ਦਾ ਰੂਪ ਇਉਂ ਬਿਆਨ ਕਰਦੇ ਹਨ—

---

ਚਾਹੀਦਾ ਤਾਂ ਇਹ ਸੀ ਕਿ ਉਹ ਅਜਿਹੀ ਸਿਖ ਕੌਮ ਨੂੰ ਭਾਰਤ ਦੀ—ਉਸ ਭਾਰਤ ਦੀ ਜਿਸ ਲਈ ਸਿੱਖਾਂ ਨੇ ਦੇਸ਼ ਦੇ ਸਭ ਧਰਮਾਂ ਤੇ ਸਭ ਲੋਕਾਂ ਤੋਂ ਵਧੀਕ ਕੁਰਬਾਨੀਆਂ ਦਿਤੀਆਂ ਤੇ ਇਸ ਦੀ ਆਜ਼ਾਦੀ ਲਈ ਸਭ ਤੋਂ ਵਧ ਘਾਲਣਾਂ ਘਾਲੀਆਂ—ਉਸ ਭਾਰਤ ਦੀ ਇਕ ਸਨਮਾਨਤ ਰਾਸ਼ਟਰੀ ਘਟ-ਗਿਣਤੀ ਵਜੋਂ ਮਾਨਤਾ ਦਿਤੀ ਜਾਂਦੀ, ਤਾਕਿ ਇਨ੍ਹਾਂ ਨੂੰ ਵੀ ਜਤਨਾਂ ਨਾਲ ਪ੍ਰਾਪਤ ਕੀਤੀ ਆਜ਼ਾਦੀ ਦਾ ਅਨੰਦ ਮਾਨਣ ਦਾ ਅਵਸਰ ਮਿਲਦਾ ਤੇ ਇਹ ਆਪਣੇ ਅਗਾਂਹ-ਵਧੂ ਵਿਰਸੇ ਤੇ ਸ਼ਕਤੀਸ਼ਾਲੀ ਸਭਿਆਚਾਰ ਨੂੰ ਨਾ-ਕੇਵਲ ਸੰਭਾਲ ਹੀ ਸਕਦੇ, ਸਗੋਂ ਹੋਰ ਪ੍ਰਫੁਲਤ ਕਰ,ਕੇ ਰਾਸ਼ਟਰ ਦੀ ਮੁਖ-ਧਾਰਾ ਵਿਚ ਯੋਗਦਾਨ ਪਾਉਂਦੇ ਤੇ ਰਾਸ਼ਟਰੀ ਸਮੱਸਿਆਵਾਂ ਨੂੰ ਆਪਣੀ ਗੁਰੂ ਦਿਤੀ ਸਮਰੱਥਾ ਨਾਲ ਪੂਰੀ ਤਨਦੇਹੀ ਨਾਲ ਹੱਲ ਕਰਦੇ। ਦੇਸ਼ ਦੀ ਅੰਨ-ਸਮੱਸਿਆ ਨੂੰ ਹੱਲ ਕਰਨ, ਦੁੱਧ ਦੀ ਉਪਜ ਤੇ ਦੂਸਰੇ ਪਾਸੇ ਚੀਨ ਤੇ ਪਾਕਿਸਤਾਨ ਨਾਲ ਹੋਈਆਂ ਜੰਗਾਂ ਵਿਚ ਸਿੱਖਾਂ ਦੀ ਸਮਰੱਥਾ ਤੇ ਰਾਸ਼ਟਰੀ ਭਾਵਨਾ ਕਿਸੇ ਕੋਲੋਂ ਗੁਝੀ ਛੁਪੀ ਨਹੀਂ; ਤੇ ਨਾ ਹੀ ਇਹ ਕਿਸੇ ਅਤਿਕਥਨੀ ਦੀ ਮੁਥਾਜ ਹੈ। ਪਰ ਬਦਕਿਸਮਤੀ ਨਾਲ ਇਨ੍ਹਾਂ ਨੂੰ ਆਦਰ ਯੋਗ ਸਥਾਨ ਦੇਣ ਦੀ ਥਾਵੇਂ ਇਨ੍ਹਾਂ ਦੀ ਨਵੇਕਲੀ ਹੋਂਦ ਤੇ ਹਸਤੀ ਨੂੰ ਪਛਾਣਨ ਤੋਂ ਇਨਕਾਰ ਕਰਨ, ਇਨ੍ਹਾਂ ਨੂੰ ਹਰ ਹੀਲੇ-ਵਸੀਲੇ ਭੰਡਣ ਤੇ ਬਦਨਾਮ ਕਰਨ ਅਤੇ ਲਾਮਬੰਦ ਨਸਲ-ਕੁਸ਼ੀ ਦੇ ਤਿੱਖੇ ਤ੍ਰਿਸ਼ੂਲ ਨਾਲ ਪਿਛਲੇ ਦਹਾਕੇ ਤੋਂ ਅਲਹਿਦਗੀ ਵੱਲ ਧਕਿਆ ਜਾ ਰਿਹਾ ਹੈ। ਕੀ ਆਉਣ ਵਾਲੀਆਂ ਪੀੜ੍ਹੀਆਂ ਅਜਿਹਾ ਕਰਨ ਵਾਲਿਆਂ ਨੂੰ ਕਦੀ ਮੁਆਫ਼ ਕਰਨਗੀਆਂ ?

['ਸੀਸਗੰਜ' ਦਿੱਲੀ, ਅਪ੍ਰੈਲ ੯੧



www.AKJ.Org

ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ ॥ (੭੨੭)

ਜੇ ਭਗਤ ਜੀ ਦਾ ਸੁਆਮੀ-ਪ੍ਰਭੂ ਦਸਤਾਰ-ਧਾਰੀ ਹੈ ਤਾਂ ਅਸੀਂ ਸਾਰੇ ਸਿਖ ਸਦਾਉਣ ਵਾਲੇ ਗੁਰਸਿਖ ਕਿਉਂ ਨਾ ਉਸ ਮਾਲਕ-ਪ੍ਰਭੂ ਦੀ ਦਸਤਾਰ ਨੂੰ ਅਪਣਾਅ ਕੇ ਦਸਤਾਰ-ਧਾਰੀ ਬਣੀਏ ? ਅਸੀਂ ਸਭ ਨਰ-ਨਾਰੀਆਂ ਨੇ ਪ੍ਰਮਾਤਮਾ ਵਰਗੇ ਬਣਨਾ ਹੈ; ਸਭ ਨੇ ਦਸਤਾਰ-ਧਾਰੀ ਹੋਣਾ ਹੈ।

ਰਹਿਤਨਾਮਿਆਂ ਵਿਚ 'ਕੇਸਕੀ' ਨੂੰ 'ਪੰਜਵਾਂ ਕਕਾਰ' ਮੰਨਿਆ ਹੈ :–

ਕਛ ਕੜਾ ਕ੍ਰਿਪਾਨ ਕੰਘਾ ਕੇਸ਼ਕੀ ॥ ਪੰਜ ਕਕਾਰੀ ਰਹਿਤ ਧਾਰੇ ਸਿੱਖ ਸੋਈ ॥

'ਸਿੰਘ' ਨੇ ਛੋਟੀ ਦਸਤਾਰ ਅਤੇ ਵੱਡੀ ਦਸਤਾਰ ਦੋਵੇਂ ਸਜਾਉਣੀਆਂ ਹਨ। ਦ੍ਰਿਖਾਵੇ ਵਾਲੀ ਫਿਫਟੀ ਨਹੀਂ ਬੰਨ੍ਹਣੀ, ਜਿਵੇਂ ਅੱਜ-ਕਲ੍ਹ ਦੇ ਪੜ੍ਹੇ-ਲਿਖੇ ਦਿਖਾਵਾ ਕਰਦੇ ਹਨ। ਫਿਫਟੀ ਵੀ ਦਰ-ਅਸਲ 'ਛੋਟੀ ਦਸਤਾਰ' ਦਾ ਛੋਟਾ ਜਾਂ ਵਿਗੜਿਆ ਹੋਇਆ ਰੂਪ ਹੈ।

'ਪੱਗ' ਚੁਣ ਕੇ ਬੰਨ੍ਹਣੀ ਹੈ "ਪਾਗ ਚੁਨਏ ਕਰ ਬਾਂਧਈ", ਸਿਰ ਉਤੇ ਟੋਪੀ ਦੀ ਤਰ੍ਹਾਂ ਨਹੀਂ ਰੱਖਣੀ। 'ਵੱਡੀ-ਦਸਤਾਰ' ਸਿਰ ਤੋਂ ਖੋਲ੍ਹ ਸਕਦੇ ਹਾਂ, ਪਰ 'ਛੋਟੀ-ਦਸਤਾਰ' ਹਰ ਸਮੇਂ ਸਜਾ ਕੇ ਰੱਖਣੀ ਹੈ; ਸੌਣ ਵੇਲੇ ਵੀ ਨਹੀਂ ਉਤਾਰਨੀ। ਕੇਸੀ ਇਸ਼ਨਾਨ ਵੇਲੇ ਕਮਰਕੱਸੇ ਦੀ ਤਰ੍ਹਾਂ ਲੱਕ ਨੂੰ ਬੰਨ੍ਹ ਲੈਣੀ ਹੈ।

ਪੰਥ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਦੇ ਘਰੋਂ ਸਿੰਘਣੀਆਂ 'ਕੇਸਕੀ' ਸਜਾਉਂਦੀਆਂ ਆਈਆਂ ਹਨ। ਦਮਦਮੀ ਟਕਸਾਲ ਜੱਥੇ ਦੇ ਗਿਆਨੀ ਗੁਰਬਚਨ ਸਿੰਘ 'ਖਾਲਸਾ', ਅਤੇ ਗਿਆਨੀ ਕਰਤਾਰ ਸਿੰਘ 'ਖਾਲਸਾ' ਦੀਆਂ ਸਿੰਘਣੀਆਂ ਦਸਤਾਰ ਸਜਾਉਂਦੀਆਂ ਸਨ। ਸ਼੍ਰੋਮਣੀ ਕਮੇਟੀ ਦੇ ਰੀਸਰਚ-ਸਕਾਲਰ ਸ: ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਘਰੋਂ ਸਿੰਘਣੀ ਦਸਤਾਰ ਸਜਾਂਦੀ ਸੀ। ਕਿਸੇ ਵੇਲੇ ਅਕਾਲ-ਤਖ਼ਤ ਤੋਂ ਦਸਤਾਰ-ਸਮੇਤ ਹੀ ਸਿੰਘਣੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਸੀ। ਮਾਲਵਾ ਖਾਲਸਾ ਸਕੂਲ ਲੁਧਿਆਣਾ, ਖਾਲਸਾ ਸਕੂਲ ਜਸਪਾਲੋਂ ਆਦਿ ਦੀਆਂ ਵਿਦਿਆਰਥਣਾਂ ਸਭ ਦਸਤਾਰ ਸਜਾਂਦੀਆਂ ਸਨ। ਭਾਈ ਵੀਰ ਸਿੰਘ ਹੋਰਾਂ ਨੇ ਆਪਣੇ ਮਹਾਂ-ਕਾਵਿ 'ਰਾਣਾ ਸੂਰਤ ਸਿੰਘ' ਦੀ ਮੁੱਖ-ਨਾਇਕਾ ਰਾਣੀ ਰਾਜ ਕੌਰ ਦੇ ਸਿਰ ਉਪਰ ਦਸਤਾਰ ਸਜਾਈ ਹੈ। ਉਨ੍ਹਾਂ ਦੇ ਹੋਰ ਨਾਵਲਾਂ ਬਿਜੈ ਸਿੰਘ, ਸੁੰਦਰੀ, ਸਤਵੰਤ ਕੌਰ ਆਦਿ ਵਿਚ ਵੀ ਸਿੰਘਣੀਆਂ ਦਸਤਾਰ ਸਮੇਤ ਨਜ਼ਰ ਆਉਂਦੀਆਂ ਹਨ। ਅਠਾਰ੍ਹਵੀਂ ਸਦੀ ਵਿਚ ਮੁਗ਼ਲਾਂ ਨੂੰ ਕਈ ਵਾਰ ਪਤਾ ਨਹੀਂ ਸੀ ਲੱਗਦਾ ਕਿ ਸ਼ਹੀਦ ਹੋਇਆ ਸਿੰਘ ਹੈ ਜਾਂ ਸਿੰਘਣੀ; ਕਿਉਂਕਿ ਦੋਹਾਂ ਨੇ ਆਪਣੇ ਸੀਸ ਉਪਰ ਦਸਤਾਰ ਸਜਾਈ ਹੁੰਦੀ ਸੀ।

ਦਾਸ ਨੇ ਪਟਿਆਲੇ ਡੇਰਾ ਬਾਬਾ ਜੱਸਾ ਸਿੰਘ ਵਿਚ ਸਥਾਪਤ 'ਗੁਰਮਤਿ-ਕਾਲਜ' ਤੋਂ ਧਾਰਮਿਕ ਅਧਿਐਨ ਦੀ ਐਮ.ਏ. ਕੀਤੀ ਹੈ। ਬਾਬਾ ਜੱਸਾ ਸਿੰਘ ਬ੍ਰਹਮ-ਗਿਆਨੀ ਮਾਈ ਸੀ, ਜੋ ਸਿੰਘਾਂ ਵਾਂਗ ਸ਼ਸਤਰ-ਬਸਤਰ ਸਜਾ ਕੇ ਰੱਖਦੀ ਸੀ ਅਤੇ ਸਿਰ ਉੱਤੇ ਦਸਤਾਰ ਸਜਾਂਦੀ ਸੀ। ਸੁਣਨ ਵਿਚ ਆਇਆ ਹੈ ਕਿ ਇਸ ਡੇਰੇ ਦੀਆਂ ਮਾਈਆਂ ਬੀਬੀਆਂ ਦੇ ਨਾਂ ਬਿਸ਼ਨ ਸਿੰਘ, ਕਿਸ਼ਨ ਸਿੰਘ ਆਦਿ ਹੁੰਦੇ ਸਨ, ਜੋ ਸਿੰਘਾਂ ਵਾਂਗ ਹੀ ਬਸਤਰ ਸ਼ਸਤਰ ਸਜਾ ਕੇ ਰੱਖਦੀਆਂ ਸਨ। ਇਕ ਦਸਤਾਰ ਵਾਲੀ ਮਾਤਾ ਹਰਦਿਆਲ ਕੌਰ ਦੇ ਦਰਸ਼ਨ ਅਤੇ ਸਤਿਸੰਗ ਤਾਂ ਦਾਸ ਨੇ ਵੀ ਕੀਤਾ ਹੈ।

ਦਸਤਾਰ ਪਹਿਲਾਂ ਤੋਂ ਹੀ ਬੀਬੀਆਂ ਸਜਾਉਂਦੀਆਂ ਸਨ, ਪਰ ਬਾਅਦ ਵਿਚ ਕੰਮ ਢਿੱਲਾ ਪੈ ਗਿਆ। 'ਅਖੰਡ ਕੀਰਤਨੀ ਜੱਥੇ' ਨੇ ਸਿੰਘਾਂ ਸਿੰਘਣੀਆਂ ਵਿਚ ਆਈ ਇਸ ਢਿਲਿਆਈ ਨੂੰ ਦਰੁਸਤ ਕਰਨ ਲਈ ਕਈ ਟ੍ਰੈਕਟ ਛਪਵਾ ਕੇ ਇਸ ਦਾ ਪਰਚਾਰ ਕੀਤਾ ਅਤੇ ਬੀਬੀਆਂ ਦੇ ਸਿਰ ਉਪਰ ਦਸਤਾਰ ਨੂੰ ਮੁੜ ਸੁਰਜੀਤ ਕਰ ਦਿੱਤਾ। ਪੰਥ ਵਿਚ, ਜੋ ਮਹਾਨਤਾ ਜਾਂ ਸਤਿਕਾਰ ਕੇਸਕੀ ਜਾਂ ਛੋਟੀ ਦਸਤਾਰ ਨੂੰ ਹੈ, ਉਸ ਨੂੰ ਸੁਰਜੀਤ ਕਰਨ ਲਈ 'ਅਖੰਡ ਕੀਰਤਨੀ ਜੱਥਾ' ਜੋ ਰੋਲ ਅਦਾ ਕਰ ਰਿਹਾ ਹੈ, ਉਹ ਕਿਸੇ ਹੋਰ ਜੱਥੇਬੰਦੀ ਦੇ ਹਿੱਸੇ ਘਟ ਆਇਆ ਹੈ। ਅੰਤ ਵਿਚ ਇਹ ਸ਼ਬਦ ਫਿਰ ਦੁਹਰਾਂਦਾ ਹਾਂ : 'ਸਾਬਤ ਸੂਰਤਿ ਦਸਤਾਰ ਸਿਰਾ' (ਪੰਨਾ ੧੦੮੪)


www.AKJ.Org

# ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੀ ਮਿਤੀ 8-12-91 ਨੂੰ ਹੋਈ ਮੀਟਿੰਗ ਦੇ ਫ਼ੈਸਲੇ

## ਤਾੜਨਾ

ਪਿਛਲੇ ਦਿਨੀਂ ਭਾਈ ਆਤਮਾ ਸਿੰਘ ਪੰਜੋਖੜਾ ਸਾਹਿਬ (ਜ਼ਿਲਾ ਅੰਬਾਲਾ) ਨੇ ਪਿੰਡ ਸੁਆੜਾ (ਜ਼ਿਲਾ ਰੋਪੜ) ਵਿਖੇ ਇਕ ਕੀਰਤਨ-ਸਮਾਗਮ ਸਮੇਂ, ਪੋਥੀ/ਗੁਟਕੇ ਦੀ ਸਹਾਇਤਾ ਨਾਲ ਕੀਰਤਨ ਕਰਨ ਵਾਲੇ ਗੁਰਸਿਖਾਂ ਲਈ ਅਤਿਅੰਤ ਨਿਰਾਦਰੀ ਵਾਲੇ ਅਤੇ ਕੋੜੇ ਸ਼ਬਦਾਂ ਦੀ ਵਰਤੋਂ ਕੀਤੀ। ਇਹ ਮਸਲਾ ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੀ ਮਿਤੀ 8-12-91 ਦੀ ਮੀਟਿੰਗ ਵਿਚ ਵਿਚਾਰਿਆ ਗਿਆ।

ਅਖੰਡ ਕੀਰਤਨੀ ਜਥੇ ਵਲੋਂ ਭਾਈ ਆਤਮਾ ਸਿੰਘ ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਹਰਕਤਾਂ ਅਗੇ ਤੋਂ ਨ ਕਰਨ।

—ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਅੰਮ੍ਰਿਤਸਰ

## ਰਹਿਤ ਮਰਯਾਦਾ ਇਕਸਾਰ ਹੋਵੇ

ਨੋਟਿਸ ਵਿਚ ਲਿਆਂਦਾ ਗਿਆ ਹੈ ਕਿ ਵਖ ਵਖ ਅੰਮ੍ਰਿਤ-ਸਿੰਚਾਰ-ਸਮਾਗਮਾਂ ਵਿਚ ਪੰਜ ਪਿਆਰੇ ਰਹਿਤ ਮਰਯਾਦਾ ਦ੍ਰਿੜ੍ਹਾਉਣ ਵੇਲੇ ਕਈ ਵਾਰੀ ਪ੍ਰਵਾਣਿਤ ਰਹਿਤ ਮਰਯਾਦਾ ਵਿਚ ਆਪਣੇ ਤੌਰ ਤੇ ਕੁਝ ਵਾਧਾ ਘਾਟਾ ਕਰ ਦਿੰਦੇ ਹਨ। ਵਿਚਾਰ ਉਪ੍ਰੰਤ ਪਾਸ ਹੋਇਆ ਕਿ ਇਕਸਾਰ ਮਰਯਾਦਾ ਹੀ ਅੰਮ੍ਰਿਤ ਅਭਿਲਾਖੀਆਂ ਨੂੰ ਦ੍ਰਿੜ੍ਹ ਕਰਵਾਈ ਜਾਇਆ ਕਰੇ।

## ਪਿੰਡਾਂ ਵਿਚ ਧਰਮ ਪ੍ਰਚਾਰ

ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੀ 8-12-91 ਦੀ ਇਕੱਤਰਤਾ ਵਿਚ ਦੀਰਘ ਵਿਚਾਰ ਉਪ੍ਰੰਤ ਇਹ ਫੈਸਲਾ ਹੋਇਆ ਕਿ ਪਿੰਡਾਂ ਵਿਚ ਧਰਮ ਪ੍ਰਚਾਰ ਪੂਰੀ ਲਗਨ ਤੇ ਉਤਸ਼ਾਹ ਨਾਲ ਕੀਤਾ ਜਾਵੇ। ਹਰ ਜ਼ਿਲੇ ਦੇ ਅਖੰਡ ਕੀਰਤਨੀ ਜਥੇ ਵਲੋਂ ਮਹੀਨੇ ਦੇ ਘਟ ਘਟ ਦੋ ਐਤਵਾਰ ਦੇ ਸਮਾਗਮ ਪਿੰਡਾਂ ਵਿਚ ਰਖੇ ਜਾਣੇ ਚਾਹੀਦੇ ਹਨ। ਇਹਨਾਂ ਸਮਾਗਮਾਂ ਵਿਚ ਅਖੰਡ ਕੀਰਤਨ ਤੋਂ ਇਲਾਵਾ ਗੁਰਬਾਣੀ ਦੇ ਸ਼ੁਧ ਉਚਾਰਣ ਅਤੇ ਅਰਥ-ਬੋਧ ਦੀ ਸਿਖਿਆ ਦੇ ਨਾਲ ਨਾਲ ਪਿੰਡਾਂ ਦੇ ਬੱਚਿਆਂ ਨੂੰ ਕੀਰਤਨ ਸਿਖਾਉਣ ਵਲ ਵਿਸ਼ੇਸ਼ ਧਿਆਨ ਦਿਤਾ ਜਾਵੇ।

## ਅਖੰਡ ਪਾਠ ਅਤੇ ਕੀਰਤਨ ਸਮਾਗਮ ਵਖ ਵਖ ਸਮੇਂ

ਇਹ ਦੇਖਣ ਵਿਚ ਆਇਆ ਹੈ ਕਿ ਅਖੰਡ ਕੀਰਤਨੀ ਜੱਥੇ ਦੇ ਕੇਂਦਰੀ ਸਮਾਗਮਾਂ ਵਿਚ ਸ੍ਰੀ ਅਖੰਡਪਾਠ ਸਾਹਿਬ ਦੇ ਨਾਲ ਕੀਰਤਨ ਸਮਾਗਮ ਭੀ ਓਸੇ ਸਮੇਂ ਰਖੇ ਜਾਂਦੇ ਹਨ, ਜਿਸ ਨਾਲ ਸ੍ਰੀ ਅਖੰਡਪਾਠ ਦੇ ਪ੍ਰਵਾਹ ਸਮੇਂ ਸੰਗਤਾਂ ਵਲੋਂ ਹਾਜ਼ਰੀ ਭਰਨ ਅਤੇ ਪਾਠ ਸ੍ਰਵਣ ਕਰਨ ਦੀ ਪਿਰਤ ਹੀ ਖ਼ਤਮ ਹੁੰਦੀ ਜਾ ਰਹੀ ਹੈ। ਇਸ ਲਈ ਇਹ ਫ਼ੈਸਲਾ ਹੋਇਆ ਕਿ ਅਗੇ ਤੋਂ ਸ੍ਰੀ ਅਖੰਡ ਪਾਠ ਜਾਂ ਅਖੰਡ ਕੀਰਤਨ ਦੋਹਾਂ ਵਿਚੋਂ ਇਕ ਸਮੇਂ ਤੇ ਕੇਵਲ ਇਕ ਸਮਾਗਮ ਹੀ ਹੋਵੇ। ਸ੍ਰੀ ਅਖੰਡ ਪਾਠ ਦੀ ਮਹੱਤਤਾ ਨੂੰ ਬਰਕਰਾਰ ਰਖਣ ਲਈ ਪਾਠ ਦੀ ਸਮਾਪਤੀ ਤੋਂ ਉਪਰੰਤ ਹੀ ਕੀਰਤਨ ਸਮਾਗਮ ਰਖੇ ਜਾਇਆ ਕਰਨ।

## ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ—ਪੁਸਤਕ ਵੰਡ ਲਈ ਅਪੀਲ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਬਾਰੇ ਵਿਚਾਰ ਉਪਰੰਤ ਇਹ ਫੈਸਲਾ ਹੋਇਆ ਕਿ ਇਸ ਟ੍ਰਸਟ ਨੂੰ ਸੁਚਾਰੂ ਢੰਗ ਨਾਲ ਚਲਦਾ ਰਖਣ ਲਈ ਘਟੋ ਘੱਟ ਦਸ ਲੱਖ ਰੁਪਏ ਦਾ ਚਲਦਾ ਫ਼ੰਡ ਕ਼ਾਇਮ ਕੀਤਾ ਜਾਵੇ। ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਫ਼ੰਡ ਲਈ ਵੱਧ ਤੋਂ ਵੱਧ ਆਪਣੀ ਕਮਾਈ ਸਫਲ ਕਰਨ ਅਤੇ ਆਪਣਾ ਇਕ ਇਕ ਮਹੀਨੇ ਦਾ ਦਸਵੰਧ ਇਸ ਕਾਰਜ ਲਈ ਭੇਜਣ ਦੀ ਕ੍ਰਿਪਾਲਤਾ ਕਰਨ। ਦਸਵੰਧ ਦੀ ਰਕਮ ਦਾ "ਬੈਂਕ ਡਰਾਫ਼ਟ "ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ" ਦੇ ਨਾਂ ਬਣਵਾ ਕੇ ਟ੍ਰਸਟ ਦੇ ਸਕਤ੍ਰ ਭਾਈ ਸਾਹਿਬ ਬਲਬੀਰ ਸਿੰਘ, 23-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਭੇਜਿਆ ਜਾਵੇ।

ਰਾਮ ਸਿੰਘ, ਜਥੇਦਾਰ, ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ


www.AKJ.Org

# ਕਲਗੀਆਂ ਵਾਲੇ ਸੋਹਣੇ ਪ੍ਰੀਤਮ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੰਟ, ਸੈਕਟਰ 14, ਰੋਹਣੀ, ਦਿਲੀ-85]

ਕਲਗੀਆਂ ਵਾਲੇ ਸੋਹਣੇ ਪ੍ਰੀਤਮ ! ਸੋਹਣੇ ਤੇ ਮਨ-ਮੋਹਣੇ ਪ੍ਰੀਤਮ !
ਫ਼ੌਜਾਂ ਵਾਲੇ ਬਾਜਾਂ ਵਾਲੇ ! ਤਖ਼ਤਾਂ ਵਾਲੇ ਤਾਜਾਂ ਵਾਲੇ !
ਉਚੀਆਂ ਉਚੀਆਂ ਸ਼ਾਨਾਂ ਵਾਲੇ ! ਸੁੰਦਰ ਤੀਰ ਕਮਾਨਾਂ ਵਾਲੇ !
ਨੀਲੇ ਦੇ ਅਸਵਾਰ ਰੰਗੀਲੇ ! ਮਿਹਰਾਂ ਦੇ ਭੰਡਾਰ ਰੰਗੀਲੇ !
ਅੰਮ੍ਰਿਤ - ਦਾਤਾਂ - ਰੰਗਤਾਂ ਅੰਦਰ ! ਸੋਭ ਰਹੇ ਸਨ ਸੰਗਤਾਂ ਅੰਦਰ !
ਮਾਤਾ ਜੀਤੋ ਨਿਮੋਝਾਣੀ ! ਆ ਗਏ ਲੈ ਕੇ ਅਜਬ ਕਹਾਣੀ !
ਆਖਣ ਸੁਣ ਲਓ ਮੇਰੀ ਦਾਤਾ ! ਵਿਥਿਆ ਹੈ ਔਖੇਰੀ ਦਾਤਾ !
ਸੁਪਨਾ ਡਿਠਾ ਮੈਂ ਨਿਰਾਲਾ ! ਵਜ ਗਿਆ ਬਖ਼ਤਾਂ ਨੂੰ ਤਾਲਾ !
ਘਰ ਅਸਾਂ ਤੋਂ ਛੁਟਿਆ ਡਿਠਾ ! ਰਾਜ ਭਾਗ ਸਭ ਲੁਟਿਆ ਡਿਠਾ ।
ਵਡੇ ਦੋਵੇਂ ਲਾਡਾਂ ਪਾਲੇ ! ਜੰਗ ਚਿ ਹੋਏ ਰੱਬ ਹਵਾਲੇ !
ਫਤਿਹ ਸਿੰਘ ਜ਼ੋਰਾਵਰ ਛੋਟੇ ! ਵਿਚ ਦੀਵਾਰਾਂ ਹਨ ਖਲੋਤੇ !
ਨੀਲਾ ਨਹੀਂ ਏ, ਬਾਜ ਨਹੀਂ ਏ ! ਕਲਗੀ ਜਿਗ੍ਹਾ ਤਾਜ ਨਹੀਂ ਏ !
ਫ਼ੌਜਾਂ ਰੁਲੀਆਂ, ਰੁਲਿਆ ਮਾਹੀ ! ਸਰਸਾ-ਕੰਢੇ ਹੋਈ ਤਬਾਹੀ !
ਅੱਖਾਂ ਸਾਹਵੇਂ ਬੰਸ ਲੁਟੀਵੇ ! ਮੈਥੋਂ ਇਹ ਨ ਵੇਖ ਸਕੀਵੇ !
ਪ੍ਰੀਤਮ ਜੀਉ ਭਰਮ ਮਿਟਾਵੋ ! ਗੁੰਝਲ ਸਾਰੀ ਖੋਲ੍ਹ ਸੁਣਾਵੋ !
ਸੁਣ ਕੇ ਸਤਿਗੁਰ ਕਲਗੀਆਂ ਵਾਲੇ ! ਬੋਲੇ ਏਦਾਂ ਬਚਨ ਸੁਖਾਲੇ :
ਪਿਸ ਘਿਸ ਕੇ ਹੈ ਬਣਦਾ ਪਿਆਰਾ, ਸੁਰਮਾ ਕਈ ਅਖੀਆਂ ਦਾ ਤਾਰਾ !
ਪੱਥਰ ਦਾ ਜਦ ਚੀਰਿਆ ਸੀਨਾ, ਤਾਂ ਉਹ ਬਣਿਆ ਕਿਤੇ ਨਗੀਨਾ !
ਐਵੇਂ ਨਹੀਂ ਅਜ਼ਾਦੀ ਮਿਲਦੀ ! ਕੌਮ ਕਿਸੇ ਦੀ ਕਿਸਮਤ ਖਿਲਦੀ !
ਜਦ ਤਕ ਉਹ ਨਹੀਂ ਵਾਂਗ ਪਤੰਗੇ, ਸ਼ਮ੍ਹਾ-ਪਿਆਰ ਵਿਚ ਜਾਂਦੇ ਰੰਗੇ !
ਕੌਮ ਦੇਸ਼ ਲਈ ਜਿਹੜੇ ਮਰਦੇ, ਉਹ ਕੁਲ ਆਪਣੀ ਰੌਸ਼ਨ ਕਰਦੇ !
ਜਦ ਤਕ ਸੂਰਜ ਚੰਨ ਅਕਾਸ਼ੀ, ਤੱਦ ਤਕ ਰਹਿੰਦੇ ਉਹ ਅਬਨਾਸ਼ੀ !
ਉਨ੍ਹਾਂ ਮਾਵਾਂ ਦੇ ਹੋਵਣ ਸੋਹਲੇ, ਜਿਨ੍ਹਾਂ ਕੌਮ ਤੋਂ ਬਚੜੇ ਘੋਲੇ !
ਜਿਨ੍ਹਾਂ ਭੈਣਾਂ ਨੇ ਵੀਰੇ ਵਾਰੇ, ਜੱਗ ਵਿਚ ਉਨ੍ਹਾਂ ਦੇ ਜੈ ਜੇਕਾਰੇ !
ਜਿਨ੍ਹਾਂ ਨੇ ਤੋਰੇ ਸਿਰ ਦੇ ਸਾਈਂ, ਹਸਦੇ ਹਸਦੇ ਚਾਈਂ ਚਾਈਂ,
ਜਗ ਉਨ੍ਹਾਂ ਦੀਆਂ ਗਾਵੇ ਵਾਰਾਂ, ਧੰਨ ਧੰਨ ਉਹ ਵਡਭਾਗਣ ਨਾਰਾਂ ।
ਘਬਰਾਵਣ ਦੀ ਲੋੜ ਨਹੀਂ ਏ । ਗ਼ਮ ਖਾਵਣ ਦੀ ਲੋੜ ਨਹੀਂ ਏ ।
ਜੱਗ ਦਾ ਭਾਰ ਵੰਡਾਣਾ ਅਸਾਂ । ਨਹੀਂ ਕੋਈ ਰਾਜ ਚਲਾਣਾ ਅਸਾਂ ।
ਤੇਲ ਦੀ ਥਾਂ ਤੇ ਚਰਬੀ ਪਾ ਕੇ, ਕੁਰਬਾਨੀ ਦੀ ਜੋਤ ਜਗਾ ਕੇ,
ਪਿਤਾ ਪਿਆਰੇ ਪਾ ਕੇ ਲੀਹਾਂ, ਕਰ ਗਏ ਨੇ ਪਕੀਆਂ ਨੀਹਾਂ ।
ਹੁਣ ਹੈ ਪੰਥ ਰੁਸ਼ਨਾਣਾ ਅਸਾਂ । ਸਦਾ ਅਮਰ ਬਨਾਣਾ ਅਸਾਂ ।


www.AKJ.Org

ਭੱਖ ਰਹੀ ਜ਼ੁਲਮਾਂ ਦੀ ਭੱਠੀ, ਪਾ ਕੇ ਖ਼ੂਨ ਹੈ ਕਰਨੀ ਮੱਠੀ।
ਨੈਣਾਂ ਤਾਰੇ ਜਿਗਰੀ ਟੋਟੇ, ਅਜੀਤ ਜੁਝਾਰ ਤੇ ਦੋਵੇਂ ਛੋਟੇ,
ਨਚਣਗੇ ਤਲਵਾਰਾਂ ਉਤੇ, ਸਰਹੰਦ ਵਿਚ ਦੀਵਾਰਾਂ ਉਤੇ।
ਪੋਤਰਿਆਂ ਦੇ ਨਾਲ ਹੀ ਦਾਦੀ, ਜਾਨ ਆਪਣੀ ਦੀ ਲਾਊ ਬਾਜ਼ੀ।
ਅਸਾਂ ਵੀ ਉਨ੍ਹੀਂ ਰਾਹੀਂ ਜਾਣਾ। ਇਹੋ ਹੈ ਹੁਕਮ ਰੱਬਾਣਾ।
ਸਾਡੇ ਪਿਛੇ ਸਿੰਘ ਹਜ਼ਾਰਾਂ, ਕਲ-ਮਲੇ ਸਕੱਣ ਪਰਿਵਾਰਾਂ,
ਪਾ ਕੇ ਲਹੂ ਜਿਗਰ ਦਾ ਸੁਚਾ, ਸਿੱਖੀ ਮਹਿਲ ਨੂੰ ਕਰਸਨ ਉਚਾ।
'ਨੀਰ' ਜੀ ਜਿਸ ਤੋਂ ਦੁਨੀਆ ਵਾਲੇ, ਲੈਂਦੇ ਰਹਿਣਗੇ ਸਦਾ ਉਜਾਲੇ।

# ਦਸਮੇਸ਼ ਦੇ ਤੀਰ

[ਪਾਂਧੀ ਨਨਕਾਣਵੀ, ਜੇ-8/122, ਰਾਜੌਰੀ ਗਾਰਡਨ, ਨਵੀਂ ਦਿਲੀ-੭]

ਤੀਰ ਜਦੋਂ ਛੁਟਦੇ ਸੀ ਬੀਰ ਦੀ ਕਮਾਨ ਵਿਚੋਂ, ਪ੍ਰਿਥਵੀ ਸਰਕਦੀ ਤੇ ਕਈ ਵੱਲ ਖਾਂਵਦੀ।
ਸੁਣੀ ਜਾਂ ਗੂੰਜਾਰ ਅੰਬਰ ਆਪਣੇ ਸਿੰਘਾਸਨ ਉਤੇ, ਕਾਲੀ ਨੀਲੀ ਚੁੰਨੀ ਵਿਚੋਂ ਝਾਤੀਆਂ ਸੀ ਪਾਂਵਦੀ।
ਤਿਖੇ ਤੇ ਨੁਕੀਲੇ ਤੀਰਾਂ ਵਿੰਨ੍ਹਿਆ ਆਕਾਸ਼ ਤਾਈਂ, ਗ਼ਮਾਂ ਵਾਲੀ ਬਦਲੀ ਸੀ ਅਥਰੂ ਵਗਾਂਵਦੀ।
ਤੀਰਾਂ ਦੀ ਹਨੇਰੀ ਨੇ ਆਕਾਸ਼ ਏਦਾਂ ਘੇਰਿਆ, ਸੂਰਯ ਦੀ ਕਿਰਨ ਪੀਲੀ ਨਜ਼ਰੀ ਨਾ ਆਂਵਦੀ।
ਇੰਦਰ ਦਾ ਸਿੰਘਾਸਨ ਪਿਆ ਬੇੜੀ ਵਾਂਗੂ ਡੋਲਦਾ ਸੀ, ਪੁਰੀਆਂ ਇਉਂ ਡੋਲਣ, ਕੁੜੀ ਪੀਂਘਾਂ ਜਿਉਂ ਚੜ੍ਹਾਂਵਦੀ।
ਵੱਡੇ ਟਿਲੇ, ਪਰਬਤ ਤੇ ਡੂੰਘਾਣਾਂ ਸਭੇ ਗੂੰਜ ਪਈਆਂ, ਰੂਹ ਜੰਗਲ ਬੇਲੇ ਦੀ ਸੀ ਹਾ-ਹਾ-ਕਾਰ ਪਾਂਵਦੀ।
ਵਹਿਣ ਪਏ ਨਾਲਿਆਂ ਤੇ ਨਦੀਆਂ ਵੀ ਸ਼ੋਰ ਪਾਇਆ, ਬਹਿਰ ਵਿਚ ਲਹਿਰ ਸੀ ਤੂਫ਼ਾਨ-ਰੂਪ ਧਾਂਵਦੀ।
ਜੰਗਲ, ਬੀਆਬਾਨਾਂ ਵਿਚੋਂ ਸ਼ੇਰਾਂ ਦੀ ਚਿੰਘਾੜ ਉਠੀ, ਤੀਰਾਂ ਦੀ ਗੂੰਜਾਰ ਅਗੇ ਮੂੰਹ ਪਈ ਲੁਕਾਂਵੰਦੀ।
ਵੱਲ ਖਾਂਦੀ ਪ੍ਰਿਥਵੀ ਚੋਂ ਜਲ-ਧਾਰਾ ਫੁੱਟ ਪਈਆਂ, ਤੀਰ ਜਿਥੇ ਵੱਜਦਾ, ਉਹ ਨਹਿਰ ਬਣ ਜਾਂਵਦੀ।
ਲੋਕ ਪ੍ਰਲੋਕ ਦੀਆਂ ਮਹਿਲ-ਨੀਹਾਂ ਹਿੱਲ ਗਈਆਂ, ਤੀਰਾਂ ਦੀ ਸਰਾਹਟ ਦੋਵੇਂ ਆਲਮ ਪਈ ਕੰਬਾਂਵਦੀ।
ਚਿੱਲੇ ਤੇ ਜਾਂ ਚਾੜ੍ਹਦਾ ਸੀ ਮਾਰੂ ਤੀਰ ਧਨਖ-ਧਾਰੀ, ਖਿੱਚੀ ਹੋਈ ਤੰਦ ਰੂਹਾਂ ਤਾਈਂ ਖਿੱਚੀ ਜਾਂਵਦੀ।
ਲਿੱਫਦੀ ਕਮਾਨ ਨਾਲ ਸ੍ਰਿਸ਼ਟੀ ਸਾਰੀ ਲਿੱਫਦੀ ਸੀ, ਛੈਲ ਬਾਂਕੇ ਸੋਹਣੇ ਅਗੇ ਸੀਸ ਸੀ ਝੁਕਾਂਵਦੀ।
ਜ਼ਹਿਰ-ਭਿਜੇ ਤੀਰਾਂ ਦੀ ਬੁਛਾੜ ਜਦੋਂ ਆ ਪੈਂਦੀ, ਜੰਗ ਦੇ ਮੈਦਾਨ ਕੁਰਲਾਹਟ ਮੱਚ ਜਾਂਵਦੀ।
ਸੱਪਾਂ ਵਾਂਗੂ ਸੂਕ ਸੂਕ ਚਲਦੇ ਜਾਂ ਮਾਰੂ ਤੀਰ, ਭੰਗੀਆਂ ਦੇ ਵਾਂਗੂ ਫ਼ੌਜ ਵੈਰੀ ਦੀ ਸੌਂ ਜਾਂਵਦੀ।
ਤੀਰਾਂ ਦੀ ਹਨੇਰੀ ਇਦਾਂ ਵੈਰੀਆਂ ਨੂੰ ਘੇਰਿਆਂ, ਸਾਗਰੀਂ ਤੂਫ਼ਾਨ ਬੇੜੀ ਡਕੋ-ਡੋਲੇ ਖਾਂਵਦੀ।
ਵਡੇ ਵਡੇ ਖ਼ਾਨ ਤੇ ਪਠਾਣ ਓਦੋਂ ਪਿੱਠ ਦੇਂਦੇ, ਤੀਰਾਂ ਦੀ ਆਵਾਜ਼ ਜਦੋਂ ਕੰਨਾਂ ਤਾਈਂ ਆਂਵਦੀ।
ਨਾਢੂ ਖ਼ਾਨਾਂ ਜਾਬਰਾਂ ਦੇ ਟਿੱਡੀ ਦੱਲ ਠਹਿਰਦੇ ਨਾ, ਤੀਰ ਇਕ ਛੁੱਟਦਾ, ਹਜ਼ਾਰ ਜਾਨ ਜਾਂਵਦੀ।
ਜ਼ੁਲਮ ਦੀਆਂ ਕੰਧਾਂ ਵਿਚ ਪਈਆਂ ਨੇ ਤ੍ਰੇੜਾਂ, ਉਦੋਂ ਤੀਰਾਂ ਦੀ ਹਨੇਰੀ ਧੌਣ ਵੈਰੀ ਦੀ ਝੁੱਕਾਂਵਦੀ।

ਮੇਰੇ ਦਸਮੇਸ਼, ਤੇਰੇ ਕਿਹੜੇ ਕਿਹੜੇ ਚੋਜਾਂ ਦੀ ਮੈਂ, ਵਿਥਿਆ ਸੁਣਾਵਾਂ ਨਿੱਕੀ ਕਲਮ ਦੀ ਜ਼ਬਾਨ ਤੋਂ।
ਨਿੱਕੀ ਜਿਹੀ ਸੋਚ ਮੇਰੀ, ਵਡੇ ਭਾਰੇ ਕੰਮ ਤੇਰੇ, ਗਿਣਤੀ ਤੋਂ ਬਾਹਰ ;ਮੈਂ ਨਿਮਾਣੇ ਇਨਸਾਨ ਤੋਂ।
ਏਨੀ ਗੱਲ ਆਖਣੋਂ ਮੈਂ ਰੁੱਕ ਕਦੇ ਸਕਦਾ ਨਹੀਂ, ਸਿਰ-ਹਿੰਦ ਦਬਿਆ ਹੈ, ਤੇਰੇ ਹੀ ਅਹਿਸਾਨ ਤੋਂ।
ਯੋਧਾ ਬਲਵਾਨ ਤੇਰੇ ਨਾਲ ਦਾ ਨਾਂ ਦਿਸੇ ਕੋਈ, ਤੀਰ ਜਿਦ੍ਹੇ ਵੇਖ ਵੈਰੀ ਨਸਦੇ ਮੈਦਾਨ ਚੋਂ।
ਚੀਰ ਚੀਰ ਸੀਨਿਆਂ ਨੂੰ, ਖ਼ੂੰਨੀ ਧਾਰਾਂ ਕੱਢੀ ਜਾਣ, ਗੜਾ ਜਿਵੇਂ ਕਹਿਰ ਦਾ ਸੀ ਪੈਂਦਾ ਅਸਮਾਨ ਚੋਂ।
ਲੋਕ ਪ੍ਰਲੋਕ 'ਪਾਂਧੀ' ਡਕੋ ਡੋਲੇ ਖਾਂਵਦੇ ਸੀ, ਤੀਰ ਜਦੋਂ ਛੁੱਟਦੇ ਦਸਮੇਸ਼ ਦੀ ਕਮਾਨ ਚੋਂ।


www.AKJ.Org

# ਪੁਰਖ ਤੂੰ ਮਹਾਨ, ਤੇਰੀ ਆਸਾ ਬਲਵਾਨ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ੫੬-ਬਸੱਈ ਰੋਡ, ਗੁੜਗਾਉਂ]

ਸੋਹਣੇ ਦਸਮੇਸ਼ ਪੜ੍ਹ ਪੜ੍ਹ ਇਤਿਹਾਸ ਤੇਰਾ, ਉਮਡਦੇ ਦਿਲੀ ਜਜ਼ਬਾਤ ਕਲਮ ਪਈ ਨੱਚਦੀ।
ਲੱਖਾਂ ਵਲੀ ਪੀਰ ਆਏ ਜੱਗ ਤੇ ਜੁਝਾਰ ਜੋਧੇ, ਕੋਈ ਵੀ ਮਿਸਾਲ ਨ ਦਲੀਲ ਨੂੰ ਹੈ ਜੱਚਦੀ।
ਪੁਰਖ ਤੂੰ ਮਹਾਨ, ਤੇਰੀ ਆਸਾ ਬਲਵਾਨ, ਤੇਰੇ ਹੱਥ ਕਿਰਪਾਨ ਸੀ, ਨਹੀਂ ਸੀ ਵੰਗ ਕੱਚ ਦੀ।
ਮੁਗ਼ਲ ਸਮਰਾਟ ਬਾਈਧਾਰ ਦੇ ਮੁਕਾਬਲੇ ਤੇ, ਜਿਵੇਂ ਖੜਾ ਹੋ ਗਇਓਂ ਤੂੰ ਲੈ ਕੇ ਓਟ ਸੱਚ ਦੀ।੧।

ਮੁਗਲਾਂ ਪਠਾਣਾਂ ਦੀਆਂ ਬੈਠਕਾਂ 'ਚ ਚਲਦੀਆਂ ਸੀ, ਦਿਨੇ ਰਾਤ ਤੇਰੇ ਬਾਹੂ-ਬਲ ਦੀਆਂ ਕਹਾਣੀਆਂ।
ਜੰਮੇ ਹੋਏ ਖ਼ੂਨ ਬੋਲਾਂ ਤੇਰਿਆਂ ਨੇ ਗਰਮ ਕੀਤੇ, ਤੇਗ਼ਾਂ ਸੀ ਫੜਾਈਆਂ ਹਥੀਂ ਬਾਵਿਆਂ ਤੇ ਬਾਣੀਆਂ।
ਭਰ ਰਿਹਾ ਹੈ ਸਾਖ ਤੇਰੇ ਦਲ ਦੀਆਂ ਦਲੇਰੀਆਂ ਦੀ,ਚੜ੍ਹਤਲਾਂ ਜੋ ਵੇਖੀਆਂ ਸੀ ਸਤਲੁਜ ਦਿਆਂ ਪਾਣੀਆਂ।
ਰੂਪ ਤੇਰਾ ਵੇਖ ਵੇਖ ਚਕ੍ਰਿਤ ਹੋ ਜਾਂਦੀਆਂ ਸੀ, ਮਾਨ ਦੀਆਂ ਮਤੀਆਂ ਤੇ ਰੂਪ ਦੀਆਂ ਰਾਣੀਆਂ।੨।

ਦੇਸ਼ ਦੇਸ਼ਾਂਤਰਾਂ ਦੇ ਪੈਂਡਿਆਂ ਨੂੰ ਝਾਗ ਕੇ, ਜੋ ਆਏ ਦਰਬਾਰ ਤੇਰੇ ਤਾਲਬ ਦੀਦਾਰ ਦੇ।
ਵੇਖ ਕੇ ਜਮਾਲ ਤੇ ਜਲਾਲ ਕੁਰਬਾਨ ਹੋਏ, ਚੁੱਕ ਚੁੱਕ ਅੱਖੀਆਂ ਉਤਾਂਹ ਸੀਨੇ ਠਾਰਦੇ।
ਬਾਣੀ ਦੇ ਅਮੋਘ ਬਾਣ ਲੱਗੇ ਜਿਨ੍ਹਾਂ ਸੀਨਿਆਂ ਚਿ, ਬਣ ਗਏ ਸਦਾ ਲਈ ਸੇਵਕ ਦਰਬਾਰ ਦੇ।
'ਨੰਦ ਲਾਲ' ਵਰਗਿਆਂ ਨੂੰ ਜਿਹਾ ਸਰਸ਼ਾਰ ਕੀਤਾ, ਬਣ ਗਏ ਸਦਾ ਲਈ ਸੇਵਕ ਦਰਬਾਰ ਦੇ।੩।

ਦਿਲਾਂ ਦੀਆਂ ਜਾਣਦਾ ਸੈਂ, ਪੀੜਾਂ ਪਹਿਚਾਣਦਾ ਸੈਂ, ਨਾਮ ਦਾਰੂ ਦੇਣ ਵਾਲਾ ਵੱਡਾ ਸੈਂ ਤਬੀਬ ਤੂੰ।
ਪਾੜ ਕੇ ਬੇਦਾਵਿਆਂ ਨੂੰ, ਕੰਠ ਲਾਏਂ ਵਿਛੜਿਆਂ ਨੂੰ, ਪੰਥ ਦਾ ਹਿਤੈਸ਼ੀ ਅਤੇ ਵਡਾ ਸੈਂ ਹਬੀਬ ਤੂੰ।
ਕੀਤਾ ਸੁਰਜੀਤ ਸੁਰਤਾਂ ਸੁੱਤੀਆਂ ਨੂੰ ਛੱਟੇ ਮਾਰ, ਸੁੱਤੇ ਸੀ ਜਗਾਏ ਜਨਮ ਜਨਮ ਦੇ ਨਸੀਬ ਤੂੰ।
ਤੇਰੇ ਦਰ ਹੋਏ ਪਰਵਾਨ ਪਰਧਾਨ ਬਣੇ, 'ਮਿੱਤਰ' ਜੋ ਉਠਾ ਕੇ ਅੰਗ ਲਾਏ ਸੀ ਗ਼ਰੀਬ ਤੂੰ।੪।

# ਮੇਰੇ ਸਤਿਗੁਰੂ ! ਬਹੁੜੀ ਕਰੋ !

[ਸ: ਸੁਰਜੀਤ ਸਿੰਘ "ਸਾਜਨ", ਲੁਧਿਆਣਾ]

ਮੇਰੇ ਸਤਿਗੁਰੂ, ਬਹੁੜੀ ਕਰੋ, ਹੁਣ ਬਖਸ਼ ਲਓ, ਗੁਨਾਹਗਾਰਾਂ ਨੂੰ।
ਹੁਣ ਸਿੱਧੇ ਰਸਤੇ ਪਾਉਣਾ ਹੈ, ਤੁਸਾਂ ਹੀ ਖ਼ਤਾਕਾਰਾਂ ਨੂੰ।
ਤੇਰੀ ਦੀਦ ਦੀ ਤਾਂਘ ਲਈ, ਤੇਰੇ ਦਰ ਆਏ ਹਾਂ,
ਸਾਨੂੰ ਵੀ ਬਖ਼ਸ਼ ਲਓ ਦਾਤਾ, ਬਖਸ਼ਿਆ ਹੈ, ਬੇ-ਸ਼ੁਮਾਰਾਂ ਨੂੰ।
ਜਦੋਂ ਦੇ ਜੰਮੇ ਹਾਂ, ਇਕ ਪੱਤਝੜ ਹੀ ਵੇਖੀ ਹੈ।
ਸਾਡੇ ਵੀ ਕਰਮੀਂ ਲਿਖ ਦਿਓ, ਹੁਣ ਤਾਂ ਬਹਾਰਾਂ ਨੂੰ।
ਇੰਨੇ ਗੁਨਾਹ ਕੀਤੇ ਨੇ, ਕਿ ਨਹੀਂ ਬਖ਼ਸ਼ੇ ਜਾਣਾ ਅਸੀਂ।
ਤੁੱਠ ਪਵੋ ਤੇ ਮੇਟ ਦੇਵੋ ਮੇਰੇ, ਗੁਨਾਹਾਂ ਹਜ਼ਾਰਾਂ ਨੂੰ।
ਇਹ ਕਿੱਧਰ ਨੂੰ ਤੁਰੇ ਜਾ ਰਹੇ ਨ, ਰਸਾਤਲ ਵੱਲ,
ਕੁਝ ਬਖ਼ਸ਼ੋ ਸੁਮੱਤ ਮੇਰ ਪ੍ਰੀਤਮ, ਮੇਰੇ ਇਹਨਾਂ ਵੀਚਾਰਾਂ ਨੂੰ।
ਪੰਜ ਚੋਰ, ਰਲ ਕੇ ਮੇਰੇ ਤਨ ਨੂੰ ਲੁੱਟ ਰਹੇ ਨੇ।
ਆਪਣੀ ਗ੍ਰਿਫ਼ਤ ਵਿਚ ਲੈ ਲਓ ਦਾਤਾ, ਇਹਨਾਂ ਵਿਕਾਰਾਂ ਨੂੰ।



www.AKJ.Org

ਝੂਠ ਦੇ ਘੋੜੇ ਤੇ, ਚੜ੍ਹਿਆ ਫਿਰਦਾ ਹਾਂ ਸਦਾ ਹੀ,
ਆਪਣੇ ਸੰਗ ਲੈ ਕੇ, ਕਈ ਕੁਫ਼ਰ ਭਰੇ ਸਵਾਰਾਂ ਨੂੰ।
ਵਦਾਣ ਤੇ ਰੱਖ ਕੇ ਕਈ, ਔਹਰ ਪੌਹਰ ਕੀਤੇ ਨੇ,
ਲੱਭਣਾ ਨਹੀਂ, ਚੜ੍ਹਿਆ ਹੈ, ਜੰਗ ਸੱਚ ਦੀਆਂ ਤਲਵਾਰਾਂ ਨੂੰ।
ਐਸੀ ਕੋਈ ਬਿਧ ਕਰੋ, "ਸਾਜਨ", ਇਹ ਜਿਊੜਾ ਸੰਭਲ ਜਾਏ।
ਤਜ ਦਏ, ਹਿੰਮਤ ਕਰਕੇ ਇਹ, ਝੂਠੇ ਦੁਨੀਆ-ਦਾਰਾਂ ਨੂੰ।

# ਸੀਸ ਦੀਆ, ਪਰ ਸਿਰਰ ਨ ਦੀਆ

[ਡਾ: ਹਰਦਿਆਲ ਸਿੰਘ ਜੀ, ਖਾਲਸਾ ਸਕੂਲ, ਵੈਨਕੂਵਰ]

ਦੇਣ ਨਹੀਂ, ਇਹ ਬਖਸ਼ਿਸ਼ ਸੀ, ਇਹ ਦਾਤਿ ਪੁਰਖ ਅਕਾਲ ਦੀ।
ਨਾਨਕ ਪਾਈ ਬਖਸ਼ ਦਰੋਂ, ਜਾਂ ਤੁਠੇ ਪੁਰਖ ਅਕਾਲ ਜੀ।
'ਨਉ ਨਿਧਿ ਨਾਮੁ' ਗਰੀਬੀ ਪਾਈ, ਇਹ ਬਖਸ਼ਿਸ਼ ਪੁਰਖ ਅਕਾਲ ਦੀ।
ਭਲਾ ਸਰਬੱਤ ਕੁਦਰਤ ਦੀ ਸੇਵਾ, ਇਹ ਬਖਸ਼ੀ ਪੁਰਖ ਅਕਾਲ ਜੀ।
ਇਹ ਪ੍ਰੀਤ ਪਿਆਰੀ, ਨਾਮ ਖੁਮਾਰੀ, ਅੰਮ੍ਰਿਤ-ਧਾਰੀ ਬਚਨਾਰੀ।
ਮੈਲ ਉਤਾਰ ਕਰੇ ਮਨ ਨਿਰਮਲ, ਰਸਨ ਸੁਚਾਰੀ ਸਹਜਾਰੀ।
ਧੁਰ ਕੀ ਬਾਣੀ ਬਦਲ ਨ ਸਕਦੀ, ਐਸੀ ਰੱਖੀ ਦ੍ਰਿੜ੍ਹਤਾਰੀ।
ਸਿਰਰ ਨ ਦੀਆ ਪੰਜਵੇਂ ਨਾਨਕ. ਖੇਡੇ ਸ਼ਬਦ ਸੁਰਤਾਰੀ।
ਉਚੀ ਸੁਚੀ ਦਾਤਿ ਇਲਾਹੀ, ਸੇਵਾ ਤੋੜ ਨਿਭਾਉਣ ਖ਼ਾਤਰ।
ਪਕੜੀ ਤੇਗ ਸਤਿਗੁਰ ਛੇਵੇਂ, ਜ਼ੁਲਮੀ ਸਿਰ ਦਬਾਉਣ ਖ਼ਾਤਰ।
ਨਉ ਨਿਧ ਨਾਮ ਦਾ ਘੋਰ ਤਪ ਕੀਤਾ, ਭੋਰੇ ਅੰਦਰ ਤੇਗ ਬਹਾਦਰ।
ਸੀਸ ਦੀਆ ਪਰ ਸਿਰਰ ਨ ਦੀਆ, ਤੇਗ ਬਹਾਦਰ ਹਿੰਦ ਦੀ ਚਾਦਰ।
ਸਿੱਖੀ ਜੀਵਨ ਜਾਚ ਨਿਰਾਲੀ, ਸ਼ਬਦ ਸੁਰਤ ਇਸ ਦੇਹ ਤੋਂ ਉਪਰ।
ਜੋਤ ਸੱਚੀ ਜੋਤੀ ਵਿਚ ਮਿਲਣਾ, ਝੂਠ ਗੁਮਾਨ ਇਸ ਦੇਹ ਉਪਰ।
ਪਰਵਾਨ ਸੂਰਿ ਜਿਸ ਹਰਿ ਚਿਤ ਲਾਇਆ, ਖੇਡੇ ਖੇਡ ਇਸ ਦੇਹ ਦੇ ਉਪਰ।
ਗੁਰੂ ਕੀਆਂ ਖੁਸ਼ੀਆਂ,ਹਰਿ ਕੀਆਂ ਖੁਸ਼ੀਆਂ, ਜੋ ਖੇਲ ਗਏ ਇਸ ਦੇਹ ਦੇ ਉਪਰ।
ਵਡਿਆਈ ਦੁਨੀਆ ਰਖਣ ਪਾਸੇ, ਜਿਨ੍ਹਾਂ ਕੀਤਾ ਸਿਰਰ ਪਿਆਰਾ।
ਇਕ ਮੰਨਦੇ ਇਕ ਜਾਪ ਜਪੋਂਦੇ, ਰਹਿਣ ਖੀਵੇ ਸੰਭ ਦਿਨ ਰੈਣਾਰਾ।
ਨਾਮ ਆਧਾਰਾ, ਧਰਮ ਪਿਆਰਾ, ਉਪਕਾਰਾ ਜਿਨਿ ਸਿਰਰ ਪਿਆਰਾ।
ਹੁਕਮ ਰਜ਼ਾਈ, ਸ਼ੁਕਰ ਮਨਾਈ, ਪ੍ਰਭੂ ਮਿਲਾਵੇ ਸਿਰਰ ਪਿਆਰਾ।
ਤਾਹੀਓਂ ਵਾਲਹੁ ਨਿੱਕੀ, ਤਿਖੀ, ਗੁਰਸਿਖੀ ਬਾਰੀਕ ਕਹਾਵੇ।
ਬੰਦੀ ਅੰਦਰਿ ਸਿਫਤ ਹੈ ਮੰਗਦੀ, ਸੰਗਤਿ ਰੰਗਤ ਠੀਕ ਚੜ੍ਹਾਵੇ।
ਘਰਿ ਸੁਖ ਵਸਾਉਂਦੀ ਬਾਹਰ ਗਾਉਂਦੀ, ਗੁਰਮੰਤ੍ਰ ਦ੍ਰਿੜ੍ਹਾਉਂਦੀ ਗੁਰ ਭਾਵੇ।
ਤਨ ਮਨ ਧਨ ਸਭ ਸਉਪ ਗੁਰੂ ਨੂੰ, ਤਲੀ ਹੱਥ ਸੀਸ ਟਿਕਾਵੇ।
ਕਾਣ ਨ ਕਰਦੀ, ਮਾਣ ਨ ਕਰਦੀ, ਬਾਂਹ ਫੜੇ ਤਾਂ ਤੋੜ ਨਿਭਾਉਂਦੀ ਹੈ।
ਸੀਸ ਦਿੰਦੀ ਪਰ ਸਿਰਰ ਨ ਦਿੰਦੀ, ਸਿਖੀ ਤਾਂ ਅਖਵਾਉਂਦੀ ਹੈ।


www.AKJ.Org

# ਕੁੱਠਾ ਜਾਂ ਝਟਕਾ

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਪੰਥ-ਪ੍ਰਵਾਨਤ 'ਸਿਖ ਰਹਿਤ ਮਰਯਾਦਾ' ਜੋ ਛਪੀ ਹੋਈ ਹੈ, ਉਸ ਵਿਚ 'ਅੰਮ੍ਰਿਤ ਸੰਸਕਾਰ' ਸਿਰਲੇਖ ਹੇਠ ਜਿਹੜੀਆਂ ਚਾਰ ਕੁਰਹਿਤਾਂ ਕਰਨ ਤੋਂ ਗੁਰਸਿਖਾਂ ਨੂੰ ਮਨਾਹੀ ਹੈ, ਉਨ੍ਹਾਂ ਵਿਚ ਦੂਜਾ ਨੰਬਰ ਹੈ "ਕੁੱਠਾ ਖਾਣਾ"। ਭਾਵ ਹੈ ਕੁੱਠਾ ਨਹੀਂ ਖਾਣਾ। ਕੁੱਠਾ ਖਾਣ ਤੋਂ ਰੋਕਿਆ ਗਿਆ ਹੈ। ਕੁੱਠਾ ਖਾਣ ਵਾਲਾ ਸਿਖ ਪਤਿਤ ਹੈ, ਉਹ ਗੁਰਸਿੱਖੀ ਤੋਂ ਖ਼ਾਰਜ ਹੈ।

'ਸੂਰਾ' ਮਾਸਕ ਪੱਤਰ ਵਲੋਂ ਛਪੇ ਟ੍ਰੈਕਟ "ਖਾਲਸਾ ਰਹਿਤ ਮਰਯਾਦਾ" ਵਿਚ 'ਕੁੱਠਾ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੋਈ ਹੈ–

**ਕੁੱਠਾ–**

ਖ਼ਾਲਸਾ ਰਹਿਤ ਅਨੁਸਾਰ 'ਕੁੱਠਾ' ਕੁਰਹਿਤ ਹੈ।

'ਕੁੱਠਾ' ਸ਼ਬਦ 'ਕੁਹਣਾ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ ਮਾਰਨਾ। ਪੰਜਾਬੀ ਵਿਆਕਰਣ ਅਨੁਸਾਰ 'ਕੁੱਠਾ' ਸ਼ਬਦ ਕਿਰਿਆ-ਫਲ-ਕਾਰਦੰਤਕ ਹੈ ਅਤੇ ਇਸ ਦਾ ਅਰਥ ਹੈ "ਕੁਹਿਆ ਹੋਇਆ"। ਪੰਜਾਬੀ ਦੇ ਅਜਿਹੇ ਸ਼ਬਦ ਹੋਰ ਵੀ ਹਨ :–

| | |
|---|---|
| ਕੁਹਿਆ ਹੋਇਆ—ਕੁੱਠਾ | ਢਹਿਆ ਹੋਇਆ—ਢੱਠਾ |
| ਰੁਸਿਆ ਹੋਇਆ—ਰੁੱਠਾ | ਦੇਖਿਆ ਹੋਇਆ—ਡਿੱਠਾ |
| ਮੁਹਿਆ ਹੋਇਆ—ਮੁੱਠਾ | ਘੁਥਾ ਹੋਇਆ—ਘੁੱਠਾ |

'ਕੁੱਠਾ' ਖਾਣਾ ਸਿੱਖੀ ਦੇ ਅਰੰਭ ਕਾਲ ਤੋਂ ਹੀ ਵਿਵਰਜਿਤ ਹੈ, ਕਿਉਂਕਿ 'ਕੁੱਠੇ' ਦੇ ਸੇਵਨ ਵਿਚ ਜੀਵ-ਹਤਿਆ ਆਉਂਦੀ ਹੈ। ਕੋਈ ਮੁਕਰ ਨਹੀਂ ਸਕਦਾ, ਜਾਨਵਰ ਨੂੰ ਮਾਰਨ ਵਿਚ ਬੇ-ਰਹਿਮੀ ਤੇ ਜ਼ੋਰ-ਜ਼ੁਲਮ ਦੀ ਉਪਾਧੀ ਅਵੱਸ਼ ਹੁੰਦੀ ਹੈ, ਭਾਵੇਂ ਉਸ ਨੂੰ ਛੁਰੀ ਨਾਲ ਮਾਰਿਆ ਜਾਵੇ ਜਾਂ ਕਿਰਪਾਨ ਨਾਲ; ਭਾਵੇਂ ਉਸ ਨੂੰ ਮਾਰਦਿਆਂ ਕਲਮਾ ਜਾਂ ਤਕਬੀਰ (ਅੱਲਾ ਹੂ ਅਕਬਰ) ਪੜ੍ਹਿਆ ਜਾਵੇ ਜਾਂ ਸਤਿ ਸ੍ਰੀ ਅਕਾਲ ਉਚਾਰਿਆ ਜਾਏ। ਜ਼ੋਰ-ਜ਼ੁਲਮ ਕਰਕੇ ਮਾਰਿਆ ਹੋਇਆ ਜਾਨਵਰ ਹਰ ਹਾਲਤ ਵਿਚ 'ਕੁੱਠਾ' ਹੀ ਕਿਹਾ ਜਾਵੇਗਾ।

ਕਿਸੇ ਧਰਮ ਦੇ ਦੋਖੀ ਨੇ ਖ਼ਾਲਸੇ ਦਾ ਅਹਾਰ ਵਿਹਾਰ ਅਤੇ ਅਚਾਰ ਭ੍ਰਿਸ਼ਟ ਕਰਨ ਲਈ ਅਤੇ ਖ਼ਾਲਸੇ ਦਾ ਖ਼ਾਲਸਤੱਵ ਨਸ਼ਟ ਕਰਨ ਲਈ 'ਕੁੱਠੇ' ਦੀ ਮਨ-ਘੜਤ ਇਖਤਰਾਹ (ਨਵੀਂ ਕਾਢ) ਕਢ ਕੇ ਲਿਖ ਮਾਰੀ ਕਿ 'ਕੁੱਠਾ' ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਅਨੁਸਾਰ ਛੁਰੀ ਨਾਲ ਕਲਮਾ ਜਾਂ ਤਕਬੀਰ ਪੜ੍ਹਦਿਆਂ ਬਣਾਇਆ ਜਾਏ। ਕੈਸੀ ਹਾਸੋ-ਹੀਣੀ, ਬੋਦੀ ਤੇ ਮਨ-ਘੜਤ ਪ੍ਰੀਭਾਸ਼ਾ ਹੈ?

"ਅਭਾਖਿਆ ਕਾ ਕੁਠਾ ਬਕਰਾ" ਦਾ ਭਾਵ "ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹ ਕੇ ਵਢਿਆ ਗਿਆ ਬਕਰਾ" ਨਹੀਂ, ਜਿਹਾ ਕਿ ਮਾਸ-ਅਹਾਰੀ ਵੀਰ ਕਰਦੇ ਹਨ। 'ਭਖਣਾ' ਸ਼ਬਦ ਦੇ ਅਰਥ ਹਨ 'ਖਾਣਾ'। ਇਸ ਤੋਂ 'ਭਖ' (ਖਾਣ-ਜੋਗ) ਅਤੇ ਅਭਖ (ਨਾ ਖਾਣ ਜੋਗ) ਸ਼ਬਦ ਬਣੇ ਹਨ, ਜੋ ਗੁਰਬਾਣੀ ਵਿਚ ਵੀ ਆਉਂਦੇ ਹਨ :–

'ਅਭਖੁ' ਭਖਹਿ 'ਭਖੁ' ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ ॥
[ਵਾਰ ਮਲਾਰ ਮ: ੧, ਪੰਨਾ ੧੨੯੦

ਜਿਉ ਕੂਕਰੁ ਹਰਕਾਇਆ ਧਾਵੈ ਦହਦਿਸ ਜਾਇ ॥
ਲੋਭੀ ਜੰਤੁ ਨ ਜਾਣਈ 'ਭਖੁ' 'ਅਭਖੁ' ਸਭ ਖਾਇ ॥ [ਸਿਰੀਰਾਗੁ ਮ: ੫, ਪੰਨਾ ੫੦

'ਭਖ' ਸ਼ਬਦ ਕਾਵਿ ਵਿਚ ਪਿੰਗਲ ਦੇ ਅਧੀਨ 'ਭਾਖ' ਕਰਕੇ ਵੀ ਵਰਤਿਆ ਮਿਲਦਾ ਹੈ :–

ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹਦਿਸ ਬਹੁ ਲਾਖੁ ॥ ....

ਓਇ ਆਵਹਿ ਜਾਹਿ ਭਵਾਈਅਹਿ, ਬਹੁ ਜੋਨੀ ਦੁਰਗੰਧੁ ਭਾਖੁ ॥੩॥ (੪॥੪॥੬)
[ਮਾਰੂ ਮ: ੪, ਪੰਨਾ ੯੯੭

"ਅਭਾਖਿਆ ਕਾ" ਦਾ ਭਾਵ ਹੈ "ਨਾ ਖਾਧੇ ਜਾਣ ਵਾਲਾ"। ਸਾਰੀ ਤੁਕ ਦੇ ਅਰਥ ਇਸ ਪ੍ਰਕਾਰ ਹਨ :—

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥੨॥ (੧੬)
[ਆਸਾ ਦੀ ਵਾਰ, ਪੰਨਾ ੪੭੨

ਇਕ ਪਾਸੇ ਤਾਂ ਨ ਖਾਧੇ ਜਾਣ ਜੋਗ (ਅਖਾਧ) ਪਦਾਰਥ, ਭਾਵ ਮਾਰਿਆ ਹੋਇਆ ਬਕਰਾ ਖਾਣਾ ਕਰਦੇ ਹਨ (ਜੋ ਮਲੇਛਾਂ ਦਾ ਖਾਣਾ ਹੈ), ਤੇ ਦੂਜੇ ਪਾਸੇ ਆਖਦੇ ਹਨ ਕਿ ਸਾਡੇ (ਪਵਿੱਤਰ) ਚੌਕੇ ਤੇ ਕੋਈ ਨਾ ਚੜ੍ਹੇ।

ਕੁਠਾ ਸ਼ਬਦ ਗੁਰਬਾਣੀ ਵਿਚ ਹੋਰ ਵੀ ਕਈ ਥਾਵੇਂ ਆਉਂਦਾ ਹੈ :—

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲ ਫੜੇ ਫੜਿ ਕੁਠੇ ॥ [ਮਾਰੂ ਮ: ੫, ਪੰਨਾ ੧੦੧੯-੨੦

ਕੀ ਅਜਰਾਈਲ ਪਾਪੀ ਜੀਵਾਂ ਨੂੰ ਮੁਸਲਮਾਨੀ ਤਰੀਕੇ ਨਾਲ ਜ਼ਿਬ੍ਹਾ ਕਰਦਾ ਹੈ ?

ਬੇਦ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪ੍ਰਾਣੀ ॥ [ਗਉੜੀ ਮ: ੫, ਪੰਨਾ ੨੦੧

ਕੀ ਇਸ ਪੰਗਤੀ ਵਿਚ ਵੇਦ-ਪਾਠੀ ਵਲੋਂ ਜੀਵਾਂ ਨੂੰ ਮੁਸਲਮਾਨੀ ਤਰੀਕੇ ਨਾਲ ਜ਼ਿਬ੍ਹਾ ਕਰਨ ਦਾ ਵਰਨਣ ਹੈ ?

ਕੁੱਠੇ ਦਾ ਅਰਥ ਬਿਲਕੁਲ ਸਪੱਸ਼ਟ ਹੈ, ਪਰ ਮਾਸ ਦੇ ਚਸਕੋਰੇ ਸਜਣਾਂ ਨੇ ਤਾਂ ਉਹੋ ਅਰਥ ਮੰਨਣਾ ਹੈ ਜੋ ਉਹਨਾਂ ਨੂੰ ਮਾਸ ਖਾਣ ਦੀ ਖੁਲ੍ਹ ਦੇਵੇ।

ਧਰਮ ਦੇ ਦੋਖੀਆਂ ਨੇ ਕੇਵਲ ਮਾਸ ਸੰਬੰਧੀ ਹੀ ਰਲਾ ਨਹੀਂ ਪਾਇਆ, ਹੋਰ ਵੀ ਰਲੇ ਪਾਏ ਹੋਏ ਹਨ। ਇਕ ਰਲਾ ਉਹਨਾਂ ਨੇ ਇਹ ਪਾਇਆ ਹੋਇਆ ਹੈ ਕਿ—ਕੁਰਹਿਤ ਮੁਸਲੀ-ਗਮਨ ਹੈ (ਨਾ ਕਿ ਪਰ-ਇਸਤ੍ਰੀ-ਗਮਨ), ਹਾਲਾਂ ਕਿ ਦੋਹਾਂ ਹਾਲਤਾਂ ਵਿਚ ਕਾਮ-ਗ੍ਰਸਤ ਹੋਣ ਦਾ ਦੋਸ਼ ਇਕਸਾਰ ਹੈ ਅਤੇ ਇਸ ਸੰਬੰਧੀ ਗੁਰਬਾਣੀ ਦਾ ਫ਼ਤਵਾ "ਹੇ ਕਾਮੰ ਨਰਕ ਬਿਸ੍ਰਾਮੰ"† ਹੈ।

ਕਿਡੇ ਅਚੰਭੇ ਦੀ ਗੱਲ ਹੈ ਕਿ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਖ ਮੰਨਣ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੋਂ ਸੇਧ ਲੈਣ ਦੀ ਬਜਾਏ, ਧਰਮ ਦੇ ਦੋਖੀਆਂ ਦੀ ਲਿਖਤ ਤੋਂ ਅਗਵਾਈ ਲੈ ਕੇ, ਆਪਣਾ ਅਹਾਰ, ਆਚਾਰ ਤੇ ਵਿਚਾਰ ਵੀ ਭ੍ਰਿਸ਼ਟ ਕਰ ਰਹੇ ਹਨ ਅਤੇ ਖ਼ਾਲਸਾ-ਰਹਿਤ ਦਾ ਮੂੰਹ-ਮੁਹਾਂਦਰਾ ਵੀ ਵਿਗਾੜ ਰਹੇ ਹਨ। ਕੀ ਇਹ "ਹਾਥਿ ਦੀਪ ਕੂਏ ਪਰੈ"* ਵਾਲੀ ਗੱਲ ਨਹੀਂ ?

**ਜੀਅ-ਦਇਆ—**

ਸਾਰੇ ਧਰਮਾਂ ਵਲੋਂ "ਦਇਆ" ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਇਆ ਗਿਆ ਜੀਅ-ਦਇਆ ਦਾ ਉਪਦੇਸ਼, ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਗੁਰਸਿਖਾਂ ਵਾਸਤੇ ਜੀਵਨ ਵਿਚ ਅਮਲੀ ਤੌਰ ਤੇ ਧਾਰਨ ਕੀਤੇ ਜਾਣ ਲਈ ਹੈ :—

(ੳ) ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ ॥੧॥੧੫॥ (ਮ: ੧, ਪੰਨਾ ੪੭੧)

(ਅ) ਧੌਲੁ ਧਰਮੁ ਦਇਆ ਕਾ ਪੂਤੁ ॥੧੬॥ (ਜਪੁਜੀ ਸਾਹਿਬ)

(ੲ) ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥੧੨॥ (ਪੰਨਾ ੧੩੬)

(ਸ) ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨਿ ਬਿਧਿ ਬਰਤੁ ਸੰਪੂਰਨ ਭਇਆ ॥੧੧॥ (ਪੰ: ੨੯੯)

(ਹ) ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥੪੦॥ (ਪੰਨਾ ੧੩੫੭)

---

† ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮ * ਸਲੋਕ ਕਬੀਰ ਜੀ, ਪੰਨਾ ੧੩੭੬



www.AKJ.Org

(ਕ) ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ॥ (ਰਾਮਕਲੀ ਪਾ: ੧੦)

(ਖ) ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ । (ਸਿਰੀਰਾਗੁ ਮ: ੫, ਪੰਨਾ ੫੧)

(ਗ) ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥੨੯॥ (ਜਪੁਜੀ)

(ਘ) ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥੨॥੪॥੯੦॥ (ਪੰਨਾ ੮੨੨)

(ਙ) ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥੪॥੧੫॥ (ਪੰਨਾ ੮੧੨)

(ਚ) ਜੀਵਤੁ ਮਰੈ ਤਾ ਸਭੁ ਕਿਛੁ ਸੂਝੈ, ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਿਆਈ, ਆਪੁ ਪਛਾਣੈ ਸਰਬ ਜੀਆ ॥੨੪॥ (ਪੰਨਾ ੯੪੦)

"ਜੀਅ-ਦਇਆ" ਸਿਖ ਲਈ ਰਹਿਤ ਹੈ ਅਤੇ "ਜੀਵ-ਹਤਿਆ" ਪਾਪ ਅਥਵਾ ਕੁਰਹਿਤ। ਇਸ ਪਾਪ (ਕੁਰਹਿਤ) ਤੋਂ ਬਚਣ ਲਈ ਗੁਰਬਾਣੀ ਬਾਰ ਬਾਰ ਉਪਦੇਸ਼ ਕਰਦੀ ਹੈ :-

(ੳ) ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ (ਜਪੁ ਜੀ)

(ਅ) ਖਸਮੁ ਪਛਾਨਿ ਤਰਸ ਕਰਿ ਜੀਅ ਮਹਿ, ਮਾਰਿ ਮਣੀ ਕਰਿ ਫੀਕੀ ॥੪॥ (੪।੧੭) (ਪੰ: ੪੮੦)

(ੲ) ਹਿੰਸਾ ਤਉ ਮਨ ਤੇ ਨਹੀ ਛੂਟੀ, ਜੀਅ ਦਇਆ ਨਹੀ ਪਾਲੀ ॥੧॥੬॥ (ਪੰਨਾ ੧੨੫੩)

(ਸ) ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ ॥੧॥ (ਪੰਨਾ ੧੩੫੦)

(ਹ) ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥੧੧॥ (ਵਾਰ ਗਉੜੀ ਮ: ੫, ਪੰਨਾ ੩੨੨)

(ਕ) ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥ (ਪੰਨਾ ੧੧੦੩)

ਗੁਰਬਾਣੀ ਵਿਚ ਨਿਰੂਪਨ ਕੀਤੇ ਉਪ੍ਰੋਕਤ ਗੁਰ-ਹੁਕਮਾਂ ਨੂੰ ਪਿਠ ਦੇ ਕੇ ਧਰਮ ਦੇ ਦੋਖੀਆਂ ਦੀ ਲਿਖਤ ਨੂੰ ਜ਼ਿਆਦਾ ਪ੍ਰਮਾਣੀਕ ਮੰਨਦੇ ਹੋਇ ਡਾਕਟਰ ਜੀਤ ਸਿੰਘ "ਸਿੰਘ ਸਭਾ ਪਤ੍ਰਿਕਾ" ਵਿਚ ਲਿਖਦੇ ਹਨ :

"ਕੁੱਠਾ ਖਾਣਾ ਕੁਰਹਿਤ ਹੈ, (ਮਾਸ ਨਹੀਂ)।" (ਪੰਨਾ ੪੪)

ਕਹਾਵਤ ਹੈ—"ਮਨ ਹਰਾਮੀ ਹੁਜਤਾਂ ਢੇਰ"। ਕੁੱਠੇ ਦੀ "ਮੁਸਲਮਾਨੀ ਤਰੀਕੇ ਅਨੁਸਾਰ ਬਣਾਇਆ ਮਾਸ" ਪ੍ਰੀਭਾਸ਼ਾ *(definition)* ਧਰਮ ਦੇ ਦੋਖੀਆਂ ਨੇ ਤਾਂ ਸਿਰਫ ਪਾਈ ਸੀ ਖਾਲਸਾ ਸਪਿਰਟ ਨੂੰ ਨਸ਼ਟ ਭ੍ਰਸ਼ਟ ਕਰਨ ਲਈ; ਮਾਸ ਦੇ ਚਸਕੋਰੇ ਸਜਣਾਂ ਨੂੰ ਆਪਣਾ ਚਸਕਾ ਪੂਰਾ ਕਰਨ ਲਈ ਇਕ ਦਸਤਾਵੇਜ਼ ਮਿਲ ਗਿਆ। ਉਹਨਾਂ ਨੇ ਨਿਜੀ ਤੇ ਪੰਥਕ ਹਾਨੀ ਦੀ ਪ੍ਰਵਾਹ ਨਾ ਕਰਦਿਆਂ, ਗੁਰਬਾਣੀ ਦੇ ਹੁਕਮਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਮਾਸ-ਭੋਜਨ ਨੂੰ ਅਪਣਾਅ ਲਿਆ ਤੇ ਜਾਨਵਰ ਨੂੰ ਮਾਰਨ ਲਈ ਇਕ ਨਵਾਂ ਢੰਗ ਘੜ ਲਿਆ—"ਸਤਿ ਸ੍ਰੀ ਅਕਾਲ ਬੋਲਦਿਆਂ ਕਿਰਪਾਨ ਨਾਲ ਮਾਰਨ ਦਾ"। ਕੋਈ ਪੁਛੇ :-

(ੳ) ਕੀ ਕਿਰਪਾਨ ਨਾਲ ਮਾਰਨ ਵਿਚ ਜਾਨਵਰ ਪ੍ਰਤੀ ਜ਼ੋਰ-ਜ਼ੁਲਮ ਦੀ ਵਰਤੋਂ ਨਹੀਂ ਹੁੰਦੀ ?

(ਅ) ਕੀ ਇਸ ਤਰ੍ਹਾਂ ਜੀਵ-ਹਤਿਆ ਨਹੀਂ ਹੁੰਦੀ ?

(ੲ) ਕੀ 'ਸਤਿ ਸ੍ਰੀ ਅਕਾਲ' ਆਖਣ ਨਾਲ ਕੋਈ ਮੰਦਾ ਕਰਮ ਸ਼ੁਭ ਕਰਮ ਵਿਚ ਬਦਲ ਜਾਂਦਾ ਹੈ ?

ਮਾਸ-ਭੋਜਨ ਲਈ ਜੀਵਾਂ ਨੂੰ ਮਾਰਨ ਵਿਚ ਕੋਈ ਤਰੀਕਾ ਇਖ਼ਤਿਆਰ ਕੀਤਾ ਜਾਏ, ਜ਼ੋਰ-ਜ਼ੁਲਮ ਹੈ। ਤੇ ਜ਼ੋਰ-ਜ਼ੁਲਮ ਨਿਰਸੰਦੇਹ ਪਾਪ ਕਰਮ ਹੈ :-

ਕਬੀਰ ਜੀਅ ਜੋ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥
ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥ (ਪੰਨਾ ੧੩੭੫)



www.AKJ.Org

ਗੁਰਬਾਣੀ ਦਾ ਫ਼ਤਵਾ ਹੈ ਕਿ ਜੀਵਾਂ ਦਾ ਗਲ ਵਢਣਾ ਜੀਵ-ਹਤਿਆ ਹੈ ਅਤੇ ਇਹ ਜੀਵ-ਹਤਿਆ ਘੋਰ ਪਾਪ ਹੈ :—

(ੳ) ਕੀ ਕਿਰਪਾਨ ਨਾਲ ਜੀਵ ਦਾ ਗਲਾ ਨਹੀਂ ਵਢਿਆ ਜਾਂਦਾ ?

(ਅ) ਕੀ ਕਿਰਪਾਨ ਨਾਲ ਕੀਤੀ ਹੋਈ ਜੀਵ-ਹਤਿਆ ਜਾਇਜ਼ ਹੈ ?

ਸਦ ਅਫ਼ਸੋਸ ਕਿ ਢੁੱਚਰਬਾਜ਼ ਲੋਕ 'ਨਾਲੇ ਚੋਰੀ ਨਾਲੇ ਸੀਨਾ-ਜ਼ੋਰੀ' ਕਰਦੇ ਹਨ। ਪਾਪ ਕਰਦੇ ਹੋਏ ਪਾਪ-ਕਰਮ ਤੋਂ ਸਰਾਸਰ ਮੁਕਰੀ ਹੀ ਜਾਂਦੇ ਹਨ। ਨਹੀਂ, ਸਗੋਂ ਪਾਪ ਕਰਮ ਨੂੰ ਪੁੰਨ ਕਰਕੇ ਪੇਸ਼ ਕਰਨ ਦੀ ਹਮਾਕਤ ਕਰਦੇ ਹਨ। ਆਖਦੇ ਹਨ ਕਿ 'ਸਤਿ ਸ੍ਰੀ ਅਕਾਲ' ਉਚਾਰਦਿਆਂ ਕਿਰਪਾਨ ਨਾਲ ਵਢਿਆ ਜਾਨਵਰ ਮਹਾਂ-ਪਰਸ਼ਾਦ ਬਣ ਜਾਂਦਾ ਹੈ। ਨਿੰਦਤ ਪਦਾਰਥਾਂ ਦੇ ਸੇਵਨ ਨੂੰ ਅਤੇ ਵਿਸ਼ੇ-ਭੋਗਣ ਨੂੰ ਧਰਮ ਦਾ ਅੰਗ ਬਣਾਉਣ ਦੀ ਵਾਹਯਾਤੀ ਵਾਮ-ਮਾਰਗੀਆਂ ਦੇ ਕੁਚੀਲ ਫ਼ਿਰਕੇ ਨੇ ਤਾਂ ਵਰਤੀ ਸੀ, ਪਰ ਮਾਸ ਨੂੰ ਮਹਾਂ-ਪਰਸ਼ਾਦ ਤੇ ਭੰਗ ਨੂੰ ਸੁਖ-ਨਿਧਾਨ ਦੀ ਸੰਗਿਆ ਦੇ ਕੇ ਇਹਨਾਂ ਘਿਰਣਤ ਪਦਾਰਥਾਂ ਦੇ ਸੇਵਨ ਨੂੰ ਧਾਰਮਕ ਰਹੁ-ਰੀਤ ਵਿਚ ਘੁਸੇੜ ਕੇ ਸਾਡੇ ਮਾਸ-ਖੋਰੇ ਭਰਾਵਾਂ ਨੇ ਵੀ ਕੋਈ ਘਟ ਨਹੀਂ ਗੁਜ਼ਾਰੀ। ਭਲਾ ਮਹਾਂ-ਪਰਸ਼ਾਦ ਆਖਣ ਨਾਲ ਮਾਸ ਉਤਮ ਪਦਾਰਥ ਬਣ ਜਾਵੇਗਾ ? ਕਦਾਚਿਤ ਨਹੀਂ ! ਗੁਰਬਾਣੀ ਦਾ ਫ਼ੁਰਮਾਨ ਹੈ :–

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥੨॥ (ਮ: ੧, ਪੰਨਾ ੧੪੧)

ਮਾਸ ਨੂੰ ਮਹਾਂ-ਪਰਸ਼ਾਦ ਆਖਣਾ ਸਿਖ ਰਵਾਇਤ ਦੀ ਮਿਟੀ ਪਲੀਤ ਕਰਨ ਵਾਲੀ ਗੱਲ ਹੈ। ਮਹਾਂ-ਪਰਸ਼ਾਦ ਸਿਖੀ ਰਵਾਇਤ ਅਨੁਸਾਰ ਪੰਚਾਮ੍ਰਿਤ ਕੜਾਹ ਪਰਸ਼ਾਦ ਲਈ ਹੀ ਵਰਤਿਆ ਜਾਣਾ ਨਿਸਚਿਤ ਹੈ :—

ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦ ਏਕ ਗੁਰਪੁਰਬ ਕੈ ਸਿਖਨ ਬੁਲਾਵਹੀ ॥

(ਭਾ: ਗੁਰਦਾਸ ਜੀ, ਕਬਿਤ ੩੦੯)

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥

(ਭਾ: ਗੁਰਦਾਸ ਜੀ, ਕਬਿਤ ੧੨੪)

ਕੋਰੇ ਮਟ ਅਣਾਇ ਨੀਰੁ ਭਰਾਇਆ ॥ ਆਣਿ ਮਹਾ ਪਰਸਾਦੁ ਵੰਡਿ ਖੁਆਇਆ ॥

(ਭਾ: ਗੁਰਦਾਸ ਜੀ, ਵਾਰ ੨੦/੧੦)

ਕਈ ਸਿਰ-ਫਿਰੇ ਮਾਸ ਅਤੇ ਭੰਗ ਵਰਗੇ ਨਿੰਦਤ ਪਦਾਰਥਾਂ ਦਾ ਭੋਗ ਗੁਰੂ ਮਹਾਰਾਜ ਨੂੰ ਲਵਾਉਣ ਲਈ ਅਰਦਾਸ ਕਰਨ ਦੀ ਹਮਾਕਤ ਵੀ ਕਰਦੇ ਹਨ। ਵਾਮ-ਮਾਰਗੀਆਂ ਅਤੇ ਅਜਿਹੇ ਅਖੌਤੀ ਸਿਖਾਂ ਵਿਚ ਕੀ ਫ਼ਰਕ ਰਹਿ ਗਿਆ ?

ਪਹਿਲੇ ਪਹਿਲ ਨਰਕਧਾਰੀਆਂ ਦੇ ਵਿਕਾਰੀ ਮੱਤ ਨੇ ਮਾਸ ਸ਼ਰਾਬ ਦੀ ਅੰਨ੍ਹੇ-ਵਾਹ ਖੁਲ੍ਹ ਆਪਣੇ ਅਨੁਆਈਆਂ ਨੂੰ ਦੇ ਰਖੀ ਸੀ। ਇਹਨਾਂ ਐਬਾਂ ਦੁਆਰਾ ਉਹਨਾਂ ਦੇ ਮੱਤ ਦੀ ਹੋਈ ਹਾਨੀ ਨੂੰ ਮੁਖ ਰਖ ਕੇ ਉਹਨਾਂ ਨੇ ਵੀ ਹੁਣ ਆਪਣਾ ਸਟੈਂਡ ਬਦਲ ਲਿਆ ਹੈ ਤੇ ਹੁਣ ਖੁਲ੍ਹ ਕੇ ਇਹਨਾਂ ਦਾ ਪ੍ਰਚਾਰ ਨਹੀਂ ਕਰਦੇ। ਅਫ਼ਸੋਸ ਕਿ ਨਿਰਮਲ ਖ਼ਾਲਸਾ ਧਰਮ ਦੇ ਵਿਦਵਾਨ ਮਾਸ ਸ਼ਰਾਬ ਦੀ ਖੁਲ੍ਹ ਦੇ ਕੇ ਕੌਮ ਨੂੰ ਬਰਬਾਦੀ ਦੇ ਰਾਹ ਪਾ ਰਹੇ ਹਨ।

ਮੁਸਲਮਾਨਾਂ ਲਈ 'ਕਲਮਾ' ਅਥਵਾ 'ਤਕਬੀਰ' ਅਤੇ ਸਿਖ ਲਈ 'ਸਤਿ ਸ੍ਰੀ ਅਕਾਲ' ਵਾਹਿਗੁਰੂ ਦੀ ਸਦੀਵੀ ਹੋਂਦ ਅਤੇ ਸਰਬਗਤਾ ਦ੍ਰਿੜ੍ਹ ਕਰਾਉਣ ਦੇ ਮੰਤਰ ਹਨ। ਇਹਨਾਂ ਮੰਤਰਾਂ ਨੂੰ ਹਿਰਦੇ ਵਿਚ ਵਸਾ ਕੇ, ਜੀਅ-ਦਾਨ ਦੇਣ ਦੀ ਬਜਾਏ, ਕੁਰਾਹੇ ਪਏ ਕੁਝ ਖ਼ੁਦ-ਗਰਜ਼ ਬੰਦਿਆਂ ਵਲੋਂ ਆਪਣਾ ਉੱਲੂ ਸਿੱਧਾ ਕਰਨ ਲਈ ਇਹਨਾਂ ਦੀ ਨਜਾਇਜ਼ ਵਰਤੋਂ ਕੀਤੀ ਜਾਣੀ ਇਹਨਾਂ ਮੰਤਰਾਂ ਦੀ ਨਿਰਾਦਰੀ ਹੈ।

'ਕਲਮਾ' ਅਥਵਾ 'ਤਕਬੀਰ' ਪੜ੍ਹ ਕੇ ਬਣਾਇਆ ਮਾਸ ਮੁਸਲਮਾਨ ਲਈ ਖਾਜ (ਹਲਾਲ) ਹੈ, ਸਿਖ ਲਈ ਅਖਾਜ। ਤੇ ਦੂਜੇ ਪਾਸੇ 'ਸਤਿ ਸ੍ਰੀ ਅਕਾਲ' ਬੋਲ ਕੇ ਬਣਾਇਆ ਮਾਸ ਸਿਖ ਲਈ ਖਾਜ (ਮਹਾਂ ਪਰਸ਼ਾਦ) ਹੈ ਅਤੇ ਮੁਸਲਮਾਨ ਲਈ ਅਖਾਜ (ਹਰਾਮ)।


www.AKJ.Org

ਇਸ ਦਾ ਮਤਲਬ ਇਹ ਹੋਇਆ ਕਿ ਨਿੰਦਤ ਵਸਤੂ ਮਾਸ ਨਹੀਂ, ਸਗੋਂ ਸਿਖ ਲਈ 'ਕਲਮਾ' ਅਥਵਾ 'ਤਕਬੀਰ', ਅਤੇ ਮੁਸਲਮਾਨ ਲਈ 'ਸਤਿ ਸ੍ਰੀ ਕਾਲ' ਨਿੰਦਤ ਹੈ। ਪਰ ਜੇ ਇਹ ਦੋਵੇਂ ਮੰਤਰ ਵਖਰੀ ਵਖਰੀ ਬੋਲੀ ਵਿਚ ਵਾਹਿਗੁਰੂ ਦੀ ਹੋਂਦ ਦ੍ਰਿੜ੍ਹ ਕਰਾਉਣ ਵਾਲੀ ਕਲਾਮ ਹਨ ਤਾਂ ਇਕ ਧਿਰ ਦੀ ਕਲਮਾ ਅਥਵਾ ਤਕਬੀਰ ਤੋਂ ਅਤੇ ਦੂਜੀ ਦੀ ਸਤਿ ਸ੍ਰੀ ਅਕਾਲ ਤੋਂ ਨਫ਼ਰਤ ਕਿਉਂ ?

ਅਸਲ ਗੱਲ ਜੋ ਘਿਰਣਤ ਹੈ, ਉਹ ਹੈ ਜੀਭ ਦੇ ਸੁਆਦ ਲਈ ਜੀਵਾਂ ਦੀ ਜਾਨ ਤੇ ਖੇਡਣ ਦੀ ਦੋਹਾਂ ਧਿਰਾਂ ਦੀ ਮੰਦੀ ਤੇ ਸੁਆਰਥੀ ਭਾਵਨਾ। ਮੰਦੀ ਭਾਵਨਾ ਅਧੀਨ ਕੀਤੇ ਮੰਦੇ ਕੰਮ ਬਾਹਰੋਂ ਮੂੰਹ ਨਾਲ 'ਕਲਮਾ' ਅਥਵਾ 'ਤਕਬੀਰ' ਪੜ੍ਹਨ ਜਾਂ 'ਸਤਿ ਸ੍ਰੀ ਅਕਾਲ' ਉਚਾਰਨ ਨਾਲ ਕਿਵੇਂ ਸ਼ੁੱਧ ਹੋ ਗਏ ਮੰਨੇ ਜਾ ਸਕਦੇ ਹਨ ? ਗੁਰਬਾਣੀ ਦਾ ਨਿਰਣਾ ਹੈ :—

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ (ਪੰਨਾ ੭੩੨)

ਗੁਰਬਾਣੀ ਮਨੁਖ ਮਾਤਰ ਨੂੰ ਇਹ ਪ੍ਰੇਰਨਾ ਬਖ਼ਸ਼ਦੀ ਹੈ ਕਿ ਪ੍ਰਮਾਤਮਾ ਦਾ ਨਾਮ ਸ਼ੁਧ ਹਿਰਦੇ ਨਾਲ ਜਪਿਆ ਜਾਵੇ :—

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥ (ਸਲੋਕੁ ਮ: ੧, ਪੰਨਾ ੧੪੦)

ਕਪਟੀ ਮਨੁਖ ਦੇ ਬਾਹਰਲੇ ਦਿਖਾਵੇ ਦੇ ਧਾਰਮਕ ਕੰਮ ਕਿਸ ਲੇਖੇ ?

ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ, ਕਿਆ ਹਜ ਕਾਬੈ ਜਾਇਆ ॥੩॥ (ਪੰਨਾ ੧੩੫੦)

ਗੁਰੂ ਕੇ ਸਿੱਖਾਂ ਨੂੰ ਨਿਸ਼ਕਪਟ ਹੋ ਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਹੈ :—

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ,
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥ (੯੭੮)

ਜੀਵਾਂ ਦੀ ਹਤਿਆ ਨੂੰ ਝਟਕੇ ਦਾ ਨਾਮ ਦੇ ਕੇ ਰਹਿਤ ਦਾ ਅੰਗ ਮੰਨਣਾ ਖਾਲਸਾ ਰਹਿਤ ਨੂੰ ਹਾਸੋ-ਹੀਣੀ ਬਣਾਉਣਾ ਹੈ। ਅਜਿਹੀ ਕਲਪਨਾ ਕਰਨ ਵਾਲਿਆਂ ਲਈ ਹੀ ਗੁਰਬਾਣੀ ਦਾ ਕਟਾਖ ਹੈ :—

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥ (ਪੰਨਾ ੧੧੦੩)

ਭਾਵ, ਜੀਵਾਂ ਨੂੰ ਵਢਦੇ ਟੁਕਦੇ ਹੋ ਅਤੇ ਇਸ (ਕੁਕਰਮ) ਨੂੰ ਧਰਮ (ਰਹਿਤ) ਕਰ ਕੇ ਮੰਨਦੇ ਤੇ ਪ੍ਰਚਾਰਦੇ ਹੋ, ਤਾਂ ਅਧਰਮ (ਕੁਰਹਿਤ) ਕਿਹੜੀ ਬਲਾ ਦਾ ਨਾਮ ਹੈ ?

ਜੇ ਜੀਵਾਂ ਤੇ ਜ਼ੋਰ ਜ਼ੁਲਮ ਕਰ ਕੇ (ਪ੍ਰਾਪਤ ਕੀਤਾ ਮਾਸ ਵਰਗਾ ਨਿੰਦਤ ਭੋਜਨ ਖਾ ਕੇ ਵੀ) ਆਪਣੇ ਆਪ ਨੂੰ ਸ੍ਰੇਸ਼ਟ (ਸੰਤ ਖਾਲਸਾ) ਸਮਝਦੇ ਹੋ ਤਾਂ ਫਿਰ ਕਸਾਈ ਕੌਣ ਹੋਇਆ ?

"ਖ਼ਾਲਸਾ ਅਕਾਲ ਪੁਰਖ ਕੀ ਫੌਜ" ਦੀਨ ਦੁਖੀਆਂ ਦੀ ਰਖਵਾਲੀ ਲਈ ਸੀ। ਕਿੰਨੇ ਅੰਨ੍ਹੇਰ ਦੀ ਗੱਲ ਹੈ ਕਿ ਖ਼ਾਲਸਾ ਹੋਣ ਦਾ ਦਾਅਵਾ ਬੰਨ੍ਹਣ ਵਾਲੇ ਆਪ ਬੇਜ਼ਬਾਨ ਜੀਵਾਂ ਉੱਤੇ ਜ਼ੋਰ ਜ਼ੁਲਮ ਢਾਹੁਣ ਲਗ ਪਏ ਹਨ।

ਆਪਣੇ ਕੁਚਸਕੇ ਦੇ ਅਧੀਨ ਖ਼ਾਲਸਾ ਰਹਿਤ ਵਿਚ ਰਲਾ ਪਾਉਣ ਵਾਲਿਆਂ ਦੇ ਮੁਰੀਦ ਮਾਸ-ਖ਼ੋਰੇ ਭਰਾਵਾਂ ਨੂੰ ਕੋਈ ਪੁਛੇ ਕਿ ਅੱਜ ਕਲ੍ਹ ਬੁਚੜ-ਖ਼ਾਨਿਆਂ ਵਿਚ ਕਿਹੜੇ ਅੰਮ੍ਰਿਤ-ਧਾਰੀ ਬੁਚੜਾਂ ਦੀ ਭਰਤੀ ਕੀਤੀ ਹੋਈ ਹੈ, ਜਿਹੜੇ 'ਅਕਾਲ' 'ਅਕਾਲ' ਆਖ ਕੇ ਜਾਨਵਰਾਂ ਨੂੰ ਸ਼ਹੀਦ (?) ਕਰਦੇ ਹਨ। ਬੁੱਚੜ ਲੋਕ ਗੰਦੇ ਗੀਤ ਗਾਉਂਦੇ ਜਾਨਵਰਾਂ ਨੂੰ ਵਢੀ ਟੁਕੀ ਜਾਂਦੇ ਹਨ। ਸਾਡੇ ਮਾਸਾਹਾਰੀ ਸਿਖ ਭਰਾ, ਸਣੇ ਸਰਵ-ਉਚ ਧਾਰਮਕ ਆਗੂਆਂ ਦੇ, ਸਭ ਕੁਝ "ਤਵ-ਪ੍ਰਸਾਦ ਭਰਮ ਕਾ ਨਾਸ" ਬੋਲ ਕੇ ਹੜੱਪ ਕਰੀ ਜਾਂਦੇ ਹਨ। ਇਸ ਤਰ੍ਹਾਂ ਬਿਲਕੁਲ ਖੁਲ੍ਹ ਹੋ ਗਈ। ਝਟਕੇ ਤੇ ਹਲਾਲ ਵਾਲਾ ਫ਼ਸਤਾ ਹੀ ਵਢਿਆ ਗਿਆ। ਚਲੋ ਠੀਕ ਹੋਇਆ ! ਅੱਗੇ ਵੀ ਤਾਂ ਇਹ ਇਕ ਮਨ-ਘੜਤ ਢਕਵੰਜ ਹੀ ਸੀ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੨)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

**ਬੰਦਾ ਸਿੰਘ ਦੇ ਕੈਦੀ ਸਿੰਘਾਂ ਦਾ ਕਤਲਾਮ ਸ਼ੁਰੂ–**

ਸਰਬਰਾਹ ਖ਼ਾਨ ਕੋਤਵਾਲ ਨੇ ਤ੍ਰਿਪੋਲੀਆ ਦਰਵਾਜ਼ੇ ਵਲ ਦੇ ਚਬੂਤਰਾ ਕੋਤਵਾਲੀ ਦੇ ਸਾਮ੍ਹਣੇ, ਜਿਥੇ ਅੱਜ ਕਲ ਗਾਂਧੀ ਲਾਇਬ੍ਰੇਰੀ ਤੇ ਫੁਵਾਰਾ ਹੈ, ਵਾਲੀ ਥਾਂ ਸਿੱਖਾਂ ਦੇ ਕਤਲ ਲਈ ਚੁਣੀ। ਉਸ ਵੇਲੇ ਇਹ ਥਾਂ ਕਾਫ਼ੀ ਖੁਲ੍ਹਾ ਪਿਆ ਹੋਇਆ ਸੀ ਤੇ ਸ਼ਹਿਰ ਦੀ ਬੇ-ਹਿਸਾਬ ਖ਼ਲਕਤ ਸਿਖਾਂ ਦੀ ਮੌਤ ਦਾ ਤਮਾਸ਼ਾ ਵੇਖਣ ਲਈ ਪੁੱਜੀ ਹੋਈ ਸੀ। ਜੱਲਾਦਾਂ ਦੀਆਂ ਤਲਵਾਰਾਂ ਤਿਖੀਆਂ ਕਰਨ ਲਈ ਲੁਹਾਰਾਂ ਦਾ ਬੰਦੋਬਸਤ ਕੀਤਾ ਹੋਇਆ ਸੀ, ਜਿਨ੍ਹਾਂ ਆਪਣੀਆਂ ਭੱਠੀ, ਆਹਰਨ ਤੇ ਖਲਾਂ ਦਾ ਸਾਮਾਨ ਕੀਤਾ ਹੋਇਆ ਸੀ। ੫ ਮਾਰਚ ੧੭੧੬ ਈ (੨੨ ਰੱਬੀ-ਉਲ-ਅੱਵਲ ੧੧੨੮ ਹਿਜਰੀ) ਨੂੰ ੧੦੦ ਸਿੰਘਾਂ ਦਾ ਪਹਿਲਾ ਜਥਾ ਹਥਕੜੀਆਂ ਤੇ ਬੇੜੀਆਂ ਲਾ ਕੇ ਜਿਸ ਵੇਲੇ ਲਿਆਂਦਾ ਗਿਆ ਤਾਂ ਉਹ ਬੜੇ ਸ਼ਾਂਤ-ਚਿਤ ਤੇ ਚੜ੍ਹਦੀ ਕਲਾ ਵਿਚ ਉੱਚੀ ਆਵਾਜ਼ ਨਾਲ ਸ਼ਬਦ ਪੜ੍ਹਦੇ ਆਏ। ਲੋਕ ਹੈਰਾਨ ਸਨ ਕਿ ਇਹ ਕਿਸ ਮਿੱਟੀ ਦੇ ਬਣੇ ਆਦਮੀ ਹਨ, ਮੌਤ ਵੇਲੇ ਵੀ ਜਸ਼ਨ ਮਨਾ ਰਹੇ ਹਨ। ਜਥੇ ਨੂੰ ਦਸ ਦਸ ਦੀਆਂ ਦਸਾਂ ਪਾਲਾਂ ਵਿਚ ਬਿਠਾਇਆ ਗਿਆ। ਹੁਣ ਚਾਰ ਸ਼ਾਹੀ ਅਮੀਰ, ਜੋ ਉੱਚ-ਅਧਿਕਾਰੀ ਸਨ, ਅੱਗੇ ਵਧੇ ਤੇ ਸਿੰਘਾਂ ਨੂੰ ਸੰਬੋਧਨ ਕਰ ਕੇ ਉਨ੍ਹਾਂ ਕਿਹਾ ਕਿ ਜੇ ਮੁਸਲਮਾਨ ਬਣਨਾ ਕਬੂਲ ਕਰ ਲਵੋ ਤਾਂ ਕਤਲ ਹੋਣੋਂ ਬਚ ਸਕਦੇ ਹੋ। ਜ਼ਿੰਦਗੀ ਦੀਆਂ ਸਭੇ ਸਹੂਲਤਾਂ ਮਿਲਣਗੀਆਂ। ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ। ਸਿੱਖਾਂ ਅੱਗੋਂ 'ਵਾਹਿਗੁਰੂ'! 'ਵਾਹਿਗੁਰੂ'!! ਬੋਲਦਿਆਂ ਇਕ-ਜ਼ਬਾਨ ਹੋ ਕੇ ਉੱਚੀ ਸੁਰ ਵਿਚ ਕਿਹਾ–"ਆਪਣੇ ਵਾਹਿਗੁਰੂ ਤੋਂ ਬੇਮੁਖ ਹੋ ਕੇ, ਧਰਮ ਹਾਰ ਕੇ ਜੀਊਣ ਬਾਰੇ ਸੋਚਣਾ ਵੀ ਅਸੀਂ ਲਾਅਨਤ ਸਮਝਦੇ ਹਾਂ। ਅਸੀਂ ਕਲਗੀਧਰ ਦੇ ਸਿੰਘ ਹਾਂ, ਗੀਦੀ ਗਿਦੜ ਨਹੀਂ ਹਾਂ। ਸਾਡੀ ਸ਼ਹਾਦਤ ਦੇ ਵਿਚਕਾਰ ਨਾ ਖਲੋਵੋ। ਮੁਕਤੇ (ਜੱਲਾਦ) ਨੂੰ ਹੁਕਮ ਦਿਓ ਕਿ ਸਾਨੂੰ ਗੁਰ-ਚਰਨਾਂ ਵਲ ਤੋਰੇ।" ਬੱਸ ਫਿਰ ਹੁਕਮ ਹੋ ਗਿਆ। ਸਿੰਘ ਇਕ ਦੂਜੇ ਨਾਲੋਂ ਅੱਗੇ ਵਧ ਕੇ ਜੱਲਾਦ ਮੂਹਰੇ ਧੌਣ ਕਰ ਕੇ ਕਹਿਣ, "ਮੁਕਤਾ, ਪਹਿਲਾਂ ਮੈਨੂੰ।" ਅਮੀਰ ਆਪਣੀ ਵਾਹ ਲਾ ਥੱਕੇ। ਕਿਸੇ ਸਿੱਖ ਨੂੰ ਮੁਸਲਮਾਨ ਕਰ ਕੇ ਬਾਦਸ਼ਾਹ ਦਾ ਦਿਲ ਠੰਡਾ ਕਰਨ ਲਈ ਖ਼ੁਸ਼ਖ਼ਬਰੀ ਤਿਆਰ ਕਰਨ ਵਿਚ ਸਫਲ ਨਾ ਹੋ ਸਕੇ। ਸੌ ਸਿੰਘਾਂ ਦਾ ਜਥਾ ਕਤਲ ਕਰ ਦਿੱਤਾ ਗਿਆ ਤੇ ਇਸ ਦੀ ਖ਼ਬਰ ਬਾਦਸ਼ਾਹ ਦੀ ਖ਼ਿਦਮਤ ਵਿਚ ਗੁਜ਼ਾਰੀ ਗਈ। ਅਗੋਂ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇੰਜ ਹੀ ਸੌ ਸੌ ਰੋਜ਼ ਕਤਲ ਕਰ ਕੇ ਇਕ ਸਾਤੇ ਵਿਚ ਸਾਰੇ ਮੁਕਾ ਦਿੱਤੇ ਜਾਣ। ਇਸ ਸਾਰੇ ਕੰਮ ਦਾ ਪ੍ਰਬੰਧ ਸਰਬਰਾਹ ਖਾਨ ਕੋਤਵਾਲ ਦੇ ਜ਼ਿੰਮੇ ਸੀ ਤੇ ਉਸ ਨੇ ਇਸ ਜ਼ਿੰਮੇਦਾਰੀ ਨੂੰ ਖ਼ੂਬ ਨਿਭਾਇਆ।

ਹਰ ਰੋਜ਼ ੧੦੦ ਸਿੰਘਾਂ ਦਾ ਜਥਾ ਬਾਹਰ ਇਥੇ ਲਿਆਂਦਾ ਜਾਂਦਾ, ਸ਼ਾਹੀ ਅਫ਼ਸਰ ਇਕ ਇਕ ਸਿੰਘ ਨੂੰ ਜ਼ਿੰਦਗੀ ਦਾ ਲਾਲਚ ਦੇਂਦੇ ਕਿ ਕੋਈ ਤਾਂ ਇਕ ਅੱਧਾ ਮੁਸਲਮਾਨ ਕਰ ਲਿਆ ਜਾਵੇ, ਪਰ ਆਫ਼ਰੀਨ ਹੈ ਇਨ੍ਹਾਂ ਸੂਰਮਿਆਂ ਦੇ, ਕਿਸੇ ਇਕ ਨੇ ਵੀ ਨਿਗੂਣੀ ਜਾਨ ਬਦਲੇ ਆਪਣੇ ਆਪ ਨੂੰ ਕਲੰਕਤ ਨਹੀਂ ਕੀਤਾ ਤੇ ਆਪਣੇ ਗੁਰੂ ਤੋਂ ਬੇਮੁਖ ਨਹੀਂ ਹੋਇਆ। ਉਸ ਵੇਲੇ ਹਿੰਦੁਸਤਾਨੀ ਤਮਾਸ਼ਬੀਨਾਂ ਵਿਚ ਕੁਝ ਕੁ ਯੌਰਪੀਨ ਲੋਕ ਵੀ ਮੌਜੂਦ ਸਨ। ਜੌਨ ਸਰਮਨ ਤੇ ਐਡਵਰਡ ਸਟੀਫ਼ਨਸਨ (ਇਹ ਦੋਵੇਂ ਅੰਗਰੇਜ਼ੀ ਸਫ਼ਾਰਤ ਦੇ ਮੈਂਬਰ ਸਨ, ਤੇ ਇਹ ਸਫ਼ਾਰਤ ਮਾਨਯੋਗ ਰਾਬਰਟ ਹੈਜਜ਼, ਜੋ ਪ੍ਰੈਜ਼ੀਡੈਂਟ ਤੇ ਫ਼ੋਰਟ ਵਿਲੀਅਮ (ਕਲਕੱਤਾ ਵਿਖੇ) ਕਿਲ੍ਹੇ ਦਾ ਗਵਰਨਰ ਸੀ, ਨੇ ਮੁਗਲ ਬਾਦਸ਼ਾਹ ਫ਼ਰੁੱਖ਼ਸੀਅਰ ਵਲ ਘਲਾਈ ਸੀ) ਆਪਣੇ ਪੱਤਰ ਮਿਤੀ ੧੦ ਮਾਰਚ ੧੭੧੫-੧੬ ਈਸਵੀ, ਜੋ ਉਨ੍ਹਾਂ ਇਹ ਸਭ ਨਜ਼ਾਰਾ ਵੇਖ ਕੇ ਆਨਰੇਬਲ ਰਾਬਰਟ ਹੈਜਜ਼ ਨੂੰ ਲਿਖਿਆ, ਵਿਚ



www.AKJ.Org

ਲਿਖਦੇ ਹਨ ਕਿ "ਅਖ਼ੀਰ ਵਕਤ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸੇ ਇਕ ਨੇ ਵੀ ਆਪਣਾ ਇਹ ਨਵਾਂ ਧਾਰਨ ਕੀਤਾ ਧਰਮ ਹਾਰਿਆ ਹੋਵੇ।" ਬੜੀ ਨਿਡਰਤਾ, ਦਲੇਰੀ, ਜੋਸ਼ ਤੇ ਹਸੂੰ ਹਸੂੰ ਕਰਦੇ ਚਿਹਰਿਆਂ ਨਾਲ ਜੱਲਾਦ ਨੂੰ ਮੁਕਤੀ-ਦਾਤੇ ਸ਼ਬਦਾਂ ਨਾਲ ਵਡਿਆ ਕੇ, ਧੌਣ ਉਸ ਅੱਗੇ ਕਰ ਕੇ ਪਹਿਲ ਦੀ ਵਾਰੀ ਮੰਗਦੇ ਹੋਏ ਕਹਿੰਦੇ, ਮੈਨੂੰ ਪਹਿਲਾਂ। ਨਾਲੇ 'ਵਾਹਿਗੁਰੂ' 'ਵਾਹਿਗੁਰੂ' ਦਾ ਜਾਪ ਕਰੀ ਜਾਂਦੇ। ਕੈਸਾ ਅਜਬ ਨਜ਼ਾਰਾ ਸੀ! ਕਤਲ ਹੋਣ ਲਈ ਪਹਿਲ ਵਾਸਤੇ ਖ਼ੁਸ਼ੀ ਭਰੀਆਂ ਮਿੰਨਤਾਂ! ਸ਼ਮ੍ਹਾ ਤੇ ਸੜ ਮਰਨ ਵਾਲਿਆਂ ਪਰਵਾਨਿਆਂ ਦੀ ਮਿਸਾਲ ਨੂੰ ਸਿੰਘਾਂ ਫਿਕਾ ਪਾ ਦਿੱਤਾ। ਤਮਾਸ਼ਾ ਵੇਖਣ ਵਾਲੀ ਖ਼ਲਕਤ ਵੇਖ ਕੇ ਵਾਹ ਵਾਹ ਕਰ ਉਠਦੀ! ਧੰਨ ਗੁਰੂ ਗੋਬਿੰਦ ਸਿੰਘ ਤੇਰੀ ਸਿੱਖੀ ਤੇ ਧੰਨ ਤੇਰੇ ਸਿੰਘਾਂ ਦਾ ਸਿਦਕ! ਇਰਵਿਨ ਇਸ ਬਾਰੇ ਲਿਖਦਾ ਹੈ–

> "ਕੀ ਹਿੰਦੁਸਤਾਨੀ ਅਤੇ ਕੀ ਯੂਰੋਪੀਅਨ, ਸਾਰੇ ਹੀ ਉਸ ਨਜ਼ਾਰੇ ਨੂੰ ਵੇਖਣ ਵਾਲੇ ਉਸ ਚਕ੍ਰਿਤ ਕਰ ਦੇਣ ਵਾਲੇ ਧੀਰਜ, ਦ੍ਰਿੜ੍ਹਤਾ ਅਤੇ ਜੁਰਅਤ ਦੀ ਪ੍ਰਸੰਸਾ ਕਰਨ ਵਿਚ ਇਕੋ ਰਾਏ ਰਖਦੇ ਹਨ, ਜਿਸ ਨਾਲ ਇਨ੍ਹਾਂ ਆਪਣੇ ਉਤੇ ਵਰਤਣ ਵਾਲੇ ਭਾਣੇ ਨੂੰ ਕਬੂਲਿਆ। ਵੇਖਣ ਵਾਲਿਆਂ ਲਈ ਇਨ੍ਹਾਂ ਦਾ ਆਪਣੇ ਆਗੂ ਲਈ ਅਥਾਹ ਪ੍ਰੇਮ ਤੇ ਸ਼ਰਧਾ ਅਤੀ ਹੈਰਾਨ ਕਰਨ ਵਾਲੇ ਸਨ। ਉਹ ਮੌਤ ਦੇ ਪਰਛਾਵੇਂ ਥੱਲੇ ਬਿਲਕੁਲ ਬੇਖ਼ੌਫ਼ ਤੇ ਪ੍ਰਸੰਨ-ਚਿਤ ਸਨ ਅਤੇ ਜੱਲਾਦ ਨੂੰ ਮੁਕਤੀ-ਦਾਤਾ ਕਹਿ ਕੇ ਬੁਲਾਉਂਦੇ ਸਨ।"

ਮੌਤ ਦੇ ਖ਼ਤਰੇ ਸਮੇਂ ਜਾਨ ਬਚਾਉਣ ਲਈ ਕਿਸੇ ਹੀਲੇ ਬਚ ਨਿਕਲਣ ਲਈ ਆਪਣਾ ਤਾਣ ਲਾਉਂਦੇ, ਲੜਦੇ ਝਗੜਦੇ ਤੇ ਇਕ ਦੂਜੇ ਨੂੰ ਪਛਾੜਦੇ ਹੋਏ, ਦੂਜੇ ਨੂੰ ਮੌਤ ਦੇ ਮੂੰਹ ਵਿਚ ਧਕਦਿਆਂ ਦੀਆਂ ਦਾਸਤਾਨਾਂ ਸੁਣੀਆਂ ਪੜ੍ਹੀਆਂ ਹਨ, ਪਰ ਇਥੇ ਤਾਂ ਨਕਸ਼ਾ ਹੀ ਉਲਟ ਸੀ, ਇਥੇ ਝਗੜਾ ਸੀ ਦੂਸਰਿਆਂ ਨੂੰ ਪਿੱਛੇ ਛੱਡ ਕੇ ਮੌਤ ਦਾ ਜਾਮ ਪਹਿਲਾਂ ਪੀਣ ਦਾ।[1] ਕਿਸ ਨੂੰ ਜਾਨ ਪਿਆਰੀ ਨਹੀਂ ਹੁੰਦੀ, ਪਰ ਇਥੇ ਤਾਂ ਮੌਤ ਪਰਨਾਉਣ ਲਈ ਖਿਚੋਤਾਣ ਹੈ। ਜੱਲਾਦ ਨੂੰ ਮੁਕਤੀ-ਦਾਤਾ ਕਹਿਣਾ, ਨਿਰਾਲਾ ਹੀ ਦ੍ਰਿਸ਼ ਹੈ। ਆਪਣੇ ਬੇਗਾਨੇ ਸਭ ਹੈਰਤ ਵਿਚ ਡੁਬੇ ਹੋਏ ਹਨ। ਅਸਲੀਅਤ ਤਾਂ ਇਹ ਹੈ ਕਿ ਸਿੱਖਾਂ ਦਾ ਆਪਣਾ ਤਾਂ ਇਥੇ ਹੈ ਕੋਈ ਨਹੀਂ ਸੀ, ਸਭ ਬੇਗਾਨੇ ਹੀ ਬੇਗਾਨੇ ਸਨ। ਬੇਗਾਨੇ ਅੱਸ਼ ਅੱਸ਼ ਕਰਦੇ ਹੋਏ ਮੂੰਹ ਵਿਚ ਉਂਗਲਾਂ ਲੈਂਦੇ ਸਨ, ਤਾਂ ਹਰ ਸੂਝਵਾਨ ਸੋਚ ਨੂੰ ਅਨਭਵ ਕਰ ਸਕਦੈ ਕਿ ਉਹ ਸੱਚੋ ਸੱਚ ਨਜ਼ਾਰੇ ਕੀ ਹੋਣਗੇ? ਇਕ ਮੋਟੀ ਮਿਸਾਲ ਸੀਅਰੁਲ-ਮੁਤਾਖ਼ਰੀਨ ਦੇ ਕਰਤਾ ਗੁਲਾਮ ਹੁਸੈਨ ਖਾਨ ਦੀ ਪੇਸ਼ ਹੈ। ਉਸ ਪਾਸ ਸਿੱਖਾਂ ਲਈ ਇਕ ਵੀ ਚੰਗਾ ਜਾਂ ਇਨਸਾਫ਼ ਵਾਲਾ ਸ਼ਬਦ ਨਹੀਂ। ਉਹ ਹਕੀਕਤ ਨੂੰ ਛੁਪਾਉਣ ਲਈ ਤੇ ਆਪਣੇ ਪੱਖ ਨੂੰ ਬਨਾਵਟ ਦੇ ਪਰਦਿਆਂ ਵਿਚ ਲਪੇਟ ਕੇ ਹਮੇਸ਼ਾ ਪੇਸ਼ ਕਰਦੈ ਤੇ ਸਿੱਖਾਂ ਨੂੰ ਪਾਣੀ ਪੀ ਪੀ ਕੋਸਦੈ। ਕਈ ਥਾਈਂ ਤਾਂ ਇਸ ਨੇ ਇਹੋ ਜਿਹੀ ਕੋਝੀ ਸ਼ਬਦਾਵਲੀ ਵਰਤੀ ਹੈ ਕਿ ਯਕੀਨ ਨਹੀਂ ਆਉਂਦਾ ਕਿ ਇਸ ਨੂੰ ਲਿਖਣ ਵਾਲਾ ਕੋਈ ਸਹੀ ਦਿਮਾਗ ਇਨਸਾਨ ਹੋਵੇਗਾ। ਸਿੱਖਾਂ ਤੋਂ ਇਸ ਕੰਮਬਖ਼ਤ ਨੂੰ ਉਸੇ ਤਰ੍ਹਾਂ ਹੀ ਡਰ ਆਉਂਦੈ ਜਿਵੇਂ ਹਲਕ ਵਾਲੇ ਬੰਦੇ ਨੂੰ ਪਾਣੀ ਤੋਂ। ਹੈਰਾਨਗੀ ਹੈ ਕਿ ਇਸ ਬੰਦੇ ਦੇ ਮੂੰਹੋਂ ਸੱਚ ਕਿਵੇਂ ਨਿਕਲ ਗਿਆ! ਮੌਤ ਦੇ ਸਨਮੁਖ ਸਿੱਖ ਕਿਵੇਂ ਨਿਤਰੇ ਤੇ ਕਿਵੇਂ ਆਪਣੇ ਧਰਮ ਤੋਂ ਜਾਨਾਂ ਵਾਰੀਆਂ, ਸੁਣੋ ਜ਼ਰਾ ਸਿੱਖਾਂ ਦੇ ਅਤੀ ਕਟੜ ਦੁਸ਼ਮਣ ਦੇ ਮੂੰਹੋਂ–"ਸਭ ਤੋਂ ਖ਼ਾਸ ਤੌਰ ਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹ ਲੋਕ (ਸਿੱਖ) ਸਿਰ ਕਟਾਉਣ ਵੇਲੇ ਹੀ ਅਡੋਲਤਾ ਤੇ ਦ੍ਰਿੜ੍ਹਤਾ ਨਹੀਂ ਸਨ ਵਿਖਾਉਂਦੇ, ਸਗੋਂ ਸਿਰ ਕਟਾਉਣ ਲਈ ਪਹਿਲ ਕਰਨ ਵਾਸਤੇ ਆਪਸ ਵਿਚ ਖਹਿਬੜਦੇ ਝਗੜਦੇ ਸਨ, ਇਕ ਦੂਜੇ ਨੂੰ ਪਿਛਾਂਹ ਧਕ ਆਪ ਅੱਗੇ ਹੋ ਕੇ ਜੱਲਾਦਾਂ ਨੂੰ ਬੇਨਤੀਆਂ ਕਰਦੇ ਅਤੇ ਉੱਚੀ ਉੱਚੀ ਵਾਸਤੇ ਪਾਉਂਦੇ ਸਨ।" ਸ਼ਹਾਦਤ ਸੱਚ ਦੀ ਉਹ ਲਾਟ ਹੈ ਜਿਸ ਨੂੰ ਬੜੇ ਬੜੇ ਭਾਰੇ ਪਰਬਤ ਦਬਾਅ ਨਹੀਂ ਸਕਦੇ, ਸਮੁੰਦਰ ਡੋਬ ਨਹੀਂ ਸਕਦੇ, ਵੱਡੇ ਤੋਂ ਵੱਡਾ ਝੂਠ ਬੋਲਣ ਲਿਖਣ ਦਾ ਮਾਹਿਰ ਲੱਖਾਂ ਕਰੋੜਾਂ ਪਰਦੇ ਪਾ ਕੇ ਅਲੋਪ ਨਹੀਂ ਕਰ ਸਕਦਾ, ਸਭ ਕੁਝ ਪਾੜ ਕੇ ਇਹ ਲਾਟ ਬਾਹਰ



www.AKJ.Org

ਆਵੇਗੀ। ਸ਼ਹਾਦਤ ਸਦਾ ਅਮਰ ਰਹਿੰਦੀ ਹੈ। ਇਸ ਨੂੰ ਦਬਾਉਣ ਵਾਲਿਆਂ ਦਾ ਨਾਮ ਵੀ, ਭਾਵੇਂ ਲਾਅਨਤਾਂ ਦੀ ਬੁਛਾੜ ਥੱਲੇ ਹੀ ਰਹੇ, ਸ਼ਹਾਦਤ ਦਾ ਫ਼ੈਜ਼ ਹੈ, ਕਾਇਮ ਦਾਇਮ ਰਹਿੰਦਾ ਹੈ।

ਸੱਤ ਦਿਨ ਜੱਲਾਦਾਂ ਦੀ ਤਲਵਾਰ ਚਲਦੀ ਰਹੀ ਤੇ ਸਿੰਘਾਂ ਦੇ ਸਿਰ ਲਹਿ ਲਹਿ ਧਰਤੀ ਤੇ ਡਿੱਗਦੇ ਰਹੇ। ੮੦੦ ਤੋਂ ਵਧ ਸਿੰਘ ਕਤਲ ਕੀਤੇ ਗਏ। ਕਿਸੇ ਇਕ ਨੇ ਵੀ ਜਾਨ ਬਚਾਉਣ ਲਈ ਮੁਸਲਮਾਨੀ ਮੱਤ ਅੰਗੀਕਾਰ ਨਾ ਕੀਤਾ। ਦਿੱਲੀ ਨੇ ਬੜੇ ਕਤਲਾਮ ਵੇਖੇ ਸਨ। ਅਮੀਰ ਤੈਮੂਰ (ਤਿਮਰ ਲੰਙ) ਦੇ ਕਤਲਾਮ ਨੂੰ ਯਾਦ ਕਰ ਕੇ ਅੱਜ ਵੀ ਦਿਲੀ ਦੀਆਂ ਕੰਧਾਂ ਕੰਬਦੀਆਂ ਹਨ। ਪਰ ਉਹ ਕਤਲ-ਏ-ਆਮ ਕੁਝ ਇਸ ਕਿਸਮ ਦਾ ਸੀ ਕਿ ਗ਼ੈਰ-ਮੁਸਲਮਾਨ ਫੜ ਕੇ ਲਿਆਂਦੇ ਗਏ ਤੇ ਛਤਰਿਆਂ ਭੇਡਾਂ ਵਾਂਗ ਕੋਹ ਸੁਟੇ ਗਏ। ਉਨ੍ਹਾਂ ਨੂੰ ਜਾਨ-ਬਖਸ਼ੀ ਲਈ ਮੁਸਲਮਾਨ ਹੋਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ ਸੀ। ਜੇ ਦੇਂਦੇ ਤਾਂ ਸ਼ਾਇਦ ਕਤਲ-ਏ-ਆਮ ਦੀ ਨੌਬਤ ਹੀ ਨਾ ਆਉਂਦੀ। ਪਰ ਸਿੰਘਾਂ ਲਈ ਤਾਂ ਜ਼ਿੰਦਗੀ ਦਾ ਇਕ ਬਹੁਤ ਵੱਡਾ ਦਰਵਾਜ਼ਾ ਖੁਲ੍ਹਾ ਛੱਡ ਦਿੱਤਾ ਗਿਆ ਸੀ, ਮੌਤ ਦੇ ਕੋਟ ਵਿਚ। ਜਿਸ ਦਾ ਜੀਅ ਕਰੇ ਧਰਮ ਤਿਆਗੇ, ਨਹੀਂ ਤਾਂ ਦੀਨ ਕਬੂਲ ਕੇ ਨਿਕਲ ਜਾਵੇ ਜ਼ਿੰਦਗੀ ਦੀਆਂ ਖ਼ੁਸ਼ੀਆਂ ਖੇੜਿਆਂ ਦੇ ਮੈਦਾਨ ਵਿਚ। ਪਰ ਉਨ੍ਹਾਂ ਧਰਮ-ਬੀਰਾਂ ਨੇ ਇਸ ਦਰਵਾਜ਼ੇ ਵੱਲ ਅੱਖ ਚੁੱਕ ਕੇ ਤੱਕਿਆ ਤਕ ਵੀ ਨਹੀਂ ਸੀ। ਲੋਕ ਆਉਂਦੇ ਤਾਂ ਰੋਜ਼ ਸਿੱਖਾਂ ਦੀ ਮੌਤ ਦਾ ਤਮਾਸ਼ਾ ਵੇਖਣਾ ਸੀ ਪਰ ਜਾਂਦੇ ਕੋਈ ਸਬਕ ਲੈ ਕੇ, ਅਤੇ ਸਿੱਖਾਂ ਦੇ ਹੌਸਲੇ, ਜੁਰਅਤ, ਅਡੋਲਤਾ ਤੇ ਮੌਤ ਸਾਹਵੇਂ ਵੀ ਚੜ੍ਹਦੀ ਕਲਾ ਦੇ ਗੁਣਾਂ ਉਤੇ ਅੱਸ਼-ਅੱਸ਼ ਕਰਦੇ।

ਇਬਰਤਨਾਮੇ ਦਾ ਕਰਤਾ ਮਿਰਜ਼ਾ ਮੁਹੰਮਦ ਹਾਰਿਸੀ, ਜਿਸ ਨੇ ਸਿੱਖਾਂ ਦੇ ਫੜੇ-ਆਇਆਂ ਦਾ ਪਹਿਲੇ ਦਿਨ ਵਾਲਾ ਜਲੂਸ ਵੇਖਿਆ ਸੀ ਤੇ ਉਹ ਅੱਖੀਂ ਵੇਖਿਆ ਹਾਲ ਲਿਖਿਆ ਹੈ, ਉਹ ਦੂਜੇ ਦਿਨ ਕਤਲ ਹੁੰਦੇ ਸਿੰਘਾਂ ਦਾ ਨਜ਼ਾਰਾ ਵੇਖਣ ਲਈ ਆਪਣੇ ਘਰੋਂ ਆਇਆ ਸੀ। ਉਹ ਲਿਖਦੈ ਕਿ "ਮੈਂ ਕਤਲ ਸ਼ੁਰੂ ਹੋਣ ਦੇ ਦੂਜੇ ਦਿਨ ੨੩ ਰੱਬੀ-ਉਲ ਅੱਵਲ (੬ ਮਾਰਚ) ਨੂੰ ਸਿੱਖਾਂ ਦੇ ਕਤਲ ਦਾ ਤਮਾਸ਼ਾ ਵੇਖਣ ਲਈ ਮੌਕੇ ਵਾਲੀ ਥਾਂ ਤੇ ਗਿਆ। ਪਰ ਮੇਰੇ ਜਾਣ ਤੋਂ ਪਹਿਲਾਂ ਉਸ ਦਿਨ ਦੇ ਕਤਲਾਂ ਦਾ ਕੰਮ ਮੁਕ ਚੁਕਾ ਹੋਇਆ ਸੀ। ਸਿਰ ਤੇ ਧੜ ਹਾਲ ਤਕ ਉਥੇ ਸੂਰਜ ਦੀ ਅੱਗ ਵਰਗੀ ਧੁਪ ਵਿਚ ਉਸੇ ਤਰ੍ਹਾਂ ਲਹੂ ਅਤੇ ਘਟੇ ਵਿਚ ਲਿਬੜੇ ਹੋਏ ਪਏ ਸਨ।"

**ਅਨੋਖੀਆਂ ਪਰ ਸੱਚੀਆਂ ਕਹਾਣੀਆਂ—**

ਹੁਣ ਤੱਕ ਸਿੱਖਾਂ ਦੇ ਨਿਸਚੇ ਤੇ ਆਪਣੇ ਆਗੂ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਲਈ ਸਦਾ ਤੱਤਪਰ ਰਹਿਣ ਦੀਆਂ ਕਈ ਕਹਾਣੀਆਂ ਸੁਣੀਆਂ ਜਾਂਦੀਆਂ ਸਨ। ਉਨ੍ਹਾਂ ਵਿਚੋਂ ਕੁਝ ਇਹੋ ਜਿਹੀਆਂ ਅਸਚਰਜ ਤੇ ਚਕ੍ਰਿਤ ਕਰ ਦੇਣ ਵਾਲੀਆਂ ਸਨ ਕਿ ਜਿਨ੍ਹਾਂ ਨੂੰ ਸਿੱਖਾਂ ਬਾਰੇ ਬਹੁਤਾ ਗਿਆਨ ਨਹੀਂ ਸੀ ਤ ਉਨ੍ਹਾਂ ਬਾਰੇ ਕੁਝ ਅੱਖੀਂ ਵੇਖਿਆ ਡਿੱਠਾ ਨਹੀਂ ਸੀ, ਉਹ ਇਨ੍ਹਾਂ ਗੱਲਾਂ ਨੂੰ ਅਲਫ਼-ਲੇਲਾ ਦੀਆਂ ਕਹਾਣੀਆਂ ਹੀ ਸਮਝੀ ਬੈਠੇ ਸਨ, ਉਨ੍ਹਾਂ ਨੂੰ ਰਤਾ ਭਰ ਵੀ ਯਕੀਨ ਨਹੀਂ ਸੀ ਕਿ ਕਿਧਰੇ ਇਹ ਸੱਚ ਵੀ ਹੋਣਗੀਆਂ। ਖ਼ਾਫ਼ੀ ਖ਼ਾਨ ਵੀ ਸਿੱਖਾਂ ਦੇ ਦੋਖੀਆਂ ਚੋਂ ਇਕ ਸੀ। ਸਿੱਖਾਂ ਬਾਰੇ ਉਸ ਨੇ ਵੀ ਬਹੁਤ ਕੁਝ ਸੁਣ ਰਖਿਆ ਸੀ। ਉਹ ਆਪਣੀ ਪੁਸਤਕ ਮੁੰਤਖ਼ਬੁਲ-ਲੁਬਾਬ ਦੇ ਦੂਸਰੇ ਭਾਗ ਦੇ ਪੰਨਾ ੭੬੬ ਉਤੇ ਇਕ ਕਹਾਣੀ ਦੇਂਦਾ ਹੈ:—"ਮੈਂ ਇਨ੍ਹਾਂ ਸਿੰਘਾਂ ਦੇ ਨਿਸਚੇ ਦੀਆਂ ਐਸੀਆਂ ਐਸੀਆਂ ਕਹਾਣੀਆਂ ਸੁਣੀਆਂ ਹਨ ਜਿਨ੍ਹਾਂ ਨੂੰ ਅਕਲ ਲਈ ਸੱਚ ਪਰਵਾਨ ਕਰਨਾ ਮੁਸ਼ਕਲ ਹੈ, ਪਰ ਜੋ ਕੁਝ ਮੈਂ ਆਪ ਆਪਣੀ ਅੱਖੀਂ ਪਰਤੱਖ ਵੇਖਿਆ ਹੈ, ਉਹ ਲਿਖਦਾ ਹਾਂ—

"ਇਨ੍ਹਾਂ ਕਤਲ ਕੀਤੇ ਜਾਣ ਵਾਲੇ ਸਿੰਘਾਂ ਵਿਚ ਇਕ ਦਾੜ੍ਹੀ-ਮੁਛ-ਫੁਟਦਾ ਮੁੰਡਾ ਵੀ ਸੀ। ਉਹ ਆਪਣੀ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਸੀ। ਹੁਣੇ ਹੀ ਉਸ ਦਾ ਵਿਆਹ ਹੋਇਆ ਸੀ ਤੇ ਵਿਆਹ ਦੇ ਸ਼ਗਨ ਦਾ ਗਾਨਾ ਅਜੇ ਉਸ ਦੇ ਹੱਥ ਬੱਧਾ ਹੋਇਆ ਸੀ। ਦਿੱਲੀ ਜਾ ਕੇ ਸਾਰੇ ਸਿੰਘ ਕਤਲ ਕੀਤੇ ਜਾਣਗੇ, ਇਹ ਸੁਣ ਕੇ ਉਸ ਗੱਭਰੂ ਦੀ ਮਾਂ ਵਾਹੋ ਦਾਹੀ ਦਿੱਲੀ ਪੁੱਜੀ ਤੇ ਸ਼ਾਹੀ ਵਜ਼ੀਰ ਸੱਯਦ ਅਬਦੁੱਲਾ ਦੇ ਦੀਵਾਨ ਰਤਨ ਚੰਦ



www.AKJ.Org

ਪਾਸ ਪਹੁੰਚੀ, ਜੋ ਇਕ ਹਿੰਦੂ ਸੀ। ਇਸ ਦੀਵਾਨ ਨੂੰ ਆਪਣੀ ਵਿਥਿਆ ਸੁਣਾਈ ਤੇ ਫਿਰ ਉਸ ਦੀ ਸਹਾਇਤਾ ਨਾਲ ਸ਼ਾਹੀ ਵਜ਼ੀਰ ਅਬਦੁਲਾ ਅਤੇ ਫ਼ਰੱਖਸੀਅਰ ਪਾਸ ਕੂਕ ਕੂਕ ਕੇ ਫਰਿਆਦ ਕੀਤੀ। ਬਾਦਸ਼ਾਹ ਦੇ ਹੁਕਮ ਵਿਚ ਇਹ ਰਿਆਇਤ ਸੀ ਕਿ ਜੋ ਮੁਸਲਮਾਨ ਧਰਮ ਕਬੂਲ ਕਰ ਲਵੇ, ਉਹ ਕੈਦੀ ਛੱਡ ਦਿੱਤਾ ਜਾਵੇ, ਦੀ ਓਟ ਲੈ ਕੇ, ਇਸ ਬਿਰਧ ਮਾਤਾ ਨੇ, ਸੰਭਵ ਹੈ ਕਿ ਦੀਵਾਨ ਰਤਨ ਚੰਦ ਨੇ ਹੀ ਇਹ ਪੱਟੀ ਪੜ੍ਹਾਈ ਹੋਵੇ, ਬੇਨਤੀ ਕੀਤੀ ਕਿ ਮੇਰਾ ਪੁੱਤਰ ਫੜ ਕੇ ਲਿਆਂਦੇ ਹੋਏ ਸਿੱਖਾਂ ਪਾਸ ਪਹਿਲਾਂ ਹੀ ਕੈਦ ਸੀ, ਉਹ ਆਪ ਬਿਲਕੁਲ ਸਿੱਖ ਨਹੀਂ ਹੈ। ਉਨ੍ਹਾਂ ਦੇ ਨਾਲ ਸ਼ਾਹੀ ਫ਼ੌਜ ਦੀ ਕੈਦ ਵਿਚ ਇਥੇ ਆਇਆ ਹੈ ਤੇ ਹੁਣ ਬੇਗੁਨਾਹ ਉਨ੍ਹਾਂ ਸਿੱਖਾਂ ਨਾਲ ਮਾਰਿਆ ਜਾ ਰਿਹਾ ਹੈ। ਮਾਤਾ ਦਾ ਵਿਰਲਾਪ ਸੁਣ ਕੇ ਫ਼ਰੱਖ਼ਸੀਅਰ ਦੇ ਦਿਲ ਵਿਚ ਤਰਸ ਆ ਗਿਆ ਤੇ ਉਸ ਨੂੰ ਛੱਡ ਦੇਣ ਦਾ ਹੁਕਮ ਇਕ ਅਫ਼ਸਰ ਨੂੰ ਦੇ ਕੇ ਉਸ ਬੁੱਢੀ ਮਾਂ ਨਾਲ ਸਰਬਰਾਹ ਖਾਨ ਵੱਲ ਤੋਰਿਆ। ਮਾਤਾ ਇਹ ਹੁਕਮ ਲੈ ਕੇ ਕਤਲ ਵਾਲੀ ਥਾਂ ਉਸ ਵੇਲੇ ਪਹੁੰਚੀ ਜਦ ਕਤਲ ਹੋਣ ਵਾਲੇ ਸਿੰਘਾਂ ਦੀ ਕਤਾਰ ਦੇ ਸਿਰੇ ਤੇ ਜੱਲਾਦ ਲਹੂ-ਚੋਂਦੀ ਤਲਵਾਰ ਲੈ ਕੇ ਉਸ ਮੁੰਡੇ ਦੇ ਪਾਸ ਖੜਾ ਸੀ। ਮਾਤਾ ਨੇ ਦੁਹਾਈ ਪਾਈ ਕਿ ਵੇਖਿਓ ਲੋਹੜਾ ਨਾ ਮਾਰ ਦਿਓ, ਇਹ ਹੁਕਮ ਵੇਖ ਲਵੋ। ਅਫ਼ਸਰ ਨੇ ਕੋਤਵਾਲ ਨੂੰ ਹੁਕਮ ਵਿਖਾਇਆ। ਉਸ ਨੇ ਲੜਕੇ ਨੂੰ ਉਠਾ ਕੇ ਬਾਹਰ ਲੈ ਆਂਦਾ ਤੇ ਕਿਹਾ, ਜਾ ਤੈਨੂੰ ਬਾਦਸ਼ਾਹ ਵਲੋਂ ਛੱਡ ਦਿੱਤਾ ਗਿਆ ਹੈ, ਕਿਉਂਕਿ ਇਸ ਮਾਤਾ ਨੇ ਬਾਦਸ਼ਾਹ ਪਾਸ ਫ਼ਰਿਆਦ ਕੀਤੀ ਸੀ ਕਿ ਮੇਰਾ ਲੜਕਾ ਸਿੱਖ ਨਹੀਂ ਤੇ ਇਹ ਬੇਗੁਨਾਹ ਹੀ ਮਾਰਿਆ ਜਾ ਰਿਹਾ ਹੈ, ਕਤਲ ਹੋਣ ਵਾਲੇ ਸਿੱਖਾਂ ਨਾਲ ਇਸ ਦਾ ਦੂਰ ਦਾ ਵੀ ਸੰਬੰਧ ਨਹੀਂ। ਤੂੰ ਬੜੀ ਖੁਸ਼ੀ ਨਾਲ ਜਾ ਸਕਦੈਂ। ਅੱਲਾ ਪਾਕ ਤੇ ਜ਼ਿੱਲ-ਏ-ਇਲਾਹੀ (ਬਾਦਸ਼ਾਹ) ਦਾ ਲੱਖ ਲੱਖ ਸ਼ੁਕਰ ਕਰੋ ਕਿ ਐਨ ਮੌਕੇ ਉਤੇ ਤੈਨੂੰ ਮੌਤ ਦੇ ਪੰਜੇ ਚੋਂ ਬਚਾ ਲਿਆ ਹੈ। ਪਰ ਉਸ ਲੜਕੇ ਨੇ ਇਸ ਹੁਕਮ ਨੂੰ ਮੰਨ ਕੇ ਰਿਹਾ ਹੋਣੋਂ ਇਨਕਾਰ ਕਰ ਦਿੱਤਾ ਤੇ ਉੱਚੀ ਉੱਚੀ ਕਹਿਣ ਲੱਗਾ : 'ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਸੱਚੇ ਦਿਲੋਂ ਆਪਣੇ ਗੁਰੂ ਦਾ ਸਿਦਕ ਭਰੋਸੇ ਵਾਲਾ ਤੇ ਉਸ ਤੋਂ ਜਾਨ ਵਾਰਨ ਵਾਲਾ ਸਿੱਖ ਹਾਂ। ਮੈਂ ਗੁਰੂ ਤੋਂ ਬੇਮੁਖ ਨਹੀਂ ਹੋ ਸਕਦਾ। ਦੇਰ ਨਾ ਕਰੋ ਮੈਨੂੰ ਜਲਦੀ ਮੇਰੇ ਗੁਰ-ਭਾਈਆਂ ਪਾਸ ਪਹੁੰਚਾਉ।[2] ਬੁਢੜੀ ਦੇ ਵਿਰਲਾਪ, ਮਿੰਨਤਾਂ ਤੇ ਸਮਝਾਉਣੀਆਂ, ਕੋਤਵਾਲ ਤੇ ਹੋਰ ਦੂਸਰੇ ਅਫ਼ਸਰਾਂ ਦੀਆਂ ਨਸੀਹਤਾਂ ਦਾ ਲੜਕੇ ਨੇ ਕੋਈ ਅਸਰ ਨਾ ਕਬੂਲਿਆ। ਕੁਲ ਦਰਸ਼ਕ ਮੂੰਹ ਵਿਚ ਉਂਗਲਾਂ ਪਾਈ ਹੈਰਾਨਗੀ ਦੀ ਮੂਰਤ ਬਣ ਗਏ ਜਦ ਉਹ ਮੁੰਡਾ ਮੁੜ ਕੇ ਆਪਣੀ ਥਾਂ ਉਥੇ ਜਾ ਬੈਠਾ ਤੇ ਕਤਲ ਹੋਣ ਲਈ ਧੌਣ ਜੱਲਾਦ ਅੱਗੇ ਕਰ ਦਿੱਤੀ।"

ਤਾਰੀਖ਼ ਮੁਹੰਮਦ ਸ਼ਾਹੀ ਦੇ ਲਿਖਾਰੀ ਨੇ ਇਸ ਖ਼ੂਨੀ ਦਾਸਤਾਨ ਨੂੰ ਕੁਝ ਹੋਰ ਤਰ੍ਹਾਂ ਬਿਆਨ ਕੀਤਾ ਹੈ। ਉਸ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਜਦ ਜ਼ਕਰੀਆ ਖਾਨ ਬੰਦਾ ਸਿੰਘ ਤੇ ਦੂਜੇ ਸਿੰਘਾਂ ਨੂੰ ਲਾਹੌਰੋਂ ਲੈ ਕੇ ਦਿੱਲੀ ਨੂੰ ਤੁਰਿਆ, ਕੈਦੀਆਂ ਦੀ ਗਿਣਤੀ ਵਧਾਉਣ ਲਈ ਰਾਹ ਦੇ ਸੱਜਿਓਂ ਖੱਬਿਓਂ ਦੂਰ ਤਕ ਜੋ ਸਿੱਖ ਸੁਣਿਆ, ਬੰਨ੍ਹ ਮੰਗਵਾਉਂਦਾ ਸੀ, ਤੇ ਜਦ ਸਿੰਘਾਂ ਨੂੰ ਲੈ ਕੇ ਦਿੱਲੀ ਪਾਸ ਪੁਜਾ ਤਾਂ ਸੂਹੀਆਂ ਤੋਂ ਪਤਾ ਲੱਗਾ ਕਿ ਆਹ ਸਾਮ੍ਹਣੇ ਪਿੰਡ ਵੀ ਇਕ ਛੋਕਰਾ ਸਿੰਘ ਸੱਜ ਗਿਆ ਹੈ। ਉਸੇ ਵੇਲੇ ਉਸੇ ਨੂੰ ਫੜ ਮੰਗਵਾਉਣ ਦਾ ਹੁਕਮ ਪਾ ਕੇ ਕੁਝ ਸਵਾਰ ਉਸ ਪਿੰਡ ਵੱਲ ਗਏ। ਕੁਦਰਤ ਬੜੀ ਬੇਨਿਆਜ਼ ਹੈ। ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਤੇ ਡੋਲਾ ਅਜੇ ਘਰ ਨਹੀਂ ਸੀ ਪੁਜਾ ਕਿ ਇਹ ਮੌਤ ਦੇ ਗੁਮਾਸ਼ਤੇ ਆਣ ਅੱਪੜੇ। ਸਗਨ-ਵਿਹਾਰ ਨਾਲ ਤੇ ਪਾਣੀ ਵਾਰ ਕੇ ਜੋੜੀ ਨੂੰ ਘਰ ਲੰਘਾਉਣ ਦੇ ਚਾਵਾਂ ਮਲ੍ਹਾਰਾਂ ਵਿਚ ਘਰ ਵਾਲਿਆਂ ਤੇ ਰਿਸ਼ਤੇਦਾਰਾਂ ਨੂੰ ਮਾਂ ਲੈ ਕੇ ਬੂਹੇ ਵਿਚ ਹੀ ਖੜੀ ਸੀ ਕਿ ਮੁੰਡੇ ਨੂੰ ਜਮਦੂਤਾਂ ਨੇ ਨਪੜ ਲਿਆ ਤੇ ਘਰ ਵਾਲਿਆਂ ਦੀਆਂ ਖੁਸ਼ੀਆਂ ਤੇ ਚਾਅ ਸਭ ਸੋਗ ਵਿਚ ਬਦਲ ਗਏ। ਬਾਪ ਤਾਂ ਗਰੀਬ ਦਾ ਪਹਿਲਾਂ ਹੀ ਮਰ ਚੁਕਾ ਸੀ, ਜੋ ਇਸ ਔਖ ਦੀ ਘੜੀ ਵੇਲੇ ਸਹਾਇਤਾ ਕਰਦਾ। ਜਾਂਞੀਆਂ ਤੇ ਪਿੰਡ ਵਾਲਿਆਂ ਵਿਚੋਂ ਹੋਰ ਕਿਸੇ ਆਦਮੀ ਦਾ ਹੀਆ ਨਾ ਪਿਆ ਕਿ ਇਸ ਅਨਾਥ ਤੇ ਬੇਦੋਸ਼ੇ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਹ ਸੀ ਮੁਗ਼ਲਾਂ ਦੇ ਜ਼ੁਲਮੀ ਰਾਜ ਦੇ ਸਿਤਮ ਦਾ ਸਿਖਰ। ਵਿਧਵਾ ਮਾਂ ਨੂੰ ਧੀਰਜ ਤੇ ਚੈਨ ਕਿਵੇਂ ਆਵੇ।


www.AKJ.Org

ਉਹ ਆਪਣੀ ਸੱਜ-ਵਿਆਹੀ ਨੂੰਹ ਨੂੰ, ਜੋ ਡੋਲੇ ਵਿਚ ਹੀ ਵਿਧਵਾ ਹੋ ਗਈ ਸੀ, ਨਾਲ ਲੈ ਕੇ ਵਾਹੋ ਦਾਹੀ ਦਿੱਲੀ ਵੱਲ ਵਗ ਤੁਰੀ ਤੇ ਬਾਦਸ਼ਾਹ ਦੀ ਕਚਹਿਰੀ ਅੱਗੇ ਜਾ ਹਾਲ ਦੁਹਾਈ ਪਾਈ। ਜ਼ੁਲਮ ਜ਼ਬਰ ਦਾ ਰਾਜ! ਗਰੀਬਾਂ ਬੇਕਸਾਂ ਉਤੇ ਕਿਆਮਤ ਦਾ ਸਮਾਂ! ਸੱਚ ਬੋਲਿਆਂ ਖਲਾਸੀ ਹੋਣ ਦੀ ਕੋਈ ਆਸ ਨਹੀਂ ਸੀ। ਜੇ ਆਖ ਦੇਵੇ ਕਿ ਮੇਰੇ ਬੇਦੋਸ਼ੇ ਪੁੱਤਰ ਨੂੰ ਹੀ ਫੜ ਲਿਆ ਹੈ ਤਾਂ ਪੁੱਤਰ ਦੇ ਨਾਲ ਆਪਣੀ ਵੀ ਮੌਤ ਅਵੱਸ਼ ਹੈ। ਉਸ ਨੇ ਬਚਾਅ ਲਈ ਇਹ ਕਹਾਣੀ ਘੜੀ ਕਿ ਇਕ ਵਾਰ ਸਿੰਘਾਂ ਪਿੰਡ ਲੁਟਿਆ ਤੇ ਮੇਰਾ ਨਵਾਂ ਵਿਆਹਿਆ ਪੁੱਤਰ ਵੀ ਲੁਟ ਦੇ ਮਾਲ ਦੇ ਨਾਲ ਹੀ ਲੈ ਗਏ। ਉਸ ਦੀ ਵਿਆਹੀ ਆਈ ਵਹੁਟੀ ਦੇ ਹੱਥਾਂ ਪੈਰਾਂ ਦੀ ਮਹਿੰਦੀ ਅਜੇ ਉਸੇ ਤਰ੍ਹਾਂ ਹੈ, ਉਸ ਮਾਸੂਮ ਦਾ ਗਾਨਾ ਵੀ ਅਜੇ ਤੱਕ ਕਿਸੇ ਨਹੀਂ ਖੋਲ੍ਹਿਆ। ਦੁਹਾਈ ਹੈ ਬਾਦਸ਼ਾਹ ਸਲਾਮਤ।

ਕੂਕਦੀ ਬੁਢੜੀ ਦੇ ਹਾੜੇ ਵਿਰਲਾਪ ਤੇ ਬਿਰੜਿਆਂ ਨੇ ਬੇਰਹਿਮ ਤੇ ਪੱਥਰ-ਦਿਲ ਹਾਕਿਮਾਂ ਦੇ ਦਿਲਾਂ ਨੂੰ ਨਰਮ ਕਰ ਦਿੱਤਾ ਤੇ ਬਾਦਸ਼ਾਹ ਤੋਂ ਫ਼ੁਰਮਾਨ ਜਾਰੀ ਕਰਵਾ ਦਿੱਤਾ ਕਿ ਇਸ ਦੇ ਪੁੱਤਰ ਨੂੰ ਛੱਡ ਦਿੱਤਾ ਜਾਵੇ, ਕਿਉਂਕਿ ਉਸ ਦਾ ਸਿੰਘਾਂ ਨਾਲ ਕੋਈ ਸੰਬੰਧ ਨਹੀਂ ਹੈ। ਇਹ ਹੁਕਮ ਲੈ ਕੇ ਜਦ ਉਹ ਕੋਤਵਾਲ ਪਾਸ ਪੁਜੀ ਤਾਂ ਕੀ ਵੇਖਦੀ ਹੈ ਕਿ ਸਿੰਘਾਂ ਦੀ ਇਕ ਕਤਾਰ ਕੁਤਵਾਲੀ ਦੇ ਸਾਮ੍ਹਣੇ ਬੈਠੀ ਹੈ। ਇਕ ਇਕ ਸਿੰਘ ਨੂੰ ਸ਼ਾਹੀ ਅਮੀਰ ਮੁਸਲਮਾਨ ਧਰਮ ਗ੍ਰਹਿਣ ਕਰਨ ਲਈ ਉਪਦੇਸ਼ ਤੇ ਲਾਲਚ ਦੇਂਦੇ ਹਨ ਤੇ ਜਦ ਉਹ ਆਪਣਾ ਧਰਮ ਤਿਆਗਣੋਂ ਇਨਕਾਰ ਕਰ ਦੇਂਦਾ ਹੈ ਤਾਂ ਉਸ ਨੂੰ ਬਹੁਤ ਬੁਰੀ ਤਰ੍ਹਾਂ ਤਸੀਹੇ ਦੇ ਕੇ ਕੋਹ ਸੁਟਿਆ ਜਾਂਦਾ ਹੈ। ਬੁਢੜੀ ਨੇ ਡਿਠਾ ਕਿ ਉਸ ਵੇਲੇ ਉਸ ਦੇ ਪੁਤਰ ਦੀ ਹੀ ਵਾਰੀ ਸੀ ਤੇ ਲਹੂ-ਭਿਜੀ-ਤਲਵਾਰ ਸੂਤੀ ਜੱਲਾਦ ਤਿਆਰ ਖੜਾ ਸੀ ਕਿ ਇਸ਼ਾਰਾ ਪਾ ਕੇ ਆਪਣਾ ਕਸਾਈ ਵਾਲਾ ਕਾਰਜ ਆਰੰਭੇ। ਮਾਂ ਦੀਆਂ ਅੱਖਾਂ ਮੂਹਰੇ ਅਨ੍ਹੇਰ ਛਾ ਗਿਆ। ਉਸ ਨੇ ਉੱਚੀ ਉੱਚੀ ਦੁਹਾਈ ਪਾਈ ਅਤੇ ਬਾਦਸ਼ਾਹ ਦੇ ਹਜ਼ੂਰੋਂ ਆਏ ਅਫ਼ਸਰ ਨੇ ਮੁੰਡੇ ਨੂੰ ਛੱਡ ਦਿੱਤੇ ਜਾਣ ਦਾ ਹੁਕਮ ਕੋਤਵਾਲੇ ਨੂੰ ਵਿਖਾ ਕੇ ਕਹਿ ਦਿਤਾ ਕਿ ਇਸ ਨੂੰ ਛੱਡ ਦਿੱਤਾ ਜਾਏ। ਸ਼ਹੀਦ ਹੋਣ ਲਈ ਤਿਆਰ ਖੜੇ ਇਸ ਨੌਜਵਾਨ ਸਿੰਘ ਨੇ ਉੱਚੀ ਸਾਰੀ ਕਿਹਾ—"ਮੈਂ ਨਹੀਂ ਜਾਣਦਾ ਕਿ ਇਹ ਕਿਸ ਦੀ ਮਾਂ ਹੈ ਤੇ ਇਹ ਬਹੂ ਕਿਥੋਂ ਲਿਆਈ ਹੈ। ਇਹ ਕਿਸ ਕਿਸ ਦੀਆਂ ਗੱਲਾਂ ਕਰਦੇ ਹਨ। ਮੇਰੇ ਨਾਲ ਦੇ ਸਾਥੀ ਸਿੰਘ ਤਾਂ ਅੱਗੇ ਚਲੇ ਗਏ ਹਨ, ਪਰ ਮੇਰੇ ਜਾਣ ਦਾ ਸਮਾਂ ਮੈਥੋਂ ਖੁੰਝਦਾ ਜਾ ਰਿਹਾ ਹੈ। ਦੇਰੀ ਮੈਨੂੰ ਅਤੇ ਤੁਹਾਨੂੰ ਦੁਖ ਦੇਣ ਵਾਲੀ ਹੈ।" ਬੁਢੜੀ ਬੜਾ ਤੜਫੀ, ਬਹੁਤ ਰੋਈ, ਹਾਕਿਮਾਂ ਨੇ ਵੀ ਬਹੁਤ ਸਮਝਾਇਆ ਕਿ ਬਾਜ਼ ਆ ਜਾਵੇ, ਪਰ ਉਹ ਮੁੰਡਾ ਨਾ ਹੀ ਮੰਨਿਆ। ਅਤੇ ਅੰਤ ਨੂੰ ਇਹ ਸੱਚਾ ਪਰਵਾਨਾ ਸ਼ਹਾਦਤ ਦੀ ਸ਼ਮ੍ਹਾ ਤੇ ਕੁਰਬਾਨ ਹੋ ਗਿਆ ਤੇ ਆਪਣੇ ਸਾਥੀਆਂ ਨੂੰ ਜਾ ਮਿਲਿਆ।[3]

ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਕਤਲ ਕਰ ਕੇ ਖ਼ਤਮ ਕਰ ਦਿੱਤੇ ਗਏ।[4] ਸਾਰੇ ਆਪਣੇ ਧਰਮ ਤੇ ਸਾਬਤ-ਕਦਮ ਰਹੇ, ਕਿਸੇ ਨੇ ਵੀ ਜਾਨ ਬਚਾਉਣ ਬਦਲੇ ਮੁਸਲਮਾਨ ਹੋਣਾ ਪਰਵਾਨ ਨਾ ਕੀਤਾ। ਜਿਸ ਦਿਨ ਸਿੰਘਾਂ ਦਾ ਆਖ਼ਰੀ ਜਥਾ ਕਤਲ ਕੀਤਾ ਗਿਆ, ਉਸ ਦਿਨ ਫਗਣ ਦੀ ਸੰਗਰਾਂਦ (ਫਗਣ ਵਦੀ ਇਕ) ਸੀ। ਤਾਰੀਖ਼ ਮੁਹੰਮਦਸ਼ਾਹੀ ਦਾ ਕਰਤਾ ਲਿਖਦਾ ਹੈ ਕਿ ਸ਼ਹਿਰ ਦੇ ਬਜ਼ੁਰਗਾਂ ਦੀ ਜ਼ਬਾਨੀ ਸੀ ਕਿ ਇਸ ਤਰ੍ਹਾਂ ਇਨਸਾਨੀ ਖ਼ੂਨ ਡੁਲ੍ਹਦਾ ਪਹਿਲਾਂ ਕਦੀ ਨਹੀਂ ਸੀ ਵੇਖਿਆ ਗਿਆ। ਸਿੰਘਾਂ ਨੂੰ ਕਤਲ ਕਰ ਦੇਣ ਤੋਂ ਬਾਅਦ ਵੀ ਜਰਵਾਣੇ ਹਾਕਿਮਾਂ ਦਾ ਸੜਦਾ ਸੀਨਾ ਠੰਡਾ ਨਹੀਂ ਸੀ ਹੁੰਦਾ ਤੇ ਉਹ ਕਤਲ ਹੋਇਆਂ ਉਤੇ ਹੋਰ ਗੱਚ ਕੱਢਦੇ। ਸਭ ਸਿੰਘਾਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਸਿਰ ਸ਼ਹਿਰ ਵਿਚ ਥਾਂ ਥਾਂ ਰੁਖਾਂ ਨਾਲ ਲਟਕਾਏ ਗਏ। ਧੜਾਂ ਦੇ ਟੋਟੇ ਕਰ ਕੇ ਕਿਤੇ ਲੱਤ, ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਰੁਖ ਨਾਲ ਲਟਕਾ ਦਿੱਤਾ। ਕਈ ਥਾਈਂ ਜ਼ਮੀਨ ਵਿਚ ਵਾਂਸ ਤੇ ਨੇਜ਼ੇ ਸੇਲੇ ਗੱਡ ਕੇ ਉਨ੍ਹਾਂ ਉਤੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਸ਼ਹਿਰ ਵਿਚੋਂ ਕਿਸੇ ਨੂੰ ਜੁਰਅਤ ਨਾ ਪਈ ਕਿ ਅੱਗੇ ਹੋ ਕੇ ਹਾਕਿਮਾਂ ਤੱਕ ਰਸਾਈ ਕਰ ਕੇ ਆਗਿਆ ਲੈ ਕੇ ਇਨ੍ਹਾਂ ਦਾ ਦਾਹ ਸੰਸਕਾਰ ਕਰੇ। ਸੋ ਕਿਸੇ ਇਕ ਸਿੰਘ ਦਾ ਵੀ ਸੰਸਕਾਰ ਨਾ ਹੋ ਸਕਿਆ। ਸਾਰੀਆਂ ਲਾਸ਼ਾਂ ਤੇ ਉਨ੍ਹਾਂ ਦੇ ਕੀਤੇ


www.AKJ.Org

ਹੋਏ ਟੋਟੇ ਸ਼ਹਿਰ ਵਿਚ ਜਾਂ ਇਸ ਦੇ ਦੁਆਲੇ ਦੇ ਰੁਖਾਂ ਉਤੇ ਟੰਗੇ ਹੋਏ ਸਨ । ਚਾਰ ਕੁ ਹਜ਼ਾਰ ਸਿਰ ਤੇ ਇਸ ਤੋਂ ਦੂਣੀਆਂ ਤੀਣੀਆਂ ਲੱਤਾਂ ਬਾਹਵਾਂ ਤੇ ਧੜਾਂ ਦਾ ਰੁਖਾਂ ਨਾਲ ਲਟਕਣਾ, ਉਨ੍ਹਾਂ ਦੇ ਮਾਸ ਨੂੰ ਕਾਵਾਂ-ਇੱਲਾਂ ਤੇ ਗਿਰਝਾਂ ਨੇ ਨੋਚ ਨੋਚ ਕੇ ਖਾਣਾ, ਉਤੇ ਮੱਖੀਆਂ ਦਾ ਭਿਣਭਣਾਉਣਾ, ਅਤੇ ਨਾ ਬਰਦਾਸ਼ਤ ਹੋਣ ਵਾਲੀ ਬਦਬੂ ਦਾ ਸਾਰੇ ਸ਼ਹਿਰ ਵਿਚ ਫੈਲਣਾ ਕਿੰਨੇ ਭਿਆਨਕ ਨਜ਼ਾਰੇ ਸਨ। ਜਦ ਮਾਸ ਨੋਚ ਲਿਆ ਗਿਆ ਤਾਂ ਰੁਖਾਂ ਨਾਲ ਹੱਡੀਆਂ ਤੇ ਪਿੰਜਰ ਹੀ ਲਟਕਦੇ ਰਹੇ। ਉਨ੍ਹਾਂ ਨੂੰ ਕਿਸੇ ਨੇ ਨਹੀਂ ਉਤਾਰਿਆ, ਅੰਤ ਕੁਝ ਦਿਨ ਪਾ ਕੇ ਹੌਲੀ ਹੌਲੀ ਉਹ ਵੀ ਜ਼ਮੀਨ ਤੇ ਡਿੱਗ ਪਏ। ਕੈਦੀਆਂ ਨੂੰ ਬਗੈਰ ਕਿਸੇ ਪੁਛ ਪੜਤਾਲ ਜਾਂ ਅਦਾਲਤ ਦੇ ਹਵਾਲੇ ਕਰਕੇ ਉਨ੍ਹਾਂ ਦੇ ਜੁਰਮ ਨਿਤਾਰਨ ਤੋਂ ਬਿਨਾਂ, ਯੱਕ ਹੁਕਮ ਤਲਵਾਰ ਦੇ ਘਾਟ ਉਤਾਰ ਕੇ ਉਨ੍ਹਾਂ ਦੇ ਅੰਗਾਂ ਦੇ ਡੱਕਰੇ ਕਰ ਕੇ ਇਸ ਤਰ੍ਹਾਂ ਲੋਕਾਂ ਦੇ ਵੇਖਣ ਲਈ ਰੁਖਾਂ ਨਾਲ ਟੰਗਣਾ ਉਸ ਵੇਲੇ ਦੀ ਆਮ ਰਸਮ ਸੀ। ਇਹ ਇਸ ਲਈ ਕੀਤਾ ਜਾਂਦਾ ਸੀ ਕਿ ਵਿਦਰੋਹੀਆਂ ਦੀ ਕੀਤੀ ਮੰਦੀ ਹਾਲਤ ਨੂੰ ਵੇਖ ਕੇ ਲੋਕ ਭੈ-ਭੀਤ ਹੋ ਜਾਣ ਤੇ ਉਨ੍ਹਾਂ ਦੇ ਦਿਲਾਂ ਉਤੇ ਸਰਕਾਰੀ ਤਾਕਤ ਅਤੇ ਜ਼ੁਲਮ ਜਬਰ ਕਰਨ ਦੀ ਸਮਰੱਥਾ ਦਾ ਡਰ ਸਦਾ ਲਈ ਛਾਇਆ ਰਹੇ, ਕਿਸੇ ਨੂੰ ਬਗ਼ਾਵਤ ਕਰਨ ਦਾ ਹੌਸਲਾ ਹੀ ਨਾ ਪਵੇ। —ਚਲਦਾ]

## ਹਵਾਲੇ ਤੇ ਫੁਟ ਨੋਟ

੧. ਤਾਰੀਖ਼ ਖ਼ਾਫ਼ੀ ਖ਼ਾਨ—"ਮੁਤਖ਼ਿਬੁਲ-ਲੁਬਾਬ" ਤਾਰੀਖ਼ ਮੁਹੰਮਦ ਸ਼ਾਹੀ ਅਤੇ ਕੰਪਨੀ ਦੇ ਸਫੀਰਾਂ ਦੇ ਖ਼ਤ।

੨. ਖ਼ਾਫ਼ੀ ਖ਼ਾਨ—"ਮਾਦਰਮ ਦਰੋਗ਼ ਮੀ ਗੋਇਦ। ਮਨ ਬਦਿਲ ਜਾਨ ਅਜ਼ ਮੁਅਤਕਦਾਨ ਵ ਫ਼ਿਦਵੀਆਨ ਜਾਨ ਨਸਾਰ ਮੁਰਸ਼ਦ ਖ਼ੁਦਮ। ਮੁਰਾ ਜ਼ੂਦ ਬਹਿ ਰਫ਼ੀਕਾਨ-ਏ-ਮਨ ਰਸਾਨੀਦ।" ਉਲਥਾ: ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਮਨੋਂ ਤਨੋਂ ਆਪਣੇ ਗੁਰੂ ਤੋਂ ਨਛਾਵਰ ਹਾਂ, ਘੋਲੀ ਹਾਂ, ਮੈਨੂੰ ਜਲਦੀ ਮੇਰੇ ਸਾਥੀਆਂ (ਗੁਰ ਭਾਈਆਂ) ਪਾਸ ਪਹੁੰਚਾਓ।

੩. ਤਾਰੀਖ਼ ਮੁਹੰਮਦਸ਼ਾਹੀ—"ਮਨ ਨਮੇ ਦਾਨਮ ਕਿ ਈਂ ਮਾਦਰ ਕੀਸਤ ਵ ਈਂ ਅਰੂਸ ਅਜ਼ ਕੁਜਾ ਆਵੁਰਦਾ ਅਸਤ, ਵ ਈਂ ਚਗੂਨਾ ਸੁਖਨਹਾਏ ਮੀ ਗੋਇਦ ਰਫ਼ੀਕਾਨ-ਏ-ਮਨ ਗੁਜ਼ਸ਼ਤੰਦ ਵ ਇਕਨੂੰ ਵਕਤਾ-ਏ-ਮਾ ਅਜ਼ ਦਸਤ ਮੀ ਰਵਦ, ਵ ਈਂ ਮੁਹਲਤ ਬਾਇਸ-ਏ-ਆਜ਼ਾਰ-ਏ-ਮਾ ਅਸਤ।" ਉਲਥਾ—ਮੈਂ ਨਹੀਂ ਜਾਣਦਾ ਇਹ ਕਿਸ ਦੀ ਮਾਂ ਹੈ ਤੇ ਇਹ ਵਹੁਟੀ ਕਿਥੋਂ ਲਿਆਈ ਹੈ। ਇਹ ਕਿਸ ਕਿਸਮ ਦੀਆਂ ਗੱਲਾਂ ਕਰਦੇ ਹਨ। ਮੇਰੇ ਨਾਲ ਦੇ ਸਾਥੀ ਸਿੰਘ ਤਾਂ ਅੱਗੇ ਚਲੇ ਗਏ ਹਨ, ਪਰ ਮੇਰੇ ਜਾਣ ਦਾ ਸਮਾਂ ਮੇਰੇ ਹੱਥੋਂ ਖੁੰਝਦਾ ਜਾ ਰਿਹਾ ਹੈ। ਦੇਰੀ ਮੇਰੇ ਤੇ ਤੁਹਾਡੇ ਲਈ ਬਹੁਤ ਦੁਖਦਾਇਕ ਹੈ।

੪. ਜਦ ਬੰਦਾ ਸਿੰਘ ਤੇ ਉਸ ਦੇ ਸਾਥੀ ਕੈਦ ਕਰ ਕੇ ਦਿੱਲੀ ਲਿਆਂਦੇ ਗਏ ਤਾਂ ਸਾਰਿਆਂ ਨੂੰ ਕਤਲ ਕੀਤੇ ਜਾਣ ਦਾ ਹੁਕਮ ਹੋ ਗਿਆ। ਧਰਮ ਗੁਆ ਕੇ ਕੋਈ ਵੀ ਜਾਨ ਬਚਾਉਣ ਲਈ ਤਿਆਰ ਨਾ ਹੋਇਆ। ਸਾਰੇ ਹੀ ਕਤਲ ਕੀਤੇ ਗਏ। ਬਾਬਾ ਸਰੂਪ ਦਾਸ 'ਭੱਲ' ਨੇ "ਮਹਿਮਾ ਪ੍ਰਕਾਸ਼" ਵਿਚ ਇਹ ਸਾਖੀ ਇਸ ਤਰ੍ਹਾਂ ਵਰਨਣ ਕੀਤੀ ਹੈ ਕਿ ਉਨ੍ਹੀਂ ਦਿਨੀਂ ਮਾਤਾ ਸੁੰਦਰੀ ਜੀ, ਕਲਗੀਧਰ ਜੀ ਦੇ ਮਹਿਲ ਦਿੱਲੀ ਰਹਿੰਦੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਕੈਦੀਆਂ ਵਿਚ ਇਕ ਭਲੇ ਸਾਹਿਬਜ਼ਾਦੇ ਬਾਬਾ ਕਾਹਨ ਸਿੰਘ (ਬਾਬਾ ਬਿਨੋਦ ਸਿੰਘ ਜੀ ਦੇ ਪੁੱਤਰ) ਵੀ ਹਨ ਤਾਂ ਉਨ੍ਹਾਂ ਸ਼ਹਿਰ ਦੇ ਸਿੱਖਾਂ ਨੂੰ ਬੁਲਾ ਕੇ ਕਿਹਾ ਕਿ ਜਿਵੇਂ ਵੀ ਹੋ ਸਕੇ, ਕਾਹਨ ਸਿੰਘ ਨੂੰ ਬਚਾਇਆ ਜਾਵੇ। ਸਿੱਖਾਂ ਨੇ ਕਿਸ ਢੰਗ ਨਾਲ ਰਸਾਈ ਪੈਦਾ ਕਰਕੇ ਕੋਤਵਾਲ ਤੇ ਪਹਿਰੇਦਾਰਾਂ ਨੂੰ ਬੜੀ ਭਾਰੀ ਰਿਸ਼ਵਤ ਦੇ ਕੇ ਤੇ ਬਾਬਾ ਜੀ ਦੇ ਥਾਂ ਇਕ ਹੋਰ ਸਿੰਘ ਨੂੰ ਬਿਠਾ ਕੇ ਆਪ ਨੂੰ ਕੈਦੋਂ ਬਾਹਰ ਲੈ ਆਂਦਾ ਅਤੇ ਬੜੇ ਮਾਣ ਸਤਿਕਾਰ ਸਹਿਤ ਪੰਜਾਬ ਵਲ ਤੋਰ ਦਿੱਤਾ। ਇੰਜ ਸਿੰਘਾਂ ਨੇ ਮਾਤਾ ਜੀ ਦੇ ਹੁਕਮ ਨੂੰ ਸਿਰੇ ਚਾੜ੍ਹਿਆ।

ਨੋਟ: ਮਾਤਾ ਜੀ ਦਾ ਹੁਕਮ ਮੰਨ ਕੇ ਜੋ ਸਿੱਖ ਬਾਬਾ ਜੀ ਨੂੰ ਬਚਾਉਣ ਲਈ ਆਪ ਕਤਲ ਹੋਣ ਲਈ

ਅੰਦਰ ਚਲਾ ਗਿਆ, ਲਿਖਾਰੀ ਨੇ ਉਸ ਦਾ ਨਾਉਂ ਨਹੀਂ ਦਿੱਤਾ। ਸੰਭਵ ਹੈ ਕਿ ਇਸ ਭੇਤ ਨੂੰ ਜਾਣ ਬੁਝ ਕੇ ਗੁਪਤ ਰੱਖਿਆ ਗਿਆ ਹੋਵੇ, ਤਾਂਕਿ ਪਤਾ ਲੱਗ ਜਾਣ ਤੇ ਜਾਬਰ ਸਰਕਾਰ ਉਸ ਦੇ ਵਾਲੀ-ਵਾਰਸਾਂ ਨੂੰ ਪਿਛੋਂ ਵਿਚ ਧਰ ਨਾ ਲਵੇ। ਮੁਮਕਿਨ ਹੈ ਕਿ ਇਸ ਭੇਤ ਨੂੰ ਬਣਾਈ ਰੱਖਣ ਲਈ ਸਰਬਰਾਹ ਖ਼ਾਨ ਕੋਤਵਾਲ ਨੇ ਇਹ ਸ਼ਰਤ ਲਾਈ ਹੋਵੇ। ਪਰ ਸਭ ਤੋਂ ਵਧ ਵੇਖਣ ਵਾਲੀ ਗੱਲ ਹੈ ਉਸ ਧਰਮੀ ਸੂਰਬੀਰ ਦਾ ਸਿੱਖੀ ਜਜ਼ਬਾ ਤੇ ਆਪਣੇ ਭਰਾਵਾਂ ਦੇ ਕੰਮ ਆ ਕੇ ਮਾਤਾ ਜੀ ਦੇ ਕੀਤੇ ਬਚਨ ਦੀ ਪਾਲਣਾ ਕਰਨ ਦੀ ਸਪਿਰਿਟ। ਸ਼ਾਇਦ ਹੀ ਕਿਧਰੇ ਇਹੋ ਜਿਹੀ ਮਿਸਾਲ ਮਿਲਦੀ ਹੋਵੇ। ਬਗ਼ੈਰ ਕਿਸੇ ਲਾਲਚ ਜਾਂ ਡਰ ਖ਼ੌਫ਼ ਦੇ ਆਪਣੀ ਜਾਨ ਲੇਖੇ ਲਾ ਕੇ ਦੂਜੇ ਨੂੰ ਬਚਾਅ ਲੈਣਾ ਵਿਰਲੇ ਸੂਰਮਿਆਂ ਦਾ ਕੰਮ ਹੈ। ਇਹ ਸਭ ਤੋਂ ਵੱਡੀ ਹੈਰਤ ਤੇ ਅਥਾਹ ਅਫ਼ਸੋਸ ਵਾਲੀ ਗੱਲ ਹੈ ਕਿ ਇਸ ਅਨਮੋਲ ਸੂਰਮੇ ਦਾ ਨਾਉਂ ਆਪਣੇ ਗੌਰਵ-ਮਈ ਇਤਿਹਾਸ ਦੇ ਖ਼ਜ਼ਾਨੇ ਵਿਚ ਸਾਂਭ ਨਹੀਂ ਸਕੇ। ਕਾਸ਼! ਅਸੀਂ ਇਸ ਧਰਮਬੀਰ ਦਾ ਨਾਉਂ ਤੇ ਉਸ ਦਾ ਪਿਛੋਕੜ ਜਾਣ ਸਕਦੇ! ਇਹ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ।

---

## 'ਸੂਰਾ' ਦੇ ਚੰਦੇ

ਪਰਦੇਸ ਦੇ ਵੀ ਡਾਕ ਖ਼ਰਚ ਨਵੰਬਰ 91 ਤੋਂ ਵਧ ਕੇ ਲਗ ਪਗ ਦੂਣੇ ਹੋ ਗਏ ਹਨ ਅਤੇ ਭਾਰਤ ਵਿਚ ਵੀ ਮਹਿੰਗਾਈ ਵਧਦੀ ਤੁਰੀ ਜਾ ਰਹੀ ਹੈ। ਹੁਣ ਤੋਂ 'ਸੂਰਾ' ਦੇ ਕੁਝ ਸਫ਼ੇ ਵੀ ਵਧਾਏ ਜਾ ਰਹੇ ਹਨ। ਹੁਣ ਚੰਦੇ ਹੇਠ ਲਿਖੇ ਅਨੁਸਾਰ ਹਨ—

| | | | | | |
|---|---|---|---|---|---|
| ਦੇਸ | ਸਾਲਾਨਾ ਚੰਦਾ | 30-00 | ਦੇਸ ਅਮਾਨਤੀ ਲਾਈਫ਼ ਮੈਂਬਰ | | 250-00 |
| ਪਰਦੇਸ | ,, ,, (ਸਮੁੰਦਰੀ ਡਾਕ) | 80-00 | ਪਰਦੇਸ ਚੰਦਾ | ਹਵਾਈ ਡਾਕ | 250-00 |
| ਪਰਦੇਸ ਅਮਾਨਤੀ ਲਾਈਫ ਮੈਂਬਰ | ,, | 800-00 | ਪਰਦਸ ਅਮਾਨਤੀ ਮੈਂਬਰ | ,, | 2000-00 |

## ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ **ਐਡਰੈਸ ਤੋਂ ਪਹਿਲਾਂ** ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ।

੫. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/- ਰੁਪਏ ਅਤੇ ਵਡੀਆਂ ਰਕਮਾਂ ਲਈ 20/- ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੫੦ |
| ਕੇਸਕੀ (ਦਸਤਾਰ) | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੨-੦੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧-੦੦ |
| Dawn of Divine wisdom | 0-75 | ਸ਼ਬਦ ਗੁਰੂ— ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ— ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖ਼ਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖ਼ਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੨-੦੦ |

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਦੇ 'ਕਬਿਤ ਸਵੱਯੇ' ਗੁਰਮਤਿ ਸਿਧਾਂਤਾਂ ਨੂੰ ਨਿਖਾਰਨ ਲਈ ਅਤਿ ਉਤਮ ਰਚਨਾ ਹੈ। ਇਨ੍ਹਾਂ ਵਿਚ ਗੁਰਮਤਿ ਦੇ ਬੜੇ ਗੂੜ੍ਹ ਨੁਕਤੇ ਸੁਜੋਗਤਾ ਨਾਲ ਉਜਾਗਰ ਕੀਤੇ ਹੋਏ ਹਨ । ਇਹ ਬਾਣੀ ਪ੍ਰਾਕ੍ਰਿਤ ਪੰਜਾਬੀ ਵਿਚ ਅਤਿ ਰਹੱਸਮਈ ਰੰਗ ਵਿਚ ਲਿਖੀ ਹੋਈ ਹੈ। ਇਸ ਨਾਲ ਸਾਂਝ ਪਾਉਣ ਲਈ ਅਸੀਂ ਹਰ ਮਹੀਨੇ ਕੁਝ ਕਬਿਤ ਅਰਥਾਂ ਸਮੇਤ ਪੇਸ਼ ਕਰ ਰਹੇ ਹਾਂ। ਆਸ ਕਰਤੇ ਹਾਂ ਕਿ ਗੁਰਬਾਣੀ ਦੀ ਸੂਝ ਬੂਝ ਰਖਣ ਵਾਲੇ ਸੁਘੜ ਪਾਠਕ ਸਾਨੂੰ ਗਲਤੀਆਂ ਤੋਂ ਖ਼ਬਰਦਾਰ ਕਰਦੇ ਰਹਿਣਗੇ। —ਸੰਪਾਦਕ

### ਕਬਿਤ [ਅਰੰਭ]

ਦਰਸਨੁ ਦਖਤ ਹੀ ਸੁਧਿ ਕੀ ਨ ਸੁਧਿ ਰਹੀ,
ਬੁਧਿ ਕੀ ਨ ਬੁਧਿ ਰਹੀ, ਮਤਿ ਮੈਂ ਨ ਮਤਿ ਹੈ॥
ਸੁਰਤਿ ਮੈਂ ਨ ਸੁਰਤਿ ਅਉ, ਧਯਾਨ ਮੈਂ ਨ ਧਯਾਨੁ ਰਹਯੋ,
ਗਯਾਨ ਮੈਂ ਨ ਗਯਾਨੁ ਰਹਯੋ, ਗਤਿ ਮੈ ਨ ਗਤਿ ਹੈ॥
ਧੀਰਜ ਕੋ ਧੀਰਜ, ਗਰਬ ਕੋ ਗਰਬੁ ਗਯੋ,
ਰਤਿ ਮੈਂ ਨ ਰਤਿ ਰਹੀ, ਪਤਿ ਰਤਿ ਪਤਿ ਹੈ॥
ਅਦਭੁਤੁ ਪਰਮਦਭੁਤੁ, ਬਿਸਮੈ ਬਿਸਮੁ,
ਅਸਚਰਜੈ ਅਸਚਰਜੁ, ਅਤਿ ਅਤਿ ਹੈ॥੧॥੯॥

**ਪਦ ਅਰਥ** :–ਸੁਧਿ ਚੇਤਨ ਸ਼ਕਤੀ। ਬੁਧਿ–ਬੁਝਣ ਸ਼ਕਤੀ। ਮਤਿ–ਅਕਲ-ਸ਼ਕਤੀ। ਸੁਰਤਿ–ਸੋਝੀ ਦੀ ਸ਼ਕਤੀ। ਧਯਾਨ–ਖ਼ਿਆਲ-ਸਕਤੀ। ਗਯਾਨ–ਜਾਨਣ ਦਾ ਬਲ । ਗਤਿ–ਦਸ਼ਾ, ਮਰਯਾਦਾ, ਜੁਗਤਿ। ਗਰਬ–ਹੰਕਾਰ। ਰਤਿ–ਪ੍ਰੀਤੀ। ਪਤਿ–ਮਾਣ, ਪ੍ਰਤਿਸ਼ਟਾ । ਅਦਭੁਤ–ਅਸਚਰਜ । ਪਰਮਦਭੁਤ–ਬਹੁਤ ਹੀ ਅਸਚਰਜ। ਬਿਸਮੈ–ਹੈਰਾਨੀ ਦੇਣ ਵਾਲਾ, ਅਸਚਰਜ। ਅਸਚਰਜ–ਅਚੰਭਾ। ਅਤਿ–ਓੜਕ।

**ਅਰਥ** :–(ਸਤਿਗੁਰੂ ਦੇ) ਦਰਸ਼ਨ ਪਰਸਦਿਆਂ ਹੀ ਚੇਤਨ-ਸ਼ਕਤੀ ਵਿਚੋਂ ਚੇਤਨਾ ਜਾਂਦੀ ਰਹੀ, ਬੁਝਣ-ਸ਼ਕਤੀ ਦੀ ਸੂਝ ਬੂਝ ਜਾਂਦੀ ਰਹੀ ਅਤੇ ਅਕਲ-ਸ਼ਕਤੀ ਵਿਚੋਂ ਅਕਲ ਜਾਂਦੀ ਰਹੀ (ਭਾਵ, ਸਤਿਗੁਰੂ ਦੇ ਦਰਸ਼ਨ ਕੀਤਿਆਂ ਸੁਧ, ਬੁਧ ਤੇ ਅਕਲ ਦਾ ਬਿਨਾਸ ਹੋ ਕੇ ਆਪਣਾ ਆਪ ਭੁਲ ਗਿਆ)।

ਸੋਝੀ-ਸ਼ਕਤੀ ਵਿਚ ਸੂਝ ਨਾ ਰਹੀ, ਕਿਸੇ ਹੋਰ ਪਾਸੇ ਦਾ ਖ਼ਿਆਲ ਕਰਨਾ ਭੁਲ ਗਿਆ । ਕੁਝ ਹੋਰ ਜਾਨਣ ਦਾ ਵਿਚਾਰ ਰਹਿ ਗਿਆ ਅਤੇ ਕਿਸੇ ਨਿਜ-ਜੁਗਤੀ ਵਿਚ ਵਿਚਰਨਾ ਭੁਲ ਗਿਆ।

ਧੀਰਜ ਵਿਚੋਂ ਧੀਰਜ ਜਾਂਦੀ ਰਹੀ, ਹੰਕਾਰ ਦਾ ਹੰਕਾਰ ਟੁਟ ਗਿਆ। ਮਾਇਕ ਪ੍ਰੀਤੀ ਦੀ ਪ੍ਰੀਤ ਮੁਕ ਗਈ। ਮਾਨ ਪ੍ਰਤਿਸ਼ਟਾ ਅਤੇ ਹੋਰ ਪ੍ਰੀਤੀ ਲਤ-ਪਤ ਹੋ ਗਈ।

(ਸਤਿਗੁਰੂ ਦਾ ਦਰਸ਼ਨ) ਅਸਚਰਜ, ਅਤਿ ਅਸਚਰਜ, ਵਿਸਮਾਦ ਕਰ ਦੇਣ ਵਾਲਾ, ਅਚੰਭੇ ਤੋਂ ਅਚੰਭਾ ਕਰ ਦੇਣ ਵਾਲਾ ਹੈ। ਇਸ ਹੈਰਾਨੀ ਅਸਚਰਜਤਾ ਦਾ ਓੜਕ ਕੋਈ ਨਹੀਂ ਹੈ।੧੯।

ਦਸਮ ਸਥਾਨ ਕੇ ਸਮਾਨ ਕਉਨੁ ਭਉਨੁ ਕਹੋ,
ਗੁਰਮੁਖਿ ਪਾਵੈ ਸੁ ਤਤੈ, ਅਨਤ ਨ ਪਾਵਈ॥
ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,
ਦਯਾ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ॥
ਅਨਹਦ ਨਾਦ ਸਮਸਰਿ ਨਾਦ ਬਾਦੁ ਕਉਨੁ,
ਸ੍ਰੀ ਗੁਰੂ ਸੁਨਾਵੈ ਜਾਂਹਿ, ਸੋਈ ਲਿਵ ਲਾਵਈ॥



www.AKJ.Org

ਨਿਝਰ ਅਪਾਰ ਧਾਰ ਤੁਲ ਨ ਅੰਮ੍ਰਿਤ ਰਸੁ.
ਅਪਿਉ ਪੀਆਵੈ ਜਾਂਹਿ, ਤਾਹੀ ਮੈ ਸਮਾਵਈ ॥੨॥੧੦॥

**ਪਦ ਅਰਥ** :—ਦਸਮ ਸਥਾਨ—ਦਸਮ ਦੁਆਰ । ਸਮਾਨ—ਬਰਾਬਰ । ਭਤ੍ਰੇਨੁ—ਟਿਕਾਣਾ, ਘਰ । ਗੁਰਮੁਖਿ—ਸਤਿਗੁਰੂ ਦੀ ਰਾਹੀਂ । ਅਨਤ—ਹੋਰ ਕੋਈ । ਉਨਮਨੀ ਜੋਤਿ—ਉਚੀ ਆਤਮਕ ਅਵਸਥਾ । ਪਟੰਤਰ—ਸਮਾਨ, ਬਰਾਬਰ । ਦਯਾ ਕੈ—ਮਿਹਰ ਕਰ ਕੇ । ਜਾਹੀ—ਜਿਸ ਨੂੰ । ਤਾਹੀ—ਤਿਸੇ ਨੂੰ । ਬਨਿ ਆਵਈ—ਸ਼ੋਭਦੀ ਹੈ । ਨਾਦ—ਸ਼ਬਦ । ਸਮਸਰਿ—ਬਰਾਬਰ । ਨਾਦ ਬਾਦ—ਵਾਜੇ ਦੀ ਅਵਾਜ਼ । ਨਿਝਰ—ਇਕ-ਰਸ । ਅਪਾਰ—ਅਤੁਟ । ਤੁਲ—ਸਮਾਨ । ਅਪਿਉ—ਅੰਮ੍ਰਿਤ ।

**ਅਰਥ** :—ਦਸਮ ਦੁਆਰ ਵਰਗਾ ਹੋਰ ਕਿਹੜਾ ਟਿਕਾਣਾ ਦਸੀਏ ? ਸਤਿਗੁਰੂ ਦੀ ਰਾਹੀਂ ਜੋ ਕੋਈ ਪਾਉਂਦਾ ਹੈ, ਓਹੀ (ਉਸ ਅਸਥਾਨ ਨੂੰ) ਪਾ ਸਕਦਾ ਹੈ, ਹੋਰ ਕੋਈ ਨਹੀਂ ਪਾ ਸਕਦਾ ।

ਉਚੀ ਆਤਮਕ ਅਵਸਥਾ ਦੇ ਬਰਾਬਰ ਹੋਰ ਕਿਹੜੀ ਜੋਤਿ ਦਸੀ ਜਾਏ ? (ਸਤਿਗੁਰੂ) ਮਿਹਰ ਕਰ ਕੇ ਜਿਸ ਨੂੰ ਇਸ ਜੋਤੀ ਦੇ ਦਰਸ਼ਨ ਕਰਾਉਂਦਾ ਹੈ, ਉਸੇ ਨੂੰ ਹੀ ਸ਼ੋਭਦੀ ਹੈ ।

ਅਨਹਦ ਸ਼ਬਦ ਦੇ ਸਮਾਨ ਹੋਰ ਕਿਹੜੇ ਵਾਜੇ ਦੀ ਅਵਾਜ਼ ਹੋ ਸਕਦੀ ਹੈ ? ਸਤਿਗੁਰੂ ਜਿਸ ਨੂੰ (ਇਹ ਸ਼ਬਦ) ਸੁਣਾਉਂਦਾ ਹੈ, ਓਹੀ ਇਸ ਵਿਚ ਲਿਵ ਲਾਉਂਦਾ ਹੈ ।

(ਦਸਮ ਦੁਆਰ ਵਿਚ ਲਿਵ ਲਾਉਣ ਸਦਕਾ ਉਥੋਂ ਝਰਨ ਵਾਲੀ) ਇਕ-ਰਸ ਤੇ ਅਤੁਟ ਅੰਮ੍ਰਿਤ-ਧਾਰਾ ਦੇ ਤੁਲ ਹੋਰ ਕੋਈ ਅਮਰ ਕਰ ਦੇਣ ਵਾਲਾ ਰਸ ਨਹੀਂ ਹੈ । (ਸਤਿਗੁਰੂ) ਜਿਸ ਨੂੰ ਇਹ ਅੰਮ੍ਰਿਤ ਰਸ ਪਿਆਉਂਦਾ ਹੈ, ਉਸੇ ਵਿਚ ਇਹ ਰਸ ਟਿਕਦਾ ਹੈ ।੨।੧੦।

ਗੁਰਸਿਖ ਸੰਧਿ ਮਿਲੇ, ਬੀਸੁ ਇਕੁ ਈਸੁ ਈਸੁ,
ਇਤ ਤੇ ਉਲੰਘਿ, ਉਤ ਜਾਇ ਠਹਿਰਾਵਈ ॥
ਚਰਮ-ਦ੍ਰਿਸਟਿ ਮੂੰਦਿ, ਪੇਖੈ ਦਿਬ-ਦ੍ਰਿਸਟਿ ਕੈ,
ਜਗਮਗ ਜੋਤਿ ਉਨਮਨੀ ਸੁਧਿ ਪਾਵਈ ॥
ਸੁਰਤਿ ਸੰਕੋਚਤ ਹੀ, ਬਜਰ ਕਪਾਟ ਖੋਲ੍ਹਿ,
ਨਾਦ ਬਾਦ ਪਰੈ. ਅਨਹਤਿ ਲਿਵ ਲਾਵਈ ॥
ਬਚਨ ਬਿਸਰਜਿਤ ਅਨ ਰਸ ਰਹਿਤ ਹ੍ਵੈ,
ਨਿਝਰ ਅਪਾਰ ਧਾਰ ਅਪਿਉ ਪੀਆਵਈ ॥੩॥੧੧॥

**ਪਦ ਅਰਥ** :—ਸੰਧਿ—ਸੰਧੀ, ਮਿਲਾਪ । ਬੀਸੁ—ਵੀਹ, ਸੰਸਾਰ । ਇਕੁ ਇਕੁ ਈਸੁ—ਇਕੋ ਈਸ਼ਵਰ ਹੀ ਈਸ਼ਵਰ । ਉਲੰਘਿ—ਲੰਘਣਾ, ਅਗੇ ਵਧਣਾ । ਠਹਿਰਾਵਈ—ਟਿਕੀਦਾ ਹੈ । ਚਰਮ ਦ੍ਰਿਸਟਿ—ਚੰਮ-ਦ੍ਰਿਸ਼ਟੀ, ਮਾਇਕ ਦ੍ਰਿਸ਼ਟੀ । ਮੂੰਦਿ—ਮੀਟ ਕੇ, ਬੰਦ ਕਰ ਕੇ । ਦਿਬ ਦ੍ਰਿਸਟਿ—ਗਿਆਨ ਦ੍ਰਿਸ਼ਟੀ, ਹਰ ਪਾਸੇ ਪ੍ਰਭੂ ਦੇ ਦਰਸ਼ਨ ਕਰਨ ਵਾਲੀ ਦ੍ਰਿਸ਼ਟੀ । ਉਨਮਨੀ ਜਗਮਗ ਜੋਤਿ—ਵਾਹਿਗੁਰੂ ਦੀ ਬਖਸ਼ੀ ਉਚੀ ਜਗਮਗਾਂਦੀ ਜੋਤੀ । ਸੁਧਿ—ਸੋਝੀ । ਸੰਕੋਚਤ ਹੀ—ਰੋਕਦਿਆਂ ਹੀ । ਬਜਰ ਕਪਾਟ—ਪੱਥਰ ਵਰਗੇ ਤਖ਼ਤੇ, ਭਾਵ ਅਗਿਆਨਤਾ ਦੇ ਪਰਦੇ । ਨਾਦ ਬਾਦ—ਦੁਨਿਆਵੀ ਵਾਜਿਆਂ ਦੀ ਅਵਾਜ਼ ਤੋਂ ਪਰੇ । ਅਨਹਤਿ—ਅਨਹਦ ਸ਼ਬਦ ਵਿਚ । ਬਚਨ ਬਿਸਰਜਿਤ—ਹੋਰ ਗੱਲਾਂ ਨੂੰ ਤਿਆਗਣ ਨਾਲ । ਆਨ ਰਸ—ਹੋਰ ਰਸ । ਨਿਝਰ ਅਪਾਰ ਧਾਰ ਅਪਿਉ—ਇਕ ਰਸ ਅਤੁਟ ਅੰਮ੍ਰਿਤ-ਧਾਰਾ ।

**ਅਰਥ** :—ਸਿਖ ਗੁਰੂ ਦੇ ਮਿਲਾਪ ਵਿਚ ਮਿਲ ਕੇ, ਸੰਸਾਰ ਤੋਂ ਨਿਰਮੋਹ ਹੋ ਕੇ, ਇਕ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ ਅਤੇ ਇਥੋਂ (ਇਸ ਸੰਸਾਰ ਤੋਂ) ਪਾਰ ਹੋ ਕੇ, ਉਥੇ (ਵਾਹਿਗੁਰੂ ਦੇ ਮੰਡਲ ਵਿਚ) ਜਾ ਟਿਕਦਾ ਹੈ ।

ਉਹ ਮਾਇਕ ਚੰਮ-ਦ੍ਰਿਸ਼ਟੀ ਵਲੋਂ ਅੱਖਾਂ ਮੀਟ ਕੇ, ਹਰ ਪਾਸੇ ਪ੍ਰਭੂ ਦਾ ਦੀਦਾਰ ਕਰਨ ਵਾਲੀ ਬਿਬੇਕ-



www.AKJ.Org

ਦ੍ਰਿਸ਼ਟੀ ਵਿਚ ਵਿਚਰਦਾ ਹੈ (ਅਤੇ ਇਉਂ ਉਸ ਨੂੰ ਵਾਹਿਗੁਰੂ ਦੀ ਬਖਸ਼ੀ) ਉਚੀ ਜਗਮਗਾਂਦੀ ਜੋਤੀ ਦੀ ਸੋਝੀ ਹੋ ਆਉਂਦੀ ਹੈ।

ਸੁਰਤ ਨੂੰ ਮਾਇਕ ਪਦਾਰਥਾਂ ਵਲੋਂ ਰੋਕਦਿਆਂ ਹੀ ਉਸ ਮਨੁਖ ਦੇ ਅਗਿਆਨਤਾ ਰੂਪੀ ਬਜਰ ਕਿਵਾੜ ਖੁਲ੍ਹ ਕੇ, ਦੁਨਿਆਵੀ ਰਾਗ-ਰੰਗਾਂ ਦੀ ਅਵਾਜ਼ ਤੋਂ ਪਰੇ ਅਨਹਦ ਸ਼ਬਦ ਦੀ ਧੁਨੀ ਵਿਚ ਉਸ ਦੀ ਲਿਵ ਲਗ ਜਾਂਦੀ ਹੈ।

ਦੁਨਿਆਵੀ ਗੱਲਾਂ ਨੂੰ ਤਿਆਗਣ ਨਾਲ ਅਤੇ ਹੋਰ ਰਸਾਂ-ਕਸਾਂ ਤੋਂ ਰਹਿਤ ਹੋ ਕੇ, ਉਹ ਇਕ-ਰਸ ਅਤੁਟ ਝਰ ਰਹੀ ਅੰਮ੍ਰਿਤ-ਧਾਰਾ ਦੇ ਰਸ ਨੂੰ ਪੀਂਦਾ ਹੈ।੩।੧੧।

ਜਉ ਲਉ ਅਨ-ਰਸ ਬਸਿ, ਤਉ ਲਉ ਨਹੀ ਪ੍ਰੇਮ ਰਸੁ,
ਜਉ ਲਉ ਆਨ ਧਯਾਨੁ, ਆਪਿ ਆਪੁ ਨਹੀ ਦੇਖੀਐ ॥
ਜਉ ਲਉ ਆਨ ਗਿਆਨ, ਤਉ ਲਉ ਨ ਅਧਜਾਤਮ ਗਿਆਨੁ,
ਜਉ ਲਉ ਨਾਦ ਬਾਦ, ਨ ਅਨਾਹਦ ਬਿਸੇਖੀਐ ॥
ਜਉ ਲਉ ਅਹੰ ਬੁਧਿ, ਸੁਧਿ ਹੋਇ ਨ ਅੰਤਰਗਤਿ,
ਜਉ ਲਉ ਨ ਲਖਾਵੈ, ਤਉ ਲਉ ਅਲਖ ਨ ਲੇਖੀਐ ॥
ਸਤਿ ਰੂਪ ਸਤਿ ਨਾਮੁ, ਸਤਿ ਗੁਰ ਗਿਆਨ ਧਿਆਨੁ,
ਏਕੁ ਹੀ ਅਨੇਕ ਮੇਕੁ, ਏਕੁ ਏਕੁ ਭੇਖੀਐ ॥੪॥੧੨॥

**ਪਦ ਅਰਥ** :—ਲਉ ਜਉ—ਜਦ ਤਕ। ਆਨ ਰਸ—ਹੋਰ ਹੋਰ ਸੰਸਾਰਕ ਸਵਾਦ। ਬਸਿ—ਵਸ ਵਿਚ। ਤਉ ਲਉ-ਤਦ ਤਕ। ਆਨ—ਹੋਰ ਦੂਜਾ। ਅਧਜਾਤਮ ਗਿਆਨੁ—ਰੱਬੀ ਗਿਆਨ। ਨਾਦ ਬਾਦ—ਬਾਹਰ-ਮੁਖੀ ਵਾਜਿਆਂ ਦੀ ਅਵਾਜ਼, ਰਾਗ ਰੰਗ। ਬਿਸੇਖੀਐ—ਵਡਿਆਈ ਪ੍ਰਤੀਤ ਨਹੀਂ ਹੋ ਸਕਦੀ, ਪਰਤੱਖ ਨਹੀਂ ਹੁੰਦਾ। ਅਹੰ ਬੁਧਿ—ਹਉਮੈ ਵਾਲੀ ਮਤ। ਸੁਧਿ—ਸੋਝੀ। ਅੰਤਰਗਤਿ—ਅੰਤਰ ਆਤਮਾ। ਲਖਾਵੈ—ਜਣਾਵੇ। ਅਲਖ—ਨਿਰਾਕਾਰ ਬ੍ਰਹਮ। ਨ ਲੇਖੀਐ—ਨਹੀਂ ਜਾਣਿਆ ਜਾ ਸਕਦਾ। ਮੇਕ—ਮਿਲਿਆ ਹੋਇਆ। ਭੇਖੀਐ—ਭੇਖ ਧਾਰ ਰਿਹਾ ਹੈ, ਪਰਗਟ ਹੋ ਰਿਹਾ ਹੈ।

**ਅਰਥ** :—ਜਦ ਤਕ ਪ੍ਰਾਣੀ ਹੋਰ ਰਸਾਂ ਕਸਾਂ ਦੇ ਅਧੀਨ ਹੈ ਤਦ ਤਕ ਪ੍ਰੇਮ-ਰਸ ਨਹੀਂ ਆ ਸਕਦਾ। ਜਦ ਤਕ ਕੋਈ ਹੋਰ ਧਿਆਨ ਹੈ ਓਦੋਂ ਤਾਈਂ ਆਪਣਾ ਆਪਾ ਨਹੀਂ ਦੇਖਿਆ ਜਾ ਸਕਦਾ।

ਜਦ ਤਕ (ਪ੍ਰਭੂ ਨੂੰ ਤਿਆਗ ਕੇ) ਹੋਰ ਤਰ੍ਹਾਂ ਦਾ ਗਿਆਨ ਹੈ ਉਨਾ ਚਿਰ ਰੱਬੀ-ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਜਦ ਤਕ ਪ੍ਰਾਣੀ ਦੁਨਿਆਵੀ ਰਾਗ ਰੰਗਾਂ ਵਿਚ ਪ੍ਰਵਿਰਤ ਹੈ (ਉਦੋਂ ਤਕ) ਅਨਾਹਦ ਸ਼ਬਦ ਪਰਤੱਖ ਨਹੀਂ ਹੋ ਸਕਦਾ।

ਜਿੰਨਾ ਚਿਰ ਅਹੰਕਾਰ ਵਾਲੀ ਮਤ ਹੈ ਉਨਾ ਚਿਰ ਅੰਤਰ-ਆਤਮੇ ਦੀ ਸੋਝੀ ਨਹੀਂ ਹੋ ਸਕਦੀ। ਜਿੰਨਾ ਚਿਰ (ਸਤਿਗੁਰੂ) ਅਲੱਖ ਵਾਹਿਗੁਰੂ ਨੂੰ ਨਾ ਜਣਾਵੇ ਉਨਾ ਚਿਰ ਨਿਰਾਕਾਰ ਵਾਹਿਗੁਰੂ ਜਾਣਿਆ ਨਹੀਂ ਜਾ ਸਕਦਾ।

ਸੱਚੇ ਸਤਿਗੁਰੂ ਦਾ ਗਿਆਨ ਧਿਆਨ (ਗੁਰ-ਮੰਤ੍ਰ) ਹੀ ਹੈ, ਜਿਸ ਦੁਆਰਾ ਸੱਚ ਸਰੂਪ ਅਤੇ ਸੱਚੇ ਨਾਮ ਦੀ ਸੋਝੀ ਹੁੰਦੀ ਹੈ। (ਨਾਮ ਵਿਚ ਲਿਵ ਜੋੜਿਆਂ) ਅਨੇਕ ਰੂਪਾਂ ਵਿਚ ਮਿਲਿਆ ਹੋਇਆ ਇਕੋ ਇਕ ਵਾਹਿਗੁਰੂ ਪਰਗਟ ਪਹਾਰੇ ਹੋ ਜਾਪਦਾ ਹੈ।੪।੧੨।

---

**ਗ੍ਰੰਥੀ ਸਿੰਘ ਦੀ ਲੋੜ ਹੈ**, ਜੋ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ ਤੇ ਪਰਵਾਰ ਵਾਲਾ ਹੋਵੇ। ਗੁਰਦਵਾਰਾ ਸਾਹਿਬ ਵਿਖੇ ਰਿਹਾਇਸ਼ ਤੇ ਯੋਗ ਸੇਵਾ-ਫਲ ਦਿਤਾ ਜਾਵੇਗਾ। ਚਿਠੀ ਪਤਰ ਲਈ—ਸ: ਬਲਜੀਤ ਸਿੰਘ 361/1 ਰਾਜਾ ਪਾਰਕ, ਜੈਪੁਰ (ਫ਼ੋਨ 478358)



www.AKJ.Org

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਤਿ ਪਿਆਰੇ ਸਿੱਖ

# ਭਾਈ ਮਤੀ ਦਾਸ ਜੀ

[ਸ: ਹਰਦੀਪ ਸਿੰਘ ਜੀ, ਗਲੀ ਨੰਬਰ 7, ਬਾਗ ਰਾਮਾਨੰਦ, ਅੰਮ੍ਰਿਤਸਰ]

ਭਾਈ ਮਤੀ ਦਾਸ ਜੀ ਭਾਈ ਪਰਾਗਾ ਜੀ ਦੇ ਸਪੁੱਤਰ ਤੇ ਮਹਾਤਮਾ ਗੌਤਮ ਦਾਸ ਦੇ ਪੋਤੇ ਸਨ। ਮਹਾਤਮਾ ਗੌਤਮ ਦਾਸ ਉੱਚੇ ਜੀਵਨ ਵਾਲੇ ਸਨ ਤੇ ਪਿੰਡ ਦੇ ਹਿੰਦੂ ਮੁਸਲਮਾਨ ਉਹਨਾਂ ਦਾ ਸਤਿਕਾਰ ਕਰਦੇ ਸਨ।

ਭਾਈ ਮਤੀ ਦਾਸ ਜੀ ਦੇ ਪਿਤਾ ਭਾਈ ਪਰਾਗਾ ਜੀ ਉੱਚੇ ਲੰਮੇ ਕੱਦ ਦੇ ਤਕੜੇ ਜਵਾਨ ਸਨ। ਇਹ ਪਿੰਡ ਕਰਿਆਲਾ ਜ਼ਿਲਾ ਜੇਹਲਮ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਕਰਿਆਲਾ ਪਿੰਡ, ਚਕਵਾਲ (ਤਹਿਸੀਲ) ਤੋਂ ਕਟਾਸਰਾਜ ਨੂੰ ਜਾਣ ਵਾਲੀ ਸੜਕ ਤੇ, ਚਕਵਾਲ ਤੋਂ ਕੋਈ ੧੦ ਕਿਲੋਮੀਟਰ ਦੀ ਵਿੱਥ ਤੇ ਹੈ। ਇਹ ਇਲਾਕਾ ਧਨੀ ਦੇ ਨਾਮ ਨਾਲ ਪ੍ਰਸਿੱਧ ਹੈ। ਕਟਾਸਰਾਜ ਹਿੰਦੂਆਂ ਦਾ ਪ੍ਰਸਿਧ ਤੀਰਥ-ਅਸਥਾਨ ਹੈ। ਕੁਦਰਤ ਨੇ ਇਸ ਇਲਾਕੇ ਨੂੰ ਛੋਟੇ ਛੋਟੇ ਪਹਾੜਾਂ ਤੇ ਨਦੀਆਂ ਨਾਲ ਸਜਾਇਆ ਹੋਇਆਂ ਹੈ।

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਕਸ਼ਮੀਰ ਦੇ ਦੌਰੇ ਤੋਂ ਵਾਪਸ ਆਉਂਦੇ ਹੋਏ 'ਨੜਾਲੀ' (ਜ਼ਿਲਾ ਰਾਵਲਪਿੰਡੀ) ਦੇ ਕਸਬੇ ਵਿਚ ਆ ਕੇ ਟਿਕੇ ਤਾਂ ਦੂਰ ਦੂਰ ਤੋਂ ਹਿੰਦੂ ਪਰਵਾਰ ਤੇ ਸਿੱਖ ਦਰਸ਼ਨਾਂ ਨੂੰ ਆਏ। ਜਹਾਂਗੀਰ ਦੇ ਹਿੰਦੂ ਵਿਰੋਧੀ ਕਾਨੂੰਨਾਂ ਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਰਪੂਰ ਵਿਰੋਧਤਾ ਕੀਤੀ ਤੇ ਸਿੱਖਾਂ ਨੂੰ ਇਹਨਾਂ ਵਿਤਕਰੇ ਭਰੇ ਕਾਨੂੰਨਾਂ ਨੂੰ ਤੋੜਨ ਦਾ ਹੁਕਮ ਦਿੱਤਾ। ਯੋਧੇ, ਹਥਿਆਰ, ਤੇ ਅਰਬੀ ਘੋੜੇ ਆਦਿ ਗੁਰੂ ਜੀ ਪਸੰਦ ਕਰਦੇ ਤੇ ਗੁਰਸਿਖ ਵੀ ਹੁਣ ਇਹੋ ਜਿਹੀਆਂ ਵਸਤੂਆਂ ਹੀ ਭੇਟ ਵਜੋਂ ਗੁਰੂ-ਦਰਬਾਰ ਵਿਚ ਲਿਆਉਂਦੇ। ਹਿੰਦੂ ਘਰਾਣਿਆਂ ਦੇ ਅਨੇਕਾਂ ਅਣਖੀ ਜਵਾਨ ਗੁਰੂ ਸਾਹਿਬ ਦੇ ਇਹਨਾਂ ਕਾਰਨਾਮਿਆਂ ਤੋਂ ਪ੍ਰਭਾਵਤ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਸੱਜਣ ਲੱਗੇ। ਭਾਈ ਮਤੀ ਦਾਸ ਜੀ ਦੇ ਪਿਤਾ ਭਾਈ ਪਰਾਗਾ ਜੀ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ ਸੱਜ ਗਏ ਅਤੇ ਹਕੂਮਤ ਨਾਲ ਹੋਏ ਗੁਰੂ ਸਾਹਿਬ ਦੇ ਯੁਧਾਂ ਵਿਚ, ਹੋਰ ਸਿੱਖ ਯੋਧਿਆਂ ਦੇ ਸੰਗ ਸਾਥ ਮੋਢੇ ਨਾਲ ਮੋਢਾ ਡਾਹ ਕੇ ਲੜੇ।

ਭਾਈ ਪਰਾਗਾ ਜੀ ਨੇ ਆਪਣੇ ਚਾਰੇ ਪੁੱਤਰਾਂ (ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਜੱਤੀ ਦਾਸ ਤੇ ਭਾਈ ਸਖੀ ਦਾਸ) ਨੂੰ ਗੁਰੂ ਸਾਹਿਬ ਦੀ ਚਰਨ-ਪਾਹੁਲ ਦੁਆਰਾ ਸਿੱਖ ਧਰਮ ਵਿਚ ਪ੍ਰਵੇਸ਼ ਕਰਵਾਇਆ। ਇਹ ਚਾਰੇ ਬੱਚੇ ਗੁਰੂ ਘਰ ਦੀ ਸੇਵਾ ਵਿਚ ਤਤਪਰ ਰਹੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮਾਂ ਆਇਆ। ਭਾਈ ਮਤੀ ਦਾਸ ਵੀ ਆਪਣੇ ਪਿਤਾ ਵਾਂਗੂ ਚੰਗੀ ਡੀਲ ਡੌਲ ਵਾਲੇ ਜਵਾਨ ਸਨ। ਆਪ ਦੀ ਕਰਣੀ ਤੇ ਕਥਨੀ ਇਕ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਗੁਰੂ ਦਰਬਾਰ ਦੇ ਦੀਵਾਨ (ਖਜ਼ਾਨਚੀ) ਦੀ ਪਦਵੀ ਦੇ ਕੇ ਨਿਵਾਜਿਆ।

ਨਾਵੇਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਮਤੀ ਦਾਸ ਜੀ ਨੇ ਗੁਰੂ ਸਾਹਿਬ ਦੀ ਨਿਮਾਣੇ, ਨਿਤਾਣੇ ਤੇ ਮਜ਼ਲੂਮਾਂ ਪ੍ਰਤੀ ਹਮਦਰਦੀ ਦੇ ਜਜ਼ਬੇ ਨੂੰ ਬੜੇ ਨੇੜੇ ਹੋ ਕੇ, ਮਹਿਸੂਸ ਕੀਤਾ। ਸਤਿਗੁਰੂ ਜੀ ਦੇ ਹੋਰਨਾਂ ਸਿੱਖਾਂ ਦੀ ਗੁਰੂ ਜੀ ਪ੍ਰਤੀ ਸ਼ਰਧਾ ਤੇ ਗੁਰੂ ਦੇ ਹੁਕਮਾਂ ਤੇ ਹਰ ਕੀਮਤ ਤੇ ਚਲਣ ਦੇ ਦ੍ਰਿੜ੍ਹ ਇਰਾਦਿਆਂ ਨੂੰ ਵੀ ਵੇਖਿਆ। ਇਸ ਵਾਤਾਵਰਨ ਦਾ ਭਾਈ ਮਤੀ ਦਾਸ ਜੀ ਦੇ ਮਨ ਤੇ ਸੁਹਾਵਣਾ ਅਸਰ ਹੋਇਆ ਤੇ ਆਪ ਦ੍ਰਿੜ੍ਹ ਇਰਾਦੇ ਨਾਲ ਉਹਨਾਂ ਸ਼ਰਧਾਲੂ ਸਿੱਖਾਂ ਦੀ ਪੱਧਰ ਤੇ ਆਣ ਖਲੋਤੇ ਜੋ ਗੁਰੂ ਸਾਹਿਬ ਦੇ ਇਕ ਇਸ਼ਾਰੇ ਤੇ ਜਾਨ ਦੀ ਬਾਜ਼ੀ ਲਾਉਣ ਨੂੰ ਤਿਆਰ ਹੋ ਜਾਂਦੇ ਸਨ।

ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਦਾ ਦ੍ਰਿਸ਼ ਨੌਵੇਂ ਸਤਿਗੁਰਾਂ ਦੇ ਦਰਬਾਰ ਵਿਚ ਭਾਈ ਮਤੀ ਦਾਸ ਜੀ ਨੇ ਵੇਖਿਆ। ਗੁਰੂ ਜੀ ਦਾ ਫੈਸਲਾ ਸੁਣ ਕੇ ਆਪ ਦੰਗ ਰਹਿ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਬ੍ਰਾਹਮਣਾਂ ਨੂੰ ਕਹਿ ਰਹੇ ਸਨ, "ਜਾਓ, ਜਾ ਕੇ ਕਹਿ ਦਿਓ ਔਰੰਗਜ਼ੇਬ ਨੂੰ ਕਿ ਜੇ ਉਹ (ਗੁਰੂ) ਤੇਗ ਬਹਾਦਰ (ਸਾਹਿਬ) ਨੂੰ ਮੁਸਲਮਾਨ ਬਣਨ ਲਈ ਮਨਾ ਲਵੇ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਮੁਸਲਮਾਨ ਬਣਨ ਨੂੰ ਤਿਆਰ

www.AKJ.Org

ਹਨ । ਨਿਮੋਝੂਣੇ ਹੋਏ ਕਸ਼ਮੀਰੀ ਪੰਡਿਤ ਖ਼ੁਸ਼ੀ ਖ਼ੁਸ਼ੀ ਅਨੰਦਪੁਰ ਸਾਹਿਬ ਤੋਂ ਵਿਦਾ ਹੋਏ । ਇਹ ਗੱਲ ਤਾਂ ਯਕੀਨੀ ਸੀ ਕਿ ਗੁਰੂ ਸਾਹਿਬ ਕਦੀ ਵੀ ਮੁਸਲਮਾਨ ਬਣਨ ਲਈ ਤਿਆਰ ਨਹੀਂ ਹੋ ਸਕਦੇ । ਉਹਨਾਂ ਲਾਹੌਰ ਦੇ ਗਵਰਨਰ ਰਾਹੀਂ ਗੁਰੂ ਸਾਹਿਬ ਦਾ ਸੰਦੇਸ਼ਾ ਔਰੰਗਜ਼ੇਬ ਨੂੰ ਦਿੱਲੀ ਭਿਜਵਾ ਦਿੱਤਾ ।

ਔਰੰਗਜ਼ੇਬ ਦੇ ਸੱਦੇ ਤੇ ਜਦੋਂ ਨੌਵੇਂ ਸਤਿਗੁਰੂ ਦਿੱਲੀ ਪੁੱਜੇ ਤਾਂ ਉਹਨਾਂ ਕੇਵਲ ਪੰਜ ਅਨਿੰਨ ਸ਼ਰਧਾਲੂ ਸਿੱਖਾਂ ਨੂੰ ਆਪਣੇ ਨਾਲ ਰਹਿਣ ਦੀ ਪਰਵਾਨਗੀ ਦਿੱਤੀ । ਇਹ ਪੰਜ ਸਿੱਖ ਸਨ :— (੧) ਭਾਈ ਮਤੀ ਦਾਸ ਜੀ, (੨) ਭਾਈ ਦਇਆਲਾ ਜੀ,(੩) ਭਾਈ ਗੁਰਦਿਤਾ ਜੀ,(੪) ਭਾਈ ਊਦਾ ਜੀ,(੫)ਭਾਈ ਜੈਤਾ ਜੀ.। ਔਰੰਗਜ਼ੇਬ ਨੇ ਆਪਣੇ ਵਿਦਵਾਨ ਮੌਲਾਣਿਆਂ ਤੇ ਕਾਜ਼ੀਆਂ ਸਮੇਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਲਈ ਅਨੇਕਾਂ ਯਤਨ ਕੀਤੇ, ਪਰ ਗੁਰੂ ਸਾਹਿਬ ਦੀ ਉੱਚ ਸ਼ਖ਼ਸੀਅਤ ਅਤੇ ਦ੍ਰਿੜ੍ਹ ਇਰਾਦੇ ਦੇ ਸਾਹਮਣੇ ਇਹਨਾਂ ਦੇ ਸਾਰੇ ਯਤਨ ਨਿਸਫਲ ਹੋ ਗਏ । ਹੁਣ ਗੁਰੂ ਸਾਹਿਬ ਨੂੰ ਡਰਾ ਕੇ ਧਰਮ ਪ੍ਰੀਵਰਤਨ ਲਈ ਤਿਆਰ ਕਰਨ ਦਾ ਉਪਰਾਲਾ ਸ਼ੁਰੂ ਹੋਇਆ । ਕਾਜ਼ੀਆਂ ਨੇ ਸੋਚਿਆ ਕਿ ਜੋ ਕੰਮ ਸਮਝਾਉਣ ਬੁਝਾਉਣ ਨਾਲ ਸਿਰੇ ਨਹੀਂ ਚੜ੍ਹਿਆ, ਹੋ ਸਕਦਾ ਹੈ ਗੁਰੂ ਸਾਹਿਬ ਦੇ ਸਾਥੀਆਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਨ ਨਾਲ ਸਿਰੇ ਚੜ੍ਹ ਜਾਵੇ । ਇਸ ਕੰਮ ਲਈ ਭਾਈ ਮਤੀ ਦਾਸ ਜੀ ਦੀ ਪਹਿਲਾਂ ਵਾਰੀ ਆਈ । ਹੱਥਕੜੀਆਂ ਬੇੜੀਆਂ ਤੇ ਸੰਗਲਾਂ ਨਾਲ ਬੰਨ੍ਹ ਕੇ ਭਾਈ ਸਾਹਿਬ ਨੂੰ ਪੁਲਸੀਏ ਚਾਂਦਨੀ ਚੌਕ (ਫਵਾਰੇ ਵਾਲੀ ਥਾਂ) ਵਲ ਲੈ ਤੁਰੇ । ਲੋਕ ਭਾਰੀ ਗਿਣਤੀ ਵਿਚ ਹਕੂਮਤ ਦੇ ਇਸ ਕਹਿਰ ਭਰੇ ਡਰਾਮੇ ਨੂੰ ਵੇਖਣ ਲਈ ਇਕੱਠੇ ਹੋ ਚੁਕੇ ਸਨ । ਭਾਈ ਮਤੀ ਦਾਸ ਜੀ ਦੇ ਚਿਹਰੇ ਦਾ ਜਲਾਲ ਝਲਿਆ ਨਹੀਂ ਸੀ ਜਾਂਦਾ । ਭਾਈ ਜੀ ਸ਼ਾਂਤ-ਚਿਤ ਨਾਵੇਂ ਪਾਤਸ਼ਾਹ ਦੇ ਦਰਸ਼ਨ ਕਰਦੇ ਹੋਏ ਅਕਾਲ ਪੁਰਖ ਦੀ ਯਾਦ ਵਿਚ ਜੁੜੇ ਹੋਏ ਸਨ । ਆਉਣ ਵਾਲੇ ਖ਼ਤਰੇ ਤੋਂ ਜਾਣੂ ਹੁੰਦਿਆਂ ਵੀ ਆਪ ਜੀ ਦੇ ਚੇਹਰੇ ਤੇ ਡਰ ਦਾ ਕੋਈ ਚਿੰਨ੍ਹ ਨਹੀਂ ਸੀ ਪ੍ਰਤੀਤ ਹੁੰਦਾ । ਕਾਜ਼ੀਆਂ ਕਿਹਾ, "ਭਾਈ ਮਤੀ ਦਾਸ ! ਕਿਉਂ ਆਪਣੀ ਜਾਨ ਅਜਾਈਂ ਗਵਾਂਦਾ ਹੈਂ, ਕਿਉਂ ਨਹੀਂ ਇਸਲਾਮ ਕਬੂਲਦਾ ਤੇ ਮੌਜਾਂ ਮਾਣਦਾ ? ਮੁਸਲਮਾਨ ਬਣ ਜਾਵੇਂ ਤਾਂ ਹਕੂਮਤ ਵਲੋਂ ਅਨੇਕਾਂ ਐਸ਼ ਤੇ ਆਰਾਮ ਦੇ ਸਾਧਨ ਤੈਨੂੰ ਪ੍ਰਾਪਤ ਹੋਣਗੇ । ਮੁਸਲਮਾਨ ਹੋ ਕੇ ਮਰਨ ਮਗਰੋਂ ਹਜ਼ਰਤ ਮੁਹੰਮਦ ਸਾਹਿਬ ਤੇਰੀ ਹਾਮੀ ਭਰ ਕੇ ਖ਼ੁਦਾ ਪਾਸੋਂ ਤੈਨੂੰ ਬਹਿਸ਼ਤ ਦਿਵਾਉਣਗੇ ।" ਜੇ ਤੂੰ ਇਸਲਾਮ ਧਰਮ ਕਬੂਲਣ ਤੋਂ ਨਾਂਹ ਕਰਦਾ ਰਿਹਾ ਤਾਂ ਤਸੀਹੇ ਦੇ ਕੇ ਤੈਨੂੰ ਮਾਰਿਆ ਜਾਵੇਗਾ, ਫਟਿਆਂ ਵਿਚ ਜਕੜ ਕੇ ਤੇਰੇ ਸਰੀਰ ਦੇ, ਆਰੇ ਨਾਲ ਦੋ ਫਾੜ ਕਰ ਦਿਤੇ ਜਾਣਗੇ । ਭਾਈ ਮਤੀ ਦਾਸ ਜੀ ਦਾ ਉੱਤਰ ਸੀ, "ਕਿਉਂ ਆਪਣਾ ਵਕਤ ਜ਼ਾਇਆ ਕਰਦੇ ਹੋ । ਮੈਂ ਤਾਂ ਸਿੱਖੀ ਸਿਦਕ ਤੋਂ ਸੈਂਕੜੇ ਬਹਿਸ਼ਤ ਵਾਰ ਸਕਦਾ ਹਾਂ । ਗੁਰੂ ਜੀ ਦੇ ਸਿਦਕੀ ਸਿੱਖ, ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨਾ ਹੀ ਸਭ ਸੁਖਾਂ ਦਾ ਮੂਲ ਜਾਣਦੇ ਹਨ । ਜੋ ਸੱਚਾ-ਸੁਚਾ ਧਰਮ ਗੁਰੂ ਨੇ ਮੈਨੂੰ ਬਖਸ਼ਿਆ ਹੈ, ਉਹ ਮੈਨੂੰ ਜਾਨ ਤੋਂ ਕਿਤੇ ਵਧ ਪਿਆਰਾ ਹੈ ।" ਕਾਜ਼ੀ ਨੇ ਪੁਛਿਆ, ਹੱਛਾ ਮਰਨ ਤੋਂ ਪਹਿਲਾਂ ਤੇਰੀ ਕੋਈ ਆਖ਼ਰੀ ਖ਼ਾਹਿਸ਼ ਹੋਵੇ ਤਾਂ ਦੱਸ । ਭਾਈ ਮਤੀ ਦਾਸ ਜੀ ਨੇ ਉੱਤਰ ਦਿਤਾ, "ਮੇਰਾ ਮੂੰਹ ਮੇਰੇ ਗੁਰੂ ਵੱਲ ਰਖਣਾ, ਤਾਂ ਜੁ ਅੰਤ ਸਮੇਂ ਮੈਂ ਪਿੰਜਰੇ ਵਿਚ ਪਏ ਆਪਣੇ ਮੁਰਸ਼ਿਦ ਦੇ ਦਰਸ਼ਨ ਕਰਦਾ ਹੋਇਆ ਸਰੀਰ ਤਿਆਗਾਂ ।" ਲਕੜੀ ਦੀਆਂ ਦੋ ਗੇਲੀਆਂ ਵਿਚ ਭਾਈ ਮਤੀ ਦਾਸ ਜੀ ਨੂੰ ਜਕੜ ਦਿਤਾ ਗਿਆ ਤੇ ਉਹਨਾਂ ਦਾ ਚਿਹਰਾ ਨਾਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਿੰਜਰੇ ਵਲ ਕਰ ਦਿਤਾ ਗਿਆ । ਦੋ ਭਿਆਨਕ ਸ਼ਕਲ ਦੇ ਜੱਲਾਦਾਂ ਨੇ ਆਰਾ ਭਾਈ ਸਾਹਿਬ ਦੇ ਸਿਰ ਤੇ ਆਣ ਟਿਕਾਇਆ । ਕਾਜ਼ੀ ਨੇ ਫਿਰ ਇਸਲਾਮ ਵਾਲੀ ਗੱਲ ਦੁਹਰਾਈ, ਪਰ ਹੁਣ ਭਾਈ ਜੀ ਗੁਰੂ ਸਾਹਿਬ ਦੇ ਸਨਮੁਖ ਬਾਣੀ ਰਾਹੀਂ ਅਕਾਲ ਪੁਰਖ ਨਾਲ ਜੁੜੇ ਹੋਏ ਸਨ । ਉਨ੍ਹਾਂ ਕੋਈ ਉਤਰ ਨਾ ਦਿਤਾ ।

ਜੱਲਾਦਾਂ ਨੂੰ ਆਰਾ ਚਲਾਉਣ ਦਾ ਇਸ਼ਾਰਾ ਕਾਜ਼ੀ ਵਲੋਂ ਹੋਇਆ । ਵੇਖਦਿਆਂ ਵੇਖਦਿਆਂ ਜੱਲਾਦਾਂ ਨੇ ਆਰੇ ਦੁਆਰਾ ਭਾਈ ਮਤੀ ਦਾਸ ਜੀ ਦੇ ਸਰੀਰ ਦੇ ਦੋ ਹਿੱਸੇ ਕਰ ਦਿੱਤੇ । ਖ਼ੂਨ ਦਾ ਫ਼ਵਾਰਾ ਚਲਿਆ, ਜੱਲਾਦਾਂ ਦੇ ਕਪੜੇ ਲਹੂ-ਵੰਨੇ ਹੋ ਗਏ । ਵੇਖਣ ਵਾਲੇ ਲੋਕਾ ਵਿਚੋਂ ਬਹੁਤਿਆਂ ਦੇ ਅੱਖਾਂ ਚੋਂ ਅਥਰੂ ਕਿਰੇ, ਪਰ ਕੁਝ ਪੱਥਰ ਦਿਲ ਮੁਸਲਮਾਨ ਹਾਕਮ ਕੇਵਲ ਬਿਟ ਬਿਟ ਤਕਦੇ ਰਹੇ ਤੇ ਇਸਲਾਮ ਦੇ ਵਾਧੇ ਲਈ ਕੀਤੇ ਜਾ ਰਹੇ ਜ਼ੁਲਮ ਨੂੰ ਜਾਇਜ਼ ਕਰਾਰ ਦਿੰਦੇ ਰਹੇ ।

ਭਾਈ ਮਤੀ ਦਾਸ ਜੀ ਆਪਣੇ ਸਰੀਰ ਦੀ ਅਹੂਤੀ ਦੇ ਕੇ ਸਦਾ ਲਈ ਅਮਰ ਹੋ ਗਏ । ਉਹਨਾਂ ਦੀ ਆਤਮਾ ਤਾਂ ਪਰਮਾਤਮਾ ਵਿਚ ਜਾ ਸਮਾਈ ਤੇ ਉਹਨਾਂ ਦੀ ਕੁਰਬਾਨੀ ਸਿੱਖਾਂ ਤੇ ਹੋਰ ਧਰਮੀ ਸੰਸਾਰੀਆਂ ਲਈ ਚਾਨਣ ਮੁਨਾਰਾ ਬਣ ਗਈ । ਗੁਰੂ ਕੇ ਸਿੱਖ ਸਦਾ ਭਾਈ ਮਤੀ ਦਾਸ ਜੀ ਦੀ ਕੁਰਬਾਨੀ ਤੋਂ ਪ੍ਰਭਾਵਤ ਹੋ ਕੇ ਆਪਣੇ ਧਰਮ ਵਿਚ ਦ੍ਰਿੜ੍ਹ ਰਹਿੰਦੇ, ਧਰਮ ਤੋਂ ਆਪਾ ਵਾਰਦੇ ਰਹਿਣਗੇ । ਇਹ ਸਾਕਾ ਨਵੰਬਰ ੧੬੭੫ ਈਸਵੀ ਨੂੰ ਦਿੱਲੀ ਵਿਚ ਵਾਪਰਿਆ ।

www.AKJ.Org

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ
ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ
ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ
ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ
ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ
ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ
ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ
ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ
ਨਾਨਕ ਤਿਨ ਕੁਰਬਾਨੁ । ਮਾਘਿ ਸੁਚੇ ਸੇ ਕਾਂਢੀਅਹਿ
ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

## ਗੁਰਪੁਰਬ, ਦਿਨ ਦਿਹਾਰ ਤੇ ਛੁੱਟੀਆਂ

...: ੧੦ ਅਵਤਾਰ ਧਾਰਿਆ ੧੨ ਜਨਵਰੀ
...ੜੀ ਤੇ ਮੇਲਾ ਮਾਘੀ ਮੁਕਤਸਰ ੧੩-੧੪ ਜਨਵਰੀ
...ਪਬਲਿਕ ਡੇ (ਗਣਤੰਤਰ ਦਿਵਸ) ੨੬ ਜਨਵਰੀ

## ...ਗਿਆਨੀ ਭਜਨ ਸਿੰਘ ਲਿਖਤ

### ਸਾਡੇ ਸ਼ਹੀਦ

...ਹ ਲਹੂ-ਵੀਟਵੇਂ ਇਤਿਹਾਸ ਦੇ ਉਨ੍ਹਾਂ ਮਹਾਨ ...ਇਕਾਂ ਦੀਆਂ ਬੇਮਿਸਾਲ ਸ਼ਹਾਦਤਾਂ ਦੀ ਦਾਸਤਾਨ ... ਜਿਨ੍ਹਾਂ ਨੇ ਸਿੱਖੀ ਦੀ ਆਨ-ਸ਼ਾਨ ਲਈ ਆਪਾ ...ਰਬਾਨ ਕਰ ਦਿੱਤਾ, ਪਰ ਸਿਦਕੋਂ ਨਾ ਡੋਲੇ ।

ਸੁੰਦਰ ਰੂਪ ਵਿਚ, ੬੫ ਰੁਪਏ

### ਕਰਕ ਕਲੇਜੇ ਮਾਹਿ

...ਹ ਨਾਵਲ ਕਲਗੀਧਰ ਪਿਤਾ ਤੋਂ ਬਾਦ ਦੇ ...ਰਸਸ਼ੀਲ ਇਤਿਹਾਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ...ਤਰਦਾ ਹੈ। ਨਾਇਕ ਕਰਮ ਸਿੰਘ ਦੀ ਹਰ ਸੰਕਟ ...ਬਤੀ ਸਮੇਂ ਸਹੀ ਫੈਸਲਾ ਲੈਣ ਦੀ ਯੋਗਤਾ ਅੰਝੜ ...ੀ ਕੌਮ ਨੂੰ ਠੀਕ ਰਸਤਾ ਵਿਖਾਂਦੀ ਹੈ ਤੇ ਆਪਣੇ ...ਵ ਦੀ ਪੂਰਤੀ ਲਈ ਸਹਾਈ ਹੁੰਦੀ ਹੈ। 'ਅਜੀਤ' ...ਖ਼ਬਾਰ ਵਿਚ ੧੦੦ ਹਫ਼ਤਾਵਾਰੀ ਕਿਸ਼ਤਾਂ ਵਿਚ ...ਚੁੱਕੇ ਇਸ ਨਾਵਲ ਦੀ ਰੋਚਿਕਤਾ ਏਨੀ ਹੈ ਕਿ ...ਠਕ ਇਸ ਨਾਵਲ ਦੀ ਕਿਸ਼ਤ ਨੂੰ ਉਡੀਕਦੇ ਰਹਿੰਦੇ ...।

ਪ੍ਰਭਾਵਸ਼ਾਲੀ ਰੂਪ ਵਿਚ, ੧੨੦ ਰੁਪਏ

# ਜਨਵਰੀ ੯੨
# JANUARY 92

| | | | |
|---|---|---|---|
| ਸੰਮਤ ਬਿਕ੍ਰਮੀ | ੨੦੪੮ | ਸੰਗਰਾਂਦ | ੧੪ ਜਨਵਰੀ |
| ਸੰ: ਨਾਨਕਸ਼ਾਹੀ | ੫੨੩ | ਪੂਰਨਮਾਸੀ | ੧੯ ਜਨਵਰੀ |
| ਸੰਮਤ ਖ਼ਾਲਸਾ | ੨੯੩ | ਮਸਿਆ | ੪ ਜਨਵਰੀ |
| ਸੰਮਤ ਸ਼ਾਕਾ | ੧੯੧੩ | ਪੰਚਮੀ | ੧੦ ਜਨਵਰੀ |

| | | | | | |
|---|---|---|---|---|---|
| ਐਤ SUNDAY | ※ | ੫ ੨੧ ਪੋਹ ਪੋਹ ਸੁਦੀ ੧ | ੧੨ ੨੮ ਪੋਹ ਪੋਹ ਸੁਦੀ ੭ | ੧੯ ੬ ਮਾਘ ਪੂਰਨਮਾਸੀ | ੨੬ ੧੩ ਮਾਘ ਮਾਘ ਵਦੀ ੭ |
| ਸੋਮ MONDAY | ※ | ੬ ੨੨ ਪੋਹ ਪੋਹ ਸੁਦੀ ੨ | ੧੩ ੨੯ ਪੋਹ ਪੋਹ ਸੁਦੀ ੮ | ੨੦ ੭ ਮਾਘ ਮਾਘ ਵਦੀ ੧ | ੨੭ ੧੪ ਮਾਘ ਮਾਘ ਵਦੀ ੮ |
| ਮੰਗਲ TUESDAY | ※ | ੭ ੨੩ ਪੋਹ ਪੋਹ ਸੁਦੀ ੨ | ੧੪ ੧ ਮਾਘ ਪੋਹ ਸੁਦੀ ੯ | ੨੧ ੮ ਮਾਘ ਮਾਘ ਵਦੀ ੨ | ੨੮ ੧੫ ਮਾਘ ਮਾਘ ਵਦੀ ੯ |
| ਬੁਧ WEDNESDAY | ੧ ੧੭ ਪੋਹ ਪੋਹ ਵਦੀ ੧੨ | ੮ ੨੪ ਪੋਹ ਪੋਹ ਸੁਦੀ ੩ | ੧੫ ੨ ਮਾਘ ਪੋਹ ਸੁਦੀ ੧੦ | ੨੨ ੯ ਮਾਘ ਮਾਘ ਵਦੀ ੩ | ੨੯ ੧੬ ਮਾਘ ਮਾਘ ਵਦੀ ੧੦ |
| ਵੀਰ THURSDAY | ੨ ੧੮ ਪੋਹ ਪੋਹ ਵਦੀ ੧੩ | ੯ ੨੫ ਪੋਹ ਪੋਹ ਸੁਦੀ ੪ | ੧੬ ੩ ਮਾਘ ਪੋਹ ਸੁਦੀ ੧੧ | ੨੩ ੧੦ ਮਾਘ ਮਾਘ ਵਦੀ ੪ | ੩੦ ੧੭ ਮਾਘ ਮਾਘ ਵਦੀ ੧੧ |
| ਸ਼ੁਕਰ FRIDAY | ੩ ੧੯ ਪੋਹ ਪੋਹ ਵਦੀ ੧੪ | ੧੦ ੨੬ ਪੋਹ ਪੋਹ ਸੁਦੀ ੫ | ੧੭ ੪ ਮਾਘ ਪੋਹ ਸੁਦੀ ੧੨ | ੨੪ ੧੧ ਮਾਘ ਮਾਘ ਵਦੀ੫ | ੩੧ ੧੮ ਮਾਘ ਮਾਘ ਵਦੀ ੧੨ |
| ਸ਼ਨੀ SATURDAY | ੪ ੨੦ ਪੋਹ ਮਸਿਆ | ੧੧ ੨੭ ਪੋਹ ਪੋਹ ਸੁਦੀ ੬ | ੧੮ ੫ ਮਾਘ ਪੋਹਸੁ:੧੩-੧੪ | ੨੫ ੧੨ ਮਾਘ ਮਾਘ ਵਦੀ ੬ | ※ |

## ਜ਼ਰੂਰੀ ਬੇਨਤੀਆਂ

੧. ਅਸੀਂ ਆਪ ਦੀ ਲੋੜ ਅਨੁਸਾਰ ਸਾਫ਼ ਸੁਥਰਾ ਮਾਲ ਠੀਕ ਮਾਰਕੀਟ ਰੇਟਾਂ ਨਾਲ ਭੇਜਦੇ ਹਾਂ ।
੨. ਕੋਈ ਗ਼ਲਤੀ ਹੋਵੇ ਤਾਂ ਸਦਾ ਜ਼ਿੰਮੇਵਾਰ ਹੁੰਦੇ ਹਾਂ ।
੩. ਚੰਗੀਆਂ ਧਾਰਮਿਕ, ਇਤਿਹਾਸਕ ਤੇ ਸਾਹਿਤਕ ਪੁਸਤਕਾਂ ਅਤੇ ਗੁਰਬਾਣੀ ਦੇ ਗੁਟਕੇ, ਪੋਥੀਆਂ ਸਾਡੇ ਸਟਾਕ ਵਿਚ ਮੌਜੂਦ ਹੁੰਦੀਆਂ ਹਨ ।
੪. ਪਟਿਆਲਾ, ਚੰਡੀਗੜ੍ਹ ਤੇ ਅੰਮ੍ਰਿਤਸਰ ਯੂਨੀਵਰਸਿਟੀਆਂ ਅਤੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਲੁਧਿਆਣਾ ਤੇ ਦਿੱਲੀ ਅਕਾਡਮੀਆਂ ਆਦਿ ਸੰਸਥਾਵਾਂ ਵਲੋਂ ਛਪੀਆਂ ਪੁਸਤਕਾਂ ਸਾਥੋਂ ਮਿਲਦੀਆਂ ਹਨ ।
੫. ਸਿੱਖ ਧਰਮ ਤੇ ਸਿੱਖ ਇਤਿਹਾਸ ਦੀਆਂ ਅੰਗਰੇਜ਼ੀ ਤੇ ਹਿੰਦੀ ਪੁਸਤਕਾਂ ਅਸੀਂ ਵੱਧ ਤੋਂ ਵੱਧ ਰੱਖਦੇ ਹਾਂ।
੬. ਪੁਸਤਕਾਂ ਤੋਂ ਇਲਾਵਾ ਕੰਘੇ, ਕੜੇ, ਕ੍ਰਿਪਾਨਾਂ ਛੋਟੀਆਂ ਤੇ ਵੱਡੀਆਂ, ਕਛਹਿਰੇ, ਸਿਮਰਨੇ, ਮਾਲਾ, ਵਾਜੇ ਅਤੇ ਜੋੜੀਆਂ ਆਦਿ ਆਰਡਰ ਅਨੁਸਾਰ ਬਜ਼ਾਰ ਤੋਂ ਤਿਆਰ ਕਰਵਾ ਕੇ ਪਰਦੇਸਾਂ ਵਿਚ ਭੇਜਦੇ ਹਾਂ ।
੭. ਕੇਂਦਰੀ ਸਿਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਚਲੇ ਇਤਿਹਾਸਕ ਚਿਤਰਾਂ ਦੇ ਫੋਟੋਗ੍ਰਾਫ਼ (ਬਹੁ-ਰੰਗੇ ਜਾਂ ਇਕ-ਰੰਗੇ) ਆਰਡਰ ਅਨੁਸਾਰ ਵਖ ਵਖ ਸਾਈਜ਼ਾਂ ਵਿਚ ਭਿਜਵਾਏ ਜਾ ਸਕਦੇ ਹਨ ।
੮. ਆਪਣਾ ਐਡਰੈਸ ਬੜਾ ਸਾਫ਼ ਤੇ ਪੂਰਾ ਲਿਖੋ।
੯. ਆਰਡਰ ਨਾਲ ਕੁਝ ਰਕਮ ਪੇਸ਼ਗੀ ਭੇਜੋ ।
੧੦. ਪਰਦੇਸੀ ਵੀਰ ਕਾਨੂੰਨੀ ਗੁੰਝਲਾਂ ਤੋਂ ਬਚਣ ਲਈ ਰਕਮ ਪੇਸ਼ਗੀ ਬੈਂਕ ਡਰਾਫਟ ਰਾਹੀਂ ਭੇਜਣ ਜਾਂ ਬੈਂਕ ਰਾਹੀਂ ਮਾਲ ਮੰਗਾਣ ।
੧੧. ਧਾਰਮਿਕ, ਇਤਿਹਾਸਕ ਤੇ ਸਾਹਿਤਕ ਪੁਸਤਕਾਂ ਦੀਆਂ ਪੰਜਾਬੀ ਤੇ ਅੰਗਰੇਜ਼ੀ ਲਿਸਟਾਂ ਮੁਫ਼ਤ ਮੰਗਾਓ ।

ਪੁਸਤਕਾਂ ਮੰਗਵਾਣ ਦਾ ਪਤਾ— ਸਿੰਘ ਬ੍ਰਦਰਜ਼ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787

www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਮ-ਅਗਾਧ ਬਾਣੀ ਦੇ ਡੂੰਘੇ ਰਹੱਸਾਂ ਨੂੰ ਸਮਝਣ ਦਾ ਇਕ ਹੋਰ ਉਪਰਾਲਾ

# ਸਿਧਾਂਤਕ ਸਟੀਕ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
## ਪ੍ਰਸ਼ਨ-ਉਤਰ ਵਿਕਾਸ
## (ਮੁਕੰਮਲ ਟੀਕਾ ਅੱਠ ਹਿੱਸਿਆਂ ਵਿਚ)

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

## ਗਿਆਨੀ ਮਨੀ ਸਿੰਘ ਬਾਰੇ

ਆਪ ਨੇ ਗੁਰਮਤਿ-ਵਿਦਿਆ ਭਿੰਡਰਾਂ ਦੀ ਟਕਸਾਲ ਤੋਂ ਪ੍ਰਾਪਤ ਕੀਤੀ। ਆਪ ਜੀ ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਵਾਲਿਆਂ ਦੇ ਅਜ਼ੀਜ਼ ਵਿਦਿਆਰਥੀਆਂ ਵਿੱਚੋਂ ਸਨ। ਆਪ ਨੇ ਪਹਿਲੀ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਕਥਾ ਨੂੰ ਕਾਪੀਆਂ ਵਿੱਚ ਨੋਟ ਕਰ ਕੇ ਆਪਣੇ ਕੋਲ ਸਾਂਭ ਰੱਖਿਆ। ਜ਼ਹੀਨ ਦਿਮਾਗ ਤੇ ਕਾਟਵੀਂ ਦਲੀਲ ਵਿੱਚ ਮਾਹਿਰ ਗਿਆਨੀ ਮਨੀ ਸਿੰਘ ਕਥਾ ਤੇ ਕੀਰਤਨ ਦੋਹਾਂ ਵਿੱਚ ਹੀ ਪ੍ਰਬੁੱਧ ਹਨ। ਦੇਸ਼ਾਂ ਵਿਦੇਸ਼ਾਂ ਦੇ ਅਨੇਕਾਂ ਗੁਰਦੁਆਰਿਆਂ ਵਿੱਚ ਸੇਵਾ ਉਪਰੰਤ ਆਪ ਜੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੁਖ ਗ੍ਰੰਥੀ ਦੀ ਸੇਵਾ ਕਰਨ ਉਪਰੰਤ ਸੇਵਾ-ਮੁਕਤ ਹੋਏ ਹਨ।

## ❀ ਵਿਸ਼ੇਸ਼-ਪੱਖ ❀

- ਪਦ-ਅਰਥ, ਅਰਥ ਤੇ ਭਾਵ ਅਰਥ
- ਡੂੰਘੇ ਰਹੱਸਾਂ ਬਾਰੇ ਜਗਿਆਸੂ-ਮਨ ਦੇ ਪ੍ਰਸ਼ਨਾਂ ਦੇ ਬਾਣੀਰਾਹੀਂ ਉੱਤਰ
- ਸ਼ੈਲੀ ਸਰਲ ਅਤੇ ਸਧਾਰਣ ਪਾਠਕ ਦੀ ਸਮਝ-ਗੋਚਰੇ
- ਪੋਥੀਆਂ ਦਾ ਆਕਾਰ ਬਹੁਤ ਪ੍ਰਭਾਵ-ਸ਼ਾਲੀ ਤੇ ਸਜਾਵਟੀ (11½' ×9'')

| | | | |
|---|---|---|---|
| ਪਹਿਲੀ ਸੈਂਚੀ – ਟੀਕਾ | ੧ ਤੋਂ ੧੫੦ ਅੰਗ, | ਭੇਟਾ ੧੦੦ ਰੁ: |
| ਦੂਜੀ ਸੈਂਚੀ – ,, | ੧੫੧ ਤੋਂ ੩੨੭ ਅੰਗ, | ਭੇਟਾ ੧੦੦ ਰੁ: |
| ਤੀਜੀ ਸੈਂਚੀ – ,, | ੩੨੭ ਤੋਂ ੪੭੫ ਅੰਗ, | ਭੇਟਾ ੧੦੦ ਰੁ: |
| ਚੌਥੀ ਸੈਂਚੀ – ,, | ੪੭੫ ਤੋਂ ੬੫੯ ਅੰਗ, | ਭੇਟਾ ੨੦੦ ਰੁ: |
| ਪੰਜਵੀਂ ਸੈਂਚੀ – ,, | ੬੬੦ ਤੋਂ ੮੫੮ ਅੰਗ, | ਭੇਟਾ ੨੦੦ ਰੁ: |

ਛੇਵੀਂ ਪੋਥੀ ਛਪ ਕੇ ਦੋ ਮਹੀਨੇ ਵਿੱਚ ਆ ਰਹੀ ਹੈ।
ਸਤਵੀਂ ਤੇ ਅਠਵੀਂ ਪੋਥੀ ਵੀ ਜਲਦੀ ਹੀ ਛਪ ਕੇ ਮੁਕੰਮਲ ਹੋ ਜਾਵੇਗੀ।

ਗਿਆਨੀ ਮਨੀ ਸਿੰਘ ਜੀ ਲਿਖਤ
## ਹੋਰ ਗੁਰਮਤਿ ਸਾਹਿਤ

| | |
|---|---|
| ਗੁਰਬਾਣੀ ਪ੍ਰਬੋਧ ਸਾਗਰ | ੮੦-੦੦ |
| ਅਨਮੋਲ ਬੋਲ | ੨੪-੦੦ |
| ਜਨਮ ਪਦਾਰਥ | ੨੦-੦੦ |
| ਨਾਮੁ ਪਦਾਰਥ | ੩੦-੦੦ |
| ਪ੍ਰੇਮ ਪਦਾਰਥ | ੨੦-੦੦ |
| ਗਿਆਨ ਪਦਾਰਥ | ੧੫-੦੦ |
| ਮੁਕਤਿ ਪਦਾਰਥ | ੧੫-੦੦ |
| ਸੇਵਾ ਚਮਤਕਾਰ | ੨੦-੦੦ |
| ਅਨਮੋਲ ਰੁਬਾਈਆਂ | ੮-੦੦ |
| ਹੰਸਾਂ ਦੇ ਵਿਚਾਰ ਦਰਪਣ | ੮-੦੦ |
| ਮੁਨੀ ਜਨਾਂ ਦੇ ਵਿਚਾਰ ਸੋਮੇਂ | ੮-੦੦ |
| ਜਪੁਜੀ ਸਾਹਿਬ ਸਟੀਕ | ੧੫-੦੦ |
| ਸੁਖਮਨੀ ਸਾਹਿਬ ਸਟੀਕ | ੩੦-੦੦ |
| ਮੇਰਾ ਜੀਵਨ ਸਫ਼ਰ (ਦੋ ਭਾਗ) | ਛਪਾਈ-ਅਧੀਨ |

www.AKJ.Org

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ । ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

| | |
|---|---|
| ਸੰਮਤ ਬਿਕ੍ਰਮੀ | ੨੦੪੮ |
| ਸੰ: ਨਾਨਕਸ਼ਾਹੀ | ੫੨੩ |
| ਸੰਮਤ ਖ਼ਾਲਸਾ | ੨੯੩ |
| ਸੰਮਤ ਸ਼ਾਕਾ | ੧੯੧੩ |

# ਫ਼ਰਵਰੀ ੯੨
## FEBRUARY 92

| | |
|---|---|
| ਸੰਗਰਾਂਦ | ੧੩ ਫ਼ਰਵਰੀ |
| ਪੂਰਨਮਾਸ਼ੀ | ੧੮ ਫ਼ਰਵਰੀ |
| ਮਸਿਆ | ੩ ਫ਼ਰਵਰੀ |
| ਪੰਚਮੀ | ੯ ਫ਼ਰਵਰੀ |

| | | | | | |
|---|---|---|---|---|---|
| ਐਤ SUNDAY | | ੨ ੨੦ ਮਾਘ ਮਾਘ ਵਦੀ ੧੪ | ੯ ੨੭ ਮਾਘ ਮਾਘ ਸੁਦੀ ੫ | ੧੬ ੪ ਫਗਣ ਮਾਘ ਸੁਦੀ੧੩ | ੨੩ ੧੧ ਫਗਣ ਫਗਣ ਵਦੀ ੬ |
| ਸੋਮ MONDAY | | ੩ ੨੧ ਮਾਘ ਮਸਿਆ | ੧੦ ੨੮ ਮਾਘ ਮਾਘ ਸੁਦੀ੬ | ੧੭ ੫ ਫਗਣ ਮਾਘ ਸੁਦੀ੧੪ | ੨੪ ੧੨ ਫਗਣ ਫਗਣ ਵਦੀ ੭ |
| ਮੰਗਲ TUESDAY | | ੪ ੨੨ ਮਾਘ ਮਾਘ ਸੁਦੀ ੧ | ੧੧ ੨੯ ਮਾਘ ਮਾਘ ਸੁਦੀ ੭ | ੧੮ ੬ ਫਗਣ ਪੂਰਨਮਾਸ਼ੀ | ੨੫ ੧੩ ਫਗਣ ਫਗਣ ਵਦੀ ੮ |
| ਬੁਧ WEDNESDAY | | ੫ ੨੩ ਮਾਘ ਮਾਘ ਸੁਦੀ ੨ | ੧੨ ੩੦ ਮਾਘ ਮਾਘ ਸੁਦੀ ੮ | ੧੯ ੭ ਫਗਣ ਫਗਣ ਵ:੧-੨ | ੨੬ ੧੪ ਫਗਣ ਫਗਣ ਵਦੀ੯ |
| ਵੀਰ THURSDAY | | ੬ ੨੪ ਮਾਘ ਮਾਘ ਸੁਦੀ ੩ | ੧੩ ੧ ਫਗਣ ਮਾਘਸੁ:੯-੧੦ | ੨੦ ੮ ਫਗਣ ਫਗਣ ਵਦੀ ੩ | ੨੭ ੧੫ ਫਗਣ ਫਗਣ ਵਦੀ੧੦ |
| ਸ਼ੁਕਰ FRIDAY | | ੭ ੨੫ ਮਾਘ ਮਾਘ ਸੁਦੀ ੪ | ੧੪ ੨ ਫਗਣ ਮਾਘ ਸੁਦੀ ੧੧ | ੨੧ ੯ ਫਗਣ ਫਗਣ ਵਦੀ ੪ | ੨੮ ੧੬ ਫਗਣ ਫਗਣ ਵ: ੧੧ |
| ਸ਼ਨੀ SATURDAY | ੧ ੧੯ ਮਾਘ ਮਾਘ ਵਦੀ੧੩ | ੮ ੨੬ ਮਾਘ ਮਾਘ ਸੁਦੀ੪ | ੧੫ ੩ ਫਗਣ ਮਾਘ ਸੁਦੀ੧੨ | ੨੨ ੧੦ ਫਗਣ ਫਗਣ ਵਦੀ ੫ | ੨੯ ੧੭ ਫਗਣ ਫਗਣ ਵ:੧੧ |

## ਗੁਰਪੁਰਬ, ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਪਾ: ੭ ਅਵਤਾਰ ਧਾਰਿਆ | ੧੬ ਫ਼ਰਵਰੀ |
| ਬਸੰਤ ਪੰਚਮੀ | ੯ ਫ਼ਰਵਰੀ |
| ਜਨਮ ਭਗਤ ਰਵਿਦਾਸ ਜੀ | ੧੮ ਫ਼ਰਵਰੀ |
| ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ) | ੧੮ ਫ਼ਰਵਰੀ |
| ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੨੧ ਫ਼ਰਵਰੀ |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ

### ਨਾਵਾਂ ਤੇ ਥਾਵਾਂ ਦਾ ਕੋਸ਼

ਮਾਸਟਰ ਮਹਿਤਾਬ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ-ਮਈ ਬਾਣੀ ਦੇ ਡੂੰਘੇ ਰਹੱਸਾਂ ਨਾਲ ਜੁੜਨ ਲਈ ਮੁੱਢਲੀ ਕਿਤਾਬ—ਜਿਸ ਵਿੱਚ ਬਾਣੀ ਵਿੱਚ ਆਏ ਇਤਿਹਾਸਕ ਵਿਅਕਤੀਆਂ ਤੇ ਥਾਵਾਂ ਬਾਰੇ ਪਰਮਾਣਿਕ ਜਾਣਕਾਰੀ ਅੰਕਿਤ ਹੈ। ਵੱਡੇ ਅਕਾਰ ਵਿੱਚ, ੫੦-੦੦

### ਭਗਤੀ ਤੇ ਸ਼ਕਤੀ

ਡਾ. ਤਾਰਨ ਸਿੰਘ

ਸਿੱਖ ਧਰਮ ਦੇ ਮੂਲ ਸੰਕਲਪਾਂ ਦੀ ਅਮਿਓਂ ਰਸ ਭਿੰਜੀ ਵਿਆਖਿਆ, ਜੋ ਪਾਠਕ ਦੀ ਰੂਹ ਨੂੰ ਸਰਸ਼ਾਰ ਵੀ ਕਰਦੀ ਹੈ ਤੇ ਉਸਦੇ ਗਿਆਨ ਦਾ ਵਿਸਤਾਰ ਵੀ। ਸੁੰਦਰ ਰੂਪ ਵਿੱਚ, ੫੦ ਰੁਪਏ

ਗੋਵਿੰਦ ਸਿੰਘ ਨਿਰਮਲ ਉਦਾਸੀ ਕ੍ਰਿਤ

### ਇਤਿਹਾਸ ਗੁਰੂ ਖ਼ਾਲਸਾ

(ਅਨੁ: ਸੰਪਾ: ਪ੍ਰਿਥੀਪਾਲ ਸਿੰਘ ਕਪੂਰ)

ਗੁਰੂ ਨਾਨਕ ਸਾਹਿਬ ਤੋਂ ਸਿੱਖ ਮਿਸਲਾਂ ਤੱਕ ਦੇ ਸਿੱਖ-ਇਤਿਹਾਸ ਦਾ ਅਨੁਵਾਦਿਤ ਸੰਸਕਰਣ, ਜੋ ਇਕ ਨਿਰਮਲੇ-ਉਦਾਸੀ ਵਿਦਵਾਨ ਵੱਲੋਂ ੧੯੨੫ ਵਿੱਚ ਲਿਖਿਆ ਗਿਆ ਸੀ।

ਵੱਡੇ ਅਕਾਰ ਤੇ ਸੋਹਣੀ ਦਿੱਖ ਵਿੱਚ, ੧੬੦ ਰੁਪਏ

### ਗੁਰ-ਸੰਦੇਸ਼

ਡਾ. ਰਤਨ ਸਿੰਘ ਜੱਗੀ

ਗੁਰੂ ਸਾਹਿਬ ਦੇ ਮਾਨਵ-ਕਲਿਆਣਕਾਰੀ ਉਪਦੇਸ਼ਾਂ ਦੀ ਪ੍ਰਭਾਵਸ਼ਾਲੀ ਵਿਆਖਿਆ।

ਮੁੱਲ ੪੦ ਰੁਪਏ

### ਗੁਰਮਤੀ ਕਦਰਾਂ

ਪ੍ਰੋ. ਗੁਰਮੁਖ ਸਿੰਘ

ਗੁਰਮਤਿ ਦੀਆਂ ਸਰਵੁੱਚ ਕਦਰਾਂ-ਕੀਮਤਾਂ ਦੀ ਵਿਆਖਿਆ, ਜੋ ਮਾਦੀ ਦੁਨੀਆ ਦੇ ਤਪਦੇ ਹਿਰਦਿਆਂ ਵਿੱਚ ਠੰਢ ਵਰਤਾਂਦੀਆਂ ਹਨ।

ਮੁੱਲ ੪੦ ਰੁਪਏ

### ਗੁਰੂ ਕੀਆਂ ਸਾਖੀਆਂ

(ਸੰ: ਪਿਆਰਾ ਸਿੰਘ ਪਦਮ)

ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਦਾ ਭੱਟ-ਵਹੀਆਂ 'ਤੇ ਆਧਾਰਿਤ ਸਿਲਸਲੇਵਾਰ ਸੰਮਤ-ਮਿਤੀਆਂ ਸਹਿਤ ਇਤਿਹਾਸ, ਜੋ ਗੁਰ-ਇਤਿਹਾਸ ਦੀਆਂ ਅਨੇਕਾਂ ਗੁੰਝਲਾਂ ਹੱਲ ਕਰਦਾ ਹੈ। ਸੁੰਦਰ ਰੂਪ, ੫੦ ਰੁਪਏ

### ਬਚਿਤ੍ਰ ਨਾਟਕ ਸਟੀਕ

ਟੀਕਾਕਾਰ ਜੇ. ਪੀ. ਸੰਗਤ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦੀ 'ਅਪਨੀ ਕਥਾ' ਸੁਖੇਨ ਟੀਕੇ ਸਹਿਤ।

ਪੇਪਰ-ਬੈਕ ੨੦-੦੦ ਡੀਲਕਸ ੫੦-੦੦

ਪੁਸਤਕਾਂ ਮੰਗਵਾਣ ਦਾ ਪਤਾ– **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S.C.O. 98 ਸਿਟੀ ਸੈਂਟਰ ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫ਼ੋਨ 43965

www.AKJ.Org

## ...ਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ

(ਦੌਲਤ ਰਾਏ ਦੀਆਂ ਨਜ਼ਰਾਂ ਵਿਚ)

...ਖਣੀ ਵਲਵਲੇ ਭਰਪੂਰ ਹੈ, ਸ਼ਰਧਾ ਤੇ ...ਰ-ਭਰਪੂਰ ਹੈ । ਲਾ: ਦੌਲਤ ਰਾਏ ਨੇ ...ੀ ਦੇ ਜੀਵਨ ਦੇ ਵਧ ਤੋਂ ਵਧ ਪੱਖਾਂ ਨੂੰ ...ਮਿਹਨਤ ਦੇ ਨਾਲ ਚਿਤਰਿਆ ਹੈ। ਲਾਲਾ ... ਗੁਰੂ ਜੀ ਦੇ ਜੀਵਨ ਦੀਆਂ ਕਈ ...ਵਾਂ ਨੂੰ ਇਸ ਨਿਰਭੈਤਾ ਨਾਲ ਲਿਖਿਆ ...ਪੜ੍ਹ ਕੇ ਸਤਿਕਾਰ ਨਾਲ ਸਿਰ ਝੁਕ ਜਾਂਦਾ

ਪੰਜਾਬੀ ੧੦-੦੦

੧੦-੦੦, ਉਰਦੂ ੯-੦੦ ਅੰਗ੍ਰੇਜ਼ੀ ੧੦-੦੦

## ਸਰਵੋਤਮ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ...ਰਵੋਤਮ ਧਰਮ : ਖਾਲਸਾ ਪੰਥ

...ਤ ਆਚਾਰਯ ਵੇਦ-ਸ਼ਾਸਤਰੀ ਸਵਾਮੀ ...ਤੀਰਥ ਦੰਡੀ ਸੰਨਿਆਸੀ ਲਿਖਤ ਦੋ ਲੇਖਾਂ ...ਗ੍ਰੰਥ ਜਿਨ੍ਹਾਂ ਵਿਚ ਅਨੇਕਾਂ ਹਵਾਲਿਆਂ ...ਲਨਾਵਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਤੇ ...ਾ ਪੰਥ ਦੀ ਸਰਵੋਤਮਤਾ ਨੂੰ ਦ੍ਰਿੜ੍ਹਾਇਆ ... ਹੈ। ਪੰਨੇ ੧੨੦, ਭੇਟਾ ਕੇਵਲ ੪-੦੦

## ਸ੍ਰੀ ਹੇਮਕੁੰਟ ਦਰਸ਼ਨ

...ਤਾਰਾ ਸਿੰਘ ਜੀ ਦੀ ਇਹ ਛੋਟੀ ਜਿਹੀ ...ਮ ਰਚਨਾ ਆਪਣੀ ਭਾਂਤ ਦੀ ਇਕੋ ਇਕ ...ਕ ਹੈ, ਜੋ ਸ੍ਰੀ ਹੇਮਕੁੰਟ ਦੇ ਪਵਿੱਤਰ ਅਸਥਾਨ ...ਖ ਵੱਖ ਪੱਖਾਂ ਤੋਂ ਸਾਡੇ ਸਾਹਮਣੇ ਲਿਆਉਂਦੀ

ਪੰਜਾਬੀ ੩ ੦੦, ਹਿੰਦੀ ੩-੦੦

ਅੰਗਰੇਜ਼ੀ ੩-੦੦

...ੁਆਰਾ ਪਾ: ੬ ਸ੍ਰੀ ਨਗਰ ਦੇ ਦਰਸ਼ਨ ਅਤੇ

## ਸਮਾਜ ਸੁਧਾਰ

...ਕਰਤਾਰ ਸਿੰਘ ਜੀ ਕੋਮਲ ਲਿਖਤ ਪੁਸਤਕ ...ਗੁ: ਪਾ: ਛੇਵੀਂ ਨੂੰ ਮਹੰਤ-ਸ਼ਾਹੀ ਤੋਂ ਮੁਕਤ ...ਉਣ ਲਈ ਘੋਲ ਅਤੇ ਸਮਾਜ ਸੁਧਾਰ ਦੇ ਵਖ ...ਪਹਿਲੂਆਂ ਤੇ ਖੋਜ ਭਰੀ ਵਾਕਫ਼ੀ ਦਿਤੀ ਹੋਈ

ਮੁੱਲ ੨੫-੦੦, ਲਾ: ਐ: ੩੦-੦੦

## ਮੂਲ ਮੰਤਰ ਫਿਲਾਸਫ਼ੀ

(ਗਿਆਨੀ ਕਰਤਾਰ ਸਿੰਘ ਸਰਹੱਦੀ)

ਇਸ ਪੁਸਤਕ ਵਿਚ ਗੁਰਮਤਿ ਦ੍ਰਿੜਾਏ ਬ੍ਰਹਮ-ਸਰੂਪ ਦੀ ਸਰਲ ਤੇ ਪ੍ਰਭਾਵਸ਼ਾਲੀ ਵਿਆਖਿਆ ਕੀਤੀ ਗਈ ਹੈ। ਪੁਸਤਕ ਦੇ ਦੂਸਰੇ ਭਾਗ ਵਿਚ ਬਾਰਹਮਾਹ ਮਾਝ ਦੀ ਅਗੰਮੀ ਤੇ ਰਹੱਸਮਈ ਕਥਾ ਵੀ ਦਰਜ ਹੈ।

ਵੱਡਾ ਸਾਈਜ਼, ਸਜਿਲਦ, ਭੇਟਾ ੮੧ ਰੁਪਏ

## ਸਿੱਖ ਧਰਮ ਤੇ ਮਾਸ ਸ਼ਰਾਬ

ਸ: ਜੇ. ਪੀ. ਸੰਗਤ ਸਿੰਘ ਜੀ ਨੇ ਇਸ ਪੁਸਤਕ ਵਿਚ ਗੁਰਮਤਿ ਦੀ ਰੋਸ਼ਨੀ ਵਿਚ ਗੁਰਬਾਣੀ ਤੇ ਗੁਰ-ਇਤਿਹਾਸ ਦੇ ਆਧਾਰ ਤੇ ਬੜੇ ਸੁਚੱਜੇ ਢੰਗ ਨਾਲ ਸਿਧ ਕੀਤਾ ਹੈ ਕਿ ਮਾਸ ਤੇ ਸ਼ਰਾਬ ਦੀ ਸਿੱਖ ਧਰਮ ਵਿਚ ਕੀ ਥਾਂ ਹੈ ?

ਸਜਿਲਦ ੧੦-੦੦

## ਗੁਰਬਾਣੀ ਸੰਖਿਆ ਕੋਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੰਕਤਿਆਂ ਵਾਲੀਆਂ ਤੁਕਾਂ ਦੇ ਸਰਲ ਅਰਥ ਇਸ ਕੋਸ਼ ਵਿਚ ਦਿਤੇ ਗਏ ਹਨ।

ਸਜਿਲਦ ੪-੫੦

## ਬੱਬਰ ਅਕਾਲੀ ਲਹਿਰ

(ਭਾ: ਸੁੰਦਰ ਸਿੰਘ ਬੱਬਰ ਤੇ ਗਿ: ਹੀਰਾ ਸਿੰਘ ਦਰਦ) ਬੱਬਰ ਲਹਿਰ ਦੇ ਸੂਰਬੀਰ ਯੋਧਿਆਂ ਤੇ ਅਮਰ ਸ਼ਹੀਦਾਂ ਦੇ ਖ਼ੂਨ ਉਬਾਲਣ ਵਾਲੇ ਸਹੀ ਹਾਲਾਤ। ਬੱਬਰਾਂ ਦੀ ਨਿਡਰਤਾ, ਬਹਾਦਰੀ, ਸਚਾਈ, ਦੇਸ਼ ਭਗਤੀ, ਕੁਰਬਾਨੀ ਤੇ ਉਚੇ ਆਚਰਨ ਦੇ ਮੂੰਹ-ਬੋਲਦੇ ਚਿਤਰ ਜਿਨ੍ਹਾਂ ਨੇ ਜ਼ੁਲਮ ਦੇ ਥੰਮ੍ਹ ਹਿਲਾ ਦਿਤੇ।

ਵਧੀਆ ਜਿਲਦ ਸਮੇਤ ੧੬-੫੦

## ਪ੍ਰੇਮ ਮਈ ਬੇਨਤੀ

ਵਾਹਿਗੁਰੂ ਸਾਡਾ ਸੱਚਾ ਪਿਤਾ ਹੈ ਤੇ ਅਸੀਂ ਸਾਰੇ ਉਸ ਦੇ ਬਾਲਕ ਹਾਂ। ਇਹ ਗੁਟਕਾ ਹੈ ਅਸਾਂ ਬਾਲਕਾਂ ਲਈ। ਇਸ ਵਿਚ ਪ੍ਰਭੂ ਪਿਤਾ ਪਾਸ ਪ੍ਰੇਮ-ਮਈ ਬੇਨਤੀ ਦੇ ੧੫੨ ਸ਼ਬਦ ਹਨ।

ਸਜਿਲਦ ੪-੫੦

## ਬਲੁ ਹੋਆ ਬੰਧਨ ਛੁਟੇ

ਬਲਬੀਰ ਸਿੰਘ ਸੰਧੂ ਅਤੇ ਚਰਨ ਸਿੰਘ ਗਿਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਵਖ ਵਖ ਪਖਾਂ ਤੋਂ ਬੜੇ ਸੁਖੈਨ ਰੂਪ ਵਿਚ ੧੦ ਪ੍ਰਸੰਗਾਂ ਰਾਹੀਂ ਪੇਸ਼ ਕੀਤਾ ਹੈ। ਲਿਖਣ ਢੰਗ ਅਤੇ ਬੋਲੀ ਇੰਨੀ ਸਪਸ਼ਟ ਹੈ ਕਿ ਪੁਸਤਕ ਅਗੇ ਪੜ੍ਹਨ ਨੂੰ ਜੀਅ ਕਰਦਾ ਹੈ।

ਭੇਟਾ ੨੦)

## ਰਤੇ ਇਸ਼ਕ ਖੁਦਾਇ

ਸ: ਦਾਨ ਸਿੰਘ ਕੋਮਲ ਨੇ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਅਤੇ ਸ਼ਹੀਦੀ ਸਾਕਿਆਂ ਨੂੰ ਸਰਲ ਕਵਿਤਾਵਾਂ ਵਿਚ ਬੜੀ ਖ਼ੂਬੀ ਨਾਲ ਮਿਠੀ ਬੋਲੀ ਵਿਚ ਪੇਸ਼ ਕੀਤਾ ਹੈ।

ਸ: ਵਿਧਾਤਾ ਸਿੰਘ ਜੀ ਤੀਰ ਲਿਖਦੇ ਹਨ—

ਮੈਨੂੰ ਮਾਣ ਹੈ ਕਿ ਮੇਰਾ ਸ਼ਿਸ਼ 'ਕੋਮਲ' ਕੋਮਲ ਨਾਮ ਵਾਲਾ, ਕੋਮਲ ਦਿਲ ਵਾਲਾ, ਪਵਿੱਤ੍ਰ ਭਾਵਨਾ ਨਾਲ, ਸਿਖੀ ਦੀ, ਪੰਥ ਦੀ ਤੇ ਦੇਸ਼ ਦੀ ਸੇਵਾ ਆਪਣੀ ਕਲਮ-ਕਲਾ ਰਾਹੀਂ ਕਰ ਰਿਹਾ ਹੈ !

ਸਫ਼ੇ ੧੪੪, ਸੁੰਦਰ ਜਿਲਦ, ਭੇਟਾ ੧੦-੦੦

## ਕਲਗੀ ਦੀਆਂ ਅਣੀਆਂ

ਪੰਜਾਬੀ ਦੇ ਸੁਪ੍ਰਸਿਧ ਕਹਾਣੀਕਾਰ ਸੁਜਾਨ ਸਿੰਘ ਨੇ ਕਲਗੀਧਰ ਪਾਤਸ਼ਾਹ ਦੀਆਂ ਜੀਵਨ-ਸਾਖੀਆਂ ਨੂੰ ਯਥਾਰਥਕ ਢੰਗ ਨਾਲ ਸ਼ਰਧਾ ਸਹਿਤ ਅੰਕਿਤ ਕੀਤਾ ਹੈ। ਕਹਾਣੀ-ਕਲਾ ਪੱਖੋਂ ਉੱਤਮ ਇਹ ਕਹਾਣੀਆਂ ਸਤਿਗੁਰੂ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਨੇੜਿਓਂ ਦਰਸ਼ਨ ਕਰਨ ਵਿਚ ਸਹਾਈ ਹੁੰਦੀਆਂ ਹਨ।

ਸਜਿਲਦ ੧੫-੦੦

## ਅਮਰ-ਗੁਰ ਰਿਸ਼ਮਾਂ

ਪ੍ਰਿੰ: ਸੁਜਾਨ ਸਿੰਘ ਜੀ ਨੇ "ਅਮਰ ਗੁਰ ਰਿਸ਼ਮਾਂ" ਵਿਚ ਗੁਰੂ ਅਮਰਦਾਸ ਜੀ ਦੀਆਂ ਜੀਵਨ-ਸਾਖੀਆਂ ਨੂੰ ਬੜੇ ਸੁਚੱਜੇ ਤੇ ਸੁਆਦਲੇ ਢੰਗ ਨਾਲ ਪੇਸ਼ ਕੀਤਾ ਹੈ। ਪੁਸਤਕ ਪੜ੍ਹ ਕੇ ਪਾਠਕ ਦਾ ਸੀਸ ਅਦਬ ਨਾਲ ਝੁਕ ਜਾਂਦਾ ਹੈ।

ਸਜਿਲਦ ੬-੦੦

## ਗਿਆਨੀ ਤ੍ਰਿਲੋਕ ਸਿੰਘ ਰਚਿਤ

### ਇਤਿਹਾਸਕ ਨਾਵਲ

| | |
|---|---|
| ਗੁਰਦਾਸ ਨੰਗਲ ਦੇ ਸ਼ਹੀਦ | ੧੨-੦੦ |
| ਮਹਾਰਾਣੀ ਜਿੰਦਾਂ | ੧੫-੦੦ |
| ਮਹਾਰਾਣੀ ਚੰਦ ਕੌਰ | ੧੦-੦੦ |
| ਸਿੱਖ ਰਾਜ ਦੀਆਂ ਸ਼ਾਮਾਂ | ੧੫-੦੦ |
| ਭਾਈ ਤਾਰੂ ਸਿੰਘ ਸ਼ਹੀਦ | ੯-੦੦ |
| ਭਾਈ ਮਨੀ ਸਿੰਘ ਸ਼ਹੀਦ | ੯-੦੦ |
| ਜੰਗ ਚਮਕੌਰ | ੯-੦੦ |
| ਮਾਛੀਵਾੜਾ | ੯-੦੦ |
| ਮੁਕਤਸਰ | ੧੦-੦੦ |
| ਭਾਈ ਘਨਈਆ ਜੀ | ੯-੦੦ |
| ਲਹੂ ਸ਼ਹੀਦਾਂ ਦਾ | ੧੬-੦੦ |
| ਗੁਰੂ ਕਾ ਬਾਗ | ੧੦-੦੦ |
| ਸ਼ਹੀਦ ਸਿੰਘਣੀਆਂ | ੧੦-੦੦ |
| ਭਾਈ ਲਾਲੋ ਜੀ | ੧੦-੦੦ |
| ਦੁਖ ਭੰਜਨੀ | ੧੫-੦੦ |
| ਭਗਤ ਸਿੰਘ ਸ਼ਹੀਦ | ੨੦-੦੦ |
| ਜਲ੍ਹਿਆਂ ਵਾਲਾ ਬਾਗ | ੧੫-੦੦ |
| ਹਰਿਮੰਦਰ ਸਾਹਿਬ | ੧੦-੦੦ |
| ਯੁਧ ਭੰਗਾਣੀ | ੧੦-੦੦ |
| ਮਾਤਾ ਗੁਜਰੀ ਜੀ | ੧੫-੦੦ |
| ਸ਼ਮਸ਼ੇਰ ਕੌਰ | ੧੨-੦੦ |
| ਬਹਾਦਰ ਸਦਾ ਕੌਰ | ੧੫-੦੦ |
| ਅਣਖੀਲਾ ਜਰਨੈਲ | ੨੦-੦੦ |
| ਗੋਲੀ ਚਲਦੀ ਗਈ | ੩੫-੦੦ |
| ਬਹਾਦਰ ਸ਼ਰਨ ਕੌਰ | ੨੦-੦੦ |

## ਗਿਆਨੀ ਅਮਰ ਸਿੰਘ ਲਿਖਤ

| | |
|---|---|
| ਬਾਬਾ ਬੁੱਢਾ ਜੀ | ੧੦-੦੦ |
| ਬਹਾਦਰ ਬਘੇਲ ਕੌਰ | ੧੫-੦੦ |
| ਭਾਈ ਮੰਝ ਜੀ | ੧੦-੦੦ |
| ਪੂਰੇ ਗੁਰ ਕੀ ਵਡਿਆਈ | ੨੫-੦੦ |
| ਆਤਮਾ ਦੀ ਪੁਕਾਰ | ੨੦-੦੦ |
| ਬ੍ਰਹਮ ਗਿਆਨੀ ੨੦-੦੦ ਸੌਦੀ ਪਾਤਸ਼ਾਹ | ੧੦-੦੦ |
| ਕਲਜੁਗ ੨੦-੦੦ ਬੀਬੀ ਰਜਨੀ | ੧੦-੦੦ |

www.AKJ.Org

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

| | |
|---|---|
| ਸੰਮਤ ਬਿਕ੍ਰਮੀ | ੨੦੪੮ |
| ਸ: ਨਾਨਕਸ਼ਾਹੀ | ੫੨੩ |
| ਸੰਮਤ ਖ਼ਾਲਸਾ | ੨੯੩ |
| ਸੰਮਤ ਸ਼ਾਕਾ ੧੯੧੩-੧੪ | |

# ਮਾਰਚ ੯੨
# MARCH 92

| | |
|---|---|
| ਸੰਗਰਾਂਦ | ੧੪ ਮਾਰਚ |
| ਪੂਰਨਮਾਸ਼ੀ | ੧੮ ਮਾਰਚ |
| ਮਸਿਆ | ੪ ਮਾਰਚ |
| ਪੰਚਮੀ | ੯ ਮਾਰਚ |

| | | | | | |
|---|---|---|---|---|---|
| ਐਤ SUNDAY | ੧ ੧੮ ਫਗਣ ਫਗਣ ਵ:੧੨ | ੮ ੨੫ ਫਗਣ ਫਗਣ ਸੁ: ੪ | ੧੫ ੨ ਚੇਤਰ ਫਗਣ ਸੁ:੧੧ | ੨੨ ੯ ਚੇਤਰ ਚੇਤਰ ਵ: ੪ | ੨੯ ੧੬ ਚੇਤਰ ਚੇਤਰ ਵ: ੧੧ |
| ਸੋਮ MONDAY | ੨ ੧੯ ਫਗਣ ਫਗਣ ਵ: ੧੩ | ੯ ੨੬ ਫਗਣ ਫਗਣ ਸੁ: ੫ | ੧੬ ੩ ਚੇਤਰ ਫ:ਸੁ:੧੨-੧੩ | ੨੩ ੧੦ ਚੇਤਰ ਚੇਤਰ ਵ: ੫ | ੩੦ ੧੭ ਚੇਤਰ ਚੇਤਰ ਵ:੧੨ |
| ਮੰਗਲ TUESDAY | ੩ ੨੦ ਫਗਣ ਫਗਣਵ:੧੪ | ੧੦ ੨੭ ਫਗਣ ਫਗਣਸੁ: ੬ | ੧੭ ੪ ਚੇਤਰ ਫਗਣ ਸੁ:੧੪ | ੨੪ ੧੧ ਚੇਤਰ ਚੇਤਰ ਵ: ੬ | ੩੧ ੧੮ ਚੇਤਰ ਚੇਤਰ ਵ: ੧੨ |
| ਬੁਧ WEDNESDAY | ੪ ੨੧ ਫਗਣ ਮਸਿਆ | ੧੧ ੨੮ ਫਗਣ ਫਗਣ ਸੁ: ੭ | ੧੮ ੫ ਚੇਤਰ ਪੂਰਨਮਾਸ਼ੀ | ੨੫ ੧੨ ਚੇਤਰ ਚੇਤਰ ਵ: ੭ | ※ |
| ਵੀਰ THURSDAY | ੫ ੨੨ ਫਗਣ ਫਗਣ ਸੁ:੧ | ੧੨ ੨੯ ਫਗਣ ਫਗਣ ਸੁ: ੮ | ੧੯ ੬ ਚੇਤਰ ਚੇਤਰ ਵ: ੧ | ੨੬ ੧੩ ਚੇਤਰ ਚੇਤਰ ਵ: ੮ | ※ |
| ਸ਼ੁਕਰ FRIDAY | ੬ ੨੩ ਫਗਣ ਫਗਣ ਸੁ: ੨ | ੧੩ ੩੦ ਫਗਣ ਫਗਣ ਸੁ: ੯ | ੨੦ ੭ ਚੇਤਰ ਚੇਤਰ ਵ: ੨ | ੨੭ ੧੪ ਚੇਤਰ ਚੇਤਰ ਵ: ੯ | ※ |
| ਸ਼ਨੀ SATURDAY | ੭ ੨੪ ਫਗਣ ਫਗਣ ਸੁ: ੩ | ੧੪ ੧ ਚੇਤਰ ਫਗਣ ਸੁ:੧੦ | ੨੧ ੮ ਚੇਤਰ ਚੇਤਰ ਵ: ੩ | ੨੮ ੧੫ ਚੇਤਰ ਚੇਤਰ ਵ:੧੦ | ※ |

## ਛੁੱਟੀਆਂ ਤੇ ਦਿਨ ਦਿਹਾਰ

| | |
|---|---|
| ਸ਼ਿਵਰਾਤ੍ਰੀ | ੩ ਮਾਰਚ |
| ਹੋਲ ਮਹੱਲਾ | ੧੯ ਮਾਰਚ |


## ਵਡੇ ਕੀਆਂ ਵਡਿਆਈਆਂ

ਪ੍ਰਿੰਸੀਪਲ ਸੁਜਾਨ ਸਿੰਘ

ਇਸ ਵਿਚ ਗੁਰੂ-ਬਾਬੇ ਨਾਨਕ ਦੀਆਂ ਜੀਵਨ-ਸਾਖੀਆਂ ਬੜੀਆਂ ਰੌਚਿਕ ਤੇ ਪ੍ਰਭਾਵਸ਼ਾਲੀ ੨੦ ਕਹਾਣੀਆਂ ਆਰਾ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਨੂੰ ਪੜ੍ਹ ਕੇ ਗੁਰੂ-ਬਾਬੇ ਦੀ ਅਦੁੱਤੀ ਸ਼ਖ਼ਸੀਅਤ ਅੱਗੇ ਸਿਰ ਝੁਕ ਜਾਂਦਾ ਹੈ। ਮੁੱਲ ੩੫-੦੦

## ਵਹਿ ਉਪਜਿਓ ਮਰਦ ਕਾ ਚੇਲਾ

ਕੁਲਦੀਪ ਸਿੰਘ ਹਉਰਾ

ਕਲਗੀਧਰ ਪਾਤਸ਼ਾਹ ਦੇ ਅਦੁੱਤੀ ਜੀਵਨ ਤੇ ਕਲਿਆਣਕਾਰੀ ਉਪਦੇਸ਼ਾਂ ਸੰਬੰਧੀ ਪ੍ਰਭਾਵਸ਼ਾਲੀ ਲੇਖ-ਸੰਗ੍ਰਹਿ। ਮੁੱਲ ੩੫-੦੦

## ਹਜ਼ੂਰੀ ਲੈਕਚਰ ੧

ਮਾਨ ਸਿੰਘ ਝੌਰ

ਪ੍ਰਸਿਧ ਸਿੱਖ-ਵਕਤਾ ਦੇ ਲੇਖਾਂ ਦਾ ਅਦੁੱਤੀ ਸੰਗ੍ਰਹਿ; ਜੋ ਸਤਿਗੁਰੂ ਦੇ ਵਿਸ਼ਾਲ ਗੁਣਾਂ ਨੂੰ ਅਨੇਕਾਂ ਦ੍ਰਿਸ਼ਟਾਂਤਾਂ ਤੇ ਕਾਟਵੀਆਂ ਦਲੀਲਾਂ ਰਾਹੀਂ ਦ੍ਰਿੜਾਉਂਦਾ ਹੈ। ਮੁੱਲ ੪੦-੦੦

## ਅਰਦਾਸ
### (ਦਰਸ਼ਨ, ਰੂਪ ਤੇ ਅਭਿਆਸ)

ਡਾ. ਜਸਵੰਤ ਸਿੰਘ ਨੇਕੀ

ਵਿਦਵਾਨ ਲੇਖਕ ਨੇ ਇਸ ਪੁਸਤਕ ਵਿੱਚ ਸਿਖ ਅਰਦਾਸ ਸੰਬੰਧੀ ਦਾਰਸ਼ਨਿਕ ਤੇ ਇਤਿਹਾਸਕ ਪੱਖਾਂ ਤੋਂ ਵਿਸਤ੍ਰਿਤ ਵਿਚਾਰ ਕਰਨ ਉਪਰੰਤ ਅਰਦਾਸ ਦੀਆਂ ਮੰਜ਼ਲਾਂ ਤੇ ਮਾਨਸਿਕ ਗੁੰਝਲਾਂ ਵਰਗੇ ਅਹਿਮ ਤੇ ਸੂਖਮ ਨੁਕਤਿਆਂ 'ਤੇ ਵਿਚਾਰ ਦਰਜ ਕਰ ਕੇ ਸਿੱਖ-ਸਾਹਿਤ ਵਿੱਚ ਬੇਮਿਸਾਲ, ਠੋਸ ਤੇ ਨਿੱਗਰ ਵਾਧਾ ਕੀਤਾ ਹੈ। ਪੁਸਤਕ ਬਾਰੇ ਕੁਝ ਅਨੁਭਵੀ ਪਾਠਕਾਂ ਦੇ ਵਿਚਾਰ ਇਹ ਹਨ :

— ਇਹ ਪੁਸਤਕ ਹਰ ਸਿੱਖ ਘਰਾਣੇ ਵਿੱਚ ਪੁੱਜਣੀ ਚਾਹੀਦੀ ਹੈ।
— ਕਈ ਦਹਾਕਿਆਂ ਬਾਦ ਐਡੀ ਵਧੀਆ ਕਿਤਾਬ ਪੜ੍ਹਨ ਨੂੰ ਮਿਲੀ ਹੈ।
— ਇਸ ਪੁਸਤਕ ਦੀ ਸੇਧ ਵਿਚ ਸਿੱਖ-ਜਗਤ ਅਰਦਾਸ ਵਿੱਚ ਜੁੜ ਕੇ ਮੌਜੂਦਾ ਸੰਤਾਪ-ਸਥਿਤੀ ਤੋਂ ਮੁਕਤ ਹੋ ਸਕਦਾ ਹੈ।

ਪੰਨੇ ੩੫੭, ਵਡਾ ਸਾਈਜ਼, ਭੇਟਾ ੮੦-੦੦

## ਸਿੱਖ ਸਿਧਾਂਤ : ਸਰੂਪ ਤੇ ਸਮਰੱਥਾ

ਡਾ. ਜੋਧ ਸਿੰਘ

ਗੁਰਮਤਿ ਦੇ ਮੂਲ ਸੰਕਲਪਾਂ ਦੀ ਪ੍ਰਭਾਵਸ਼ਾਲੀ ਵਿਆਖਿਆ, ਜੋ ਭਾਰਤੀ ਪ੍ਰਸੰਗ ਵਿੱਚ ਸਿੱਖ ਧਰਮ ਦੀ ਸਰਵੁੱਚਤਾ ਨੂੰ ਵੀ ਸਥਾਪਤ ਕਰਦੀ ਹੈ। ਸੋਹਣੇ ਰੂਪ ਵਿੱਚ ੬੦ ਰੁਪਏ

## ਬਹੁ-ਮੁੱਲੇ ਇਤਿਹਾਸਕ ਲੇਖ

(ਸੰਪਾਦਕ : ਕਰਮ ਸਿੰਘ ਹਿਸਟੋਰੀਅਨ)

ਇਹ ਸੰਗ੍ਰਹਿ ਸਿੱਖ-ਇਤਿਹਾਸ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਣ ਦਾ ਪਹਿਲਾ ਵਸਤੂ-ਨਿਸ਼ਠ ਜਤਨ ਹੈ। ਪਰਮਾਣਿਕ ਹਵਾਲਿਆਂ ਨਾਲ ਭਰਪੂਰ ਇਹ ਲੇਖ ਇਤਿਹਾਸ-ਖੋਜੀਆਂ ਲਈ ਚਾਨਣ-ਮੁਨਾਰਾ ਹਨ ਅਤੇ ਨਵੇਂ ਦਿਲਚਸਪ ਵਿਚਾਰਾਂ ਨਾਲ ਭਰਪੂਰ ਹੋਣ ਕਰਕੇ ਆਮ ਪਾਠਕਾਂ ਨੂੰ ਸਿੱਖ ਇਤਿਹਾਸ ਪ੍ਰਤਿ ਜਾਗਰੂਕ ਕਰਦੇ ਹਨ। ਸੁੰਦਰ ਰੂਪ ਵਿਚ, ਭੇਟਾ ੧੨੫-੦੦

ਪੁਸਤਕਾਂ ਮੰਗਵਾਣ ਦਾ ਪਤਾ— **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S. C. O. 98. ਸਿਟੀ ਸੈਂਟਰ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫ਼ੋਨ 43965


www.AKJ.Org

*kh Gurdwaras Legislation*
*(All India Perspective)*

Dr. Kashmir Singh

contains the historical back-nd, importance and desirability e All India Sikh Gurdwaras lation. It attempts to allay the unded apprehensions that such islation will be prejudicial to nterests of any individual or of ommunity or of the country. proposed draft has been appen- to give it wider publicity.

Well-bound. Price Rs 90-00

## SIKH IDEOLOGY

Baljit Singh I.A.S. (Retd)

author compares the Sikh osophical thoughts with the emporary Religious Systems establishes most convincingly the idea of social responsi-y forms an integral part of the itual attributes of the ideal man Sikhism which lacks in other gious systems. Rs. 50/-

## HYMNS FROM
## AI GURDAS'S COMPOSITIONS
## OBIND SINGH MANSUKHANI)

volume includes 100 Hymns he renowned Sikh Scholar along a treatise on his life and ks The text of the Hymns is n Gurmukhi and Roman scirpts gwith its English translation.

Well-bound, Price Rs. 25/-

## ਪ੍ਰੋ: ਪਿਆਰਾ ਸਿੰਘ ਪਦਮ

ਪਦਮ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਗੌਰਵ-ਭਰੇ ਵਿਰਸੇ ਨੂੰ ਉਜਾਗਰ ਕਰਨ ਲਈ ਲਗਾਤਾਰ ਚਾਰ ਦਹਾਕਿਆ ਤੋਂ ਆਪਣੀ ਖੋਜ ਅਤੇ ਕਲਮ ਦੇ ਸਦਕੇ ਕਈ ਦਰਜਨਾਂ ਮਹੱਤਵ-ਪੂਰਨ ਅਨਮੋਲ ਪੁਸਤਕਾਂ ਪੰਜਾਬੀ ਜਗਤ ਨੂੰ ਭੇਟਾ ਕੀਤੀਆਂ ਹਨ। ਆਪ ਨੇ ਸਾਰੇ ਦੇਸ਼ ਦਾ ਭ੍ਰਮਣ ਕਰ ਕੇ ਦਰਜਨਾਂ ਲਾਇਬ੍ਰੇਰੀਆਂ ਵਿਚੋਂ ਸੈਂਕੜੇ ਪ੍ਰਾਚੀਨ ਹੱਥ-ਲਿਖਤਾਂ ਦਾ ਅਧਿਐਨ ਕਰ ਕੇ ਪੰਜਾਬੀ ਸਾਹਿਤ ਦੀ ਪੁਰਾਤਨ ਪਰੰਪਰਾ ਦੇ ਕਈ ਵੱਡ-ਮੁੱਲੇ ਗ੍ਰੰਥਾਂ ਦਾ ਸੰਪਾਦਨ ਕਰ ਕੇ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਪ੍ਰੋਫੈਸਰ ਪਦਮ ਉਨ੍ਹਾਂ ਵਿਰਲੇ ਵਿਦਵਾਨਾਂ ਵਿਚੋਂ ਹਨ ਜਿਨ੍ਹਾਂ ਨੇ ਸਿੱਖ ਧਰਮ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਉੱਚ ਪੱਧਰ ਦੀ ਦਾਰਸ਼ਨਿਕ ਪੱਧਰ ਦੀ ਖੋਜ ਕੀਤੀ ਹੈ। ਆਪ ਦੀਆਂ ਕੁਝ ਮਹੱਤਵਪੂਰਨ ਪੁਸਤਕਾਂ ਇਹ ਹਨ :

| | |
|---|---|
| ਗੁਰੂ ਕੀਆਂ ਸਾਖੀਆਂ | ੫੦-੦੦ |
| ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ | ੧੦੦-੦੦ |
| ਸੰਖੇਪ ਸਿੱਖ ਇਤਿਹਾਸ | ੧੦੦-੦੦ |
| ਦਸਮ ਗ੍ਰੰਥ ਦਰਸ਼ਨ | ੮੦-੦੦ |
| ਗੋਬਿੰਦ ਸਾਗਰ | ੧੦੦-੦੦ |
| ਪੰਜਾਬੀ ਵਾਰਾਂ | ੪੦-੦੦ |
| ਰਹਿਤਨਾਮੇ | ੩੦-੦੦ |
| ਜ਼ਫਰਨਾਮਾ | ੧੦-੦੦ |
| ਕਲਾਮ ਭਾਈ ਨੰਦ ਲਾਲ | ੧੨-੦੦ |
| ਪਰਚੀ ਪਾਤਸ਼ਾਹੀ ੧੦ | ੧੫-੦੦ |
| ਸਾਡੇ ਗੁਰਦੇਵ | ੧੫-੦੦ |
| ਪ੍ਰਾਚੀਨ ਪੰਜਾਬੀ ਗੱਦ | ੧੫-੦੦ |
| ਪੰਜਾਬੀ ਸਾਹਿਤ ਦੀ ਰੂਪ ਰੇਖਾ | ੧੫-੦੦ |
| ਗੁਰਮੁਖੀ ਲਿੱਪੀ ਦਾ ਇਤਿਹਾਸ | ੧੨-੦੦ |
| ਕਲਮ ਦੇ ਚਮਤਕਾਰ | ੨੦-੦੦ |
| ਕਲਮ ਦੇ ਧਨੀ (ਦੋ ਭਾਗ) | ੩੦-੦੦ |
| ਪੰਜਾਬੀ ਮਹਾਰਾਜਾ | ੧੦-੦੦ |

## ਡਾ. ਤਾਰਨ ਸਿੰਘ

ਡਾਕਟਰ ਤਾਰਨ ਸਿੰਘ ਸਿੱਖ ਧਰਮ ਦੇ ਗੰਭੀਰ ਚਿੰਤਕ ਸਨ। ਆਪ ਨੇ ਆਪਣੀ ਲੇਖਣੀ ਰਾਹੀਂ ਅਧਿਆਤਮ ਖੇਤਰ ਦੇ ਬੜੇ ਪੇਚੀਦਾ ਅਤੇ ਮਹੱਤਵ-ਪੂਰਨ ਸੰਕਲਪਾਂ ਨੂੰ ਬੜੀ ਸਰਲ ਤੇ ਸਾਦਾ ਭਾਸ਼ਾ-ਸ਼ੈਲੀ ਵਿੱਚ ਸਪੱਸ਼ਟ ਕਰਨ ਦਾ ਯਤਨ ਕੀਤਾ। ਡਾਕਟਰ ਸਾਹਿਬ ਦੀ ਲਿਖਤ ਦਾ ਮੂਲ ਆਧਾਰ ਗੁਰਬਾਣੀ ਹੈ, ਅਧਿਐਨ-ਦ੍ਰਿਸ਼ਟੀ ਸਤਿਵਾਦੀ ਤੇ ਵਿਸ਼ਲੇਸ਼ਣੀ ਹੈ। ਕਾਵਿ-ਮਈ ਉਡਾਰੀਆਂ ਉਨ੍ਹਾਂ ਦੀ ਲਿਖਤ ਨੂੰ ਰੋਚਿਕ ਤੇ ਰਸਮਈ ਬਣਾਂਦੀਆਂ ਹਨ। ਉਨ੍ਹਾਂ ਦੀ ਵਿਸ਼ਲੇਸ਼ਣ-ਵਿਧੀ ਤਾਰਕਿਕ ਹੈ, ਪਰ ਕਿਤੇ ਵੀ ਅਸ਼ਰਧਕ ਨਹੀਂ। ਆਪ ਦੀਆਂ ਮਹੱਤਵਪੂਰਨ ਲਿਖਤਾਂ ਇਹ ਹਨ :

| | |
|---|---|
| ਭਗਤੀ ਤੇ ਸ਼ਕਤੀ | ੫੦-੦੦ |
| ਸਿੱਖ ਧਰਮ ਦੇ ਰਹਿਸ ਤੇ ਰਮਜ਼ | ੪੫-੦੦ |
| ਬਾਰਹਮਾਹਾ ਦਰਪਣ | ੩੦-੦੦ |
| ਨਾਮੁ ਨਿਧਾਨੁ | ੩੦-੦੦ |
| ਨੇਮ ਤੇ ਪ੍ਰੇਮ | ੪੫-੦੦ |
| ਗੁਰ ਦੀਪਕ | ੩੦-੦੦ |
| ਸਹਿਜ ਤੇ ਅਨੰਦ | ੩੦-੦੦ |
| ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ | ੬੨-੦੦ |
| ਸ੍ਰੀ ਗੁਰੂ ਗ੍ਰੰਥ ਸਾਹਿਬਦਾ ਸਾਹਿਤਕ ਇਤਿਹਾਸ | ੬੦-੦੦ |
| ਗੁਰੂ ਨਾਨਕ ਬਾਣੀ ਪ੍ਰਕਾਸ਼ ਦੋ ਭਾਗ | ੧੫੦-੦੦ |
| ਅਨੰਦ ਜੋਤਿ ਤੇ ਜੁਗਤਿ | ੧੮-੦੦ |

## 'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ

ਇਸ ਨਿਰੋਲ ਧਾਰਮਕ ਪੱਤਰ ਵਿਚ ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਅਤੇ ਆਦਰਸ਼ਕ ਸਿੱਖੀ ਜੀਵਨ ਦੀ ਜਾਚ ਅਪਣਾਉਣ ਦੀ ਪ੍ਰੇਰਨਾ ਹੁੰਦੀ ਹੈ। ਨੌਜੁਆਨਾਂ ਨੂੰ ਕੁਸੰਗਤ ਤੋਂ ਬਚਣ ਤੇ ਸ਼ੁਭ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਮਿਲਦੀ ਹੈ। ਗੁਰਸਿਖੀ ਰਹਿਤ ਰਹਿਣੀ ਵਿਚ ਸੁਰਜੀਤ ਰਹਿ ਕੇ ਸੇਵਾ-ਸਿਮਰਨ ਲਈ ਪ੍ਰੇਰਨਾ ਮਿਲਦੀ ਹੈ।

ਸਾਲਾਨਾ ਚੰਦਾ ਭੇਜਣ ਲਈ ਪਤਾ :
'ਸੂਰਾ' ਮਾਸਕ ਪੱਤਰ
੩੯੦ ਦਸਮੇਸ਼ ਕਲਾਥ ਮਾਰਕੀਟ,
ਅਜੀਤ ਨਗਰ, ਅੰਮ੍ਰਿਤਸਰ

## ਕੀ ਤੁਹਾਡੇ

ਮਹਿਮਾਨ ਤੁਹਾਡੇ ਬਣਾਏ ਖਾਣੇ ਦੀ ਪ੍ਰਸੰਸਾ ਨਹੀਂ ਕਰਦੇ ?

## ਕੀ ਤੁਸੀਂ

ਚਾਹੁੰਦੇ ਹੋ ਕਿ ਤੁਹਾਡੇ ਬਣਾਏ ਖਾਣੇ ਮਹਿਮਾਨ ਉਂਗਲਾਂ ਟੁੱਕ-ਟੁੱਕ ਕੇ ਖਾਣ ?

## ਕੀ ਤੁਹਾਨੂੰ

